ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 43 | 01 November to 07 November October 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com







## ਇਸਲਾਮਿਕ ਸਟੇਟ ਦੇ ਅੱਤਵਾਦੀ ਨੇ ਨਿਊਯਾਰਕ 'ਚ ਕਿਰਾਏ ਦੇ ਟਰੱਕ ਨਾਲ 8 ਆਦਮੀ ਦਰੜ ਕੇ ਮਾਰੇ

### *ਹਮਲਾਵਰ ਨੂੰ ਜ਼ਖ਼ਮੀਂ ਕਰਕੇ ਜਿਉਂਦਾ ਕਾਬੂ ਕੀਤਾ*

**ਨਿਊਯਾਰਕ/ਹੁਸਨ ਲੜੋਆ ਬੰਗਾ:** ਵਿਸ਼ਵ ਦੀ ਆਰਿਥਕ ਰਾਜਧਾਨੀ ਵਜੋਂ ਜਾਣੇ ਜਾਂਦੇ ਨਿਊਯਾਰਕ ਸ਼ਹਿਰ ਦੇ ਮੈਨਹਟਨ ਇਲਾਕੇ 'ਚ ਵਾਪਰੀ ਇੱਕ ਦੁਖਦਾਈ ਵਾਰਦਾਤ ਵਿੱਚ ਇਸਲਾਮਿਕ ਸਟੇਟ ਨਾਲ ਸਬੰਧਤ ਇੱਕ ਅੱਤਵਾਦੀ ਕਿਰਾਏ ਦੇ ਟਰੱਕ ਨਾਲ 8 ਆਦਮੀ ਦਰੜ ਕੇ ਮਾਰ ਦਿੱਤੇ। ਉਸਨੇ ਸੜਕ ਕਿਨਾਰੇ ਸਾਈਕਲਾਂ ਉੱਤੇ ਅਤੇ ਪੈਦਲ ਜਾ ਰਹੇ ਲੋਕਾਂ 'ਤੇ ਟਰੱਕ ਚੜ੍ਹਾ ਦਿੱਤਾ ਜਿਸ ਨਾਲ 8 ਲੋਕਾਂ ਦੀ ਮੌਤ ਹੋ ਗਈ ਜਦੋਂ ਕਿ 10 ਤੋਂ ਵੱਧ ਜ਼ਖਮੀ ਹੋਏ।

ਸੇਫੁਲੋ ਸੈਪੋਵ ਨਾਮੀ 29 ਸਾਲਾਂ ਦੇ ਇੱਸ ਅੱਤਵਾਦੀ, ਜੋ ਟੋਂਪਾ ਫਲੋਰੀਡਾ ਦਾ ਵਸਨੀਕ ਦੱਸਿਆ ਗਿਆ ਹੈ, ਨੇ ਮੈਨਹਟਨ ਇਲਾਕੇ ਚ ਮੰਗਲਵਾਰ ਬਾਅਦ ਦੁਪਿਹਰ ਹੋਮ ਡੀਪੂ ਤੋਂ ਇੱਕ ਛੋਟਾ ਟਰੱਕ ਕਿਰਾਏ ਲੈ ਕੇ ਇਸ ਘਿਣਾਉਣੀ ਕਾਰਵਾਈ ਨੂੰ ਇੰਜਾਮ ਦਿੱਤਾ। ਇਸ ਟਰੱਕ ਨਾਲ ਉਸਨੇ


ਅੱਤਵਾਦੀ ਦੁਆਰਾ ਵਰਤਿਆ ਗਿਆ ਟਰੱਕ, (ਇਨਸੈੱਟ) ਅੱਤਵਾਦੀ ਸੇਫੁਲੋ ਸੈਪੋਵ

ਕਿਸੇ ਵੀ ਰਾਹ ਜਾਂਦੇ ਨੂੰ ਨਹੀਂ ਬਖਸ਼ਿਆ ਤੇ ਹਰੇਕ ਨੂੰ ਦਰੜ ਕੇ ਮਾਰਨ ਦਾ ਯਤਨ ਕੀਤਾ ਜਿਸ ਕਰਕੇ ਆਖ਼ਰੀ ਖ਼ਬਰਾਂ ਮਿਲਣ ਵੇਲੇ ਤੱਕ 8 ਮੌਤਾਂ ਦੀ ਪੁਸ਼ਟੀ ਹੋ ਚੁੱਕੀ ਸੀ। ਇਹ ਘਟਨਾ ਵਰਲਡ ਟਰੇਡ ਸੈਂਟਰ ਦੇ ਨਜਦੀਕ ਵਾਪਰੀ ।

ਅੱਤਵਾਦੀ ਹਮਲਾਵਰ ਨੇ ਪਹਿਲਾਂ ਟਰੱਕ ਕੁਝ ਲੋਕਾਂ ਵਿੱਚ ਮਾਰਿਆ ਫਿਰ ਸਕੂਲ ਦੀ ਬੱਸ ਵਿੱਚ ਲਿਆ ਕੇ ਮਾਰਿਆ ਜੋ

**ਬਾਕੀ ਸਫ਼ਾ 36 'ਤੇ**

### ਗੁਰਤਾਗੱਦੀ ਦਿਵਸ ਨੂੰ ਸਮਰਪਿਤ
## 38ਵਾਂ ਨਗਰ ਕੀਰਤਨ
### 5 ਨਵੰਬਰ ਐਤਵਾਰ ਨੂੰ
### *ਯੂਬਾ ਸਿਟੀ ਵਲ ਵਹੀਰਾਂ ਘੱਤ ਕੇ ਪੁੱਜਣਗੀਆਂ ਸਿੱਖ ਸੰਗਤਾਂ*

**ਯੂਬਾ ਸਿਟੀ/ਬਿਊਰੋ ਨਿਊਜ਼:** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੱਦੀਨਸ਼ੀਨੀ ਦਿਵਸ ਸਬੰਧੀ ਇੱਥੋਂ ਦੇ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਰੋਡ ਦੇ ਪ੍ਰਬੰਧਕਾਂ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਕੱਢੇ ਜਾਣ ਵਾਲੇ ਨਗਰਵਕੀਰਤਨ ਲਈ ਤਿਆਰੀਆਂ ਜ਼ੋਰਾਂ ਉੱਤੇ ਹਨ। ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਇਹ



38ਵਾਂ ਨਗਰ ਕੀਰਤਨ 5 ਨਵੰਬਰ ਨੂੰ ਐਤਵਾਰ ਨੂੰ ਹੋਵੇਗਾ ਜਿਸ ਲਈ ਦੂਰ ਦੁਰਾਡੀਆਂ ਥਾਵਾਂ ਤੋਂ ਸੰਗਤਾਂ ਯੂਬਾ ਸਿਟੀ ਵਲ ਵਹੀਰਾਂ ਘੱਤ ਕੇ ਪੁੱਜਣਗੀਆਂ। ਇਸ ਸਬੰਧ ਵਿੱਚ ਅਖੰਡ ਪਾਠਾਂ ਦੀ ਲੜੀ, ਕੀਰਤਨ ਦਰਬਾਰ, ਕਥਾ ਤੇ ਹੋਰ ਪ੍ਰੋਗਰਾਮ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਜਾਰੀ ਹਨ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਨਗਰ ਕੀਰਤਨ ਦੇ ਪ੍ਰੋਗਰਾਮਾਂ ਸਬੰਧੀ ਦਿੱਤੀ ਲਿਖਤੀ ਜਾਣਕਾਰੀ ਅਨੁਸਾਰ

**ਬਾਕੀ ਸਫ਼ਾ 36 'ਤੇ**

## ਹਿੰਦੂ ਸੰਘਰਸ਼ ਸੈਨਾ ਦੇ ਆਗੂ ਵਿਪਨ ਸ਼ਰਮਾ ਦੀ ਹੱਤਿਆ

### *ਹਿੰਦੂ ਸੰਗਠਨਾਂ ਵਲੋਂ ਵਾਰਦਾਤ ਵਿਰੁੱਧ ਰੋਸ ਮੁਜਾਹਰੇ*

**ਅੰਮ੍ਰਿਤਸਰ/ਬਿਊਰੋ ਨਿਊਜ਼,** ਹਿੰਦੂ ਸੰਘਰਸ਼ ਸੈਨਾ ਦੇ ਆਗੂ ਵਿਪਨ ਸ਼ਰਮਾ ਦੇ ਦਿਨ ਦਿਹਾੜੇ ਹੋਏ ਕਤਲ ਦੇ ਮਾਮਲੇ ਵਿੱਚ 24 ਘੰਟੇ ਬੀਤਣ ਮਗਰੋਂ ਵੀ ਪੁਲੀਸ ਦੋਵਾਂ ਹਮਲਾਵਰਾਂ ਨੂੰ ਕਾਬੂ ਕਰਨ ਵਿੱਚ ਅਸਫਲ ਰਹੀ ਹੈ ਜਦੋਂਕਿ ਇਸ ਘਟਨਾ ਦੀ ਵੀਡੀਓ ਮੌਕੇ 'ਤੇ ਹੀ ਵਾਇਰਲ ਹੋ ਗਈ ਸੀ। ਵੀਡੀਓ ਵਿੱਚ ਇੱਕ ਹਮਲਾਵਰ ਦਾ ਚਿਹਰਾ ਸਪੱਸ਼ਟ ਦਿਖਾਈ ਦੇ ਰਿਹਾ ਸੀ। ਇਸੇ ਹਤਿਆ ਵਿਰੁਧ ਰੋਸ ਪ੍ਰਗਟ ਕਰਨ ਲਈ ਮੰਗਲਵਾਰ ਨੂੰ ਪਰਿਵਾਰ, ਸਮਰਥਕਾਂ ਅਤੇ ਹਿੰਦੂ ਜਥੇਬੰਦੀਆਂ ਵੱਲੋਂ ਵਿਪਨ ਸ਼ਰਮਾ ਦੀ ਲਾਸ਼ ਸੜਕ 'ਤੇ ਰੱਖ ਕੇ ਰੋਸ ਵਿਖਾਵਾ ਕੀਤਾ ਗਿਆ। ਵਿਖਾਵਾਕਾਰੀਆਂ ਨੇ ਸੜਕੀ ਤੇ ਰੇਲ ਆਵਾਜਾਈ ਵੀ ਰੋਕੀ। ਇਸ ਦੌਰਾਨ ਸ਼ਹਿਰ ਵਿੱਚ ਸਖ਼ਤ ਸੁਰੱਖਿਆ ਪ੍ਰਬੰਧਾਂ ਲਈ ਵੱਡੀ ਗਿਣਤੀ ਵਿੱਚ ਪੁਲੀਸ ਤਾਇਨਾਤ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਲੰਘੇ ਸੋਮਵਾਰ ਬਾਅਦ ਦੁਪਹਿਰ ਬਟਾਲਾ ਰੋਡ ਸਥਿਤ ਭਾਰਤ ਨਗਰ ਵਿੱਚ ਹਿੰਦੂ ਸੰਘਰਸ਼ ਸੈਨਾ ਦੇ ਜ਼ਿਲ੍ਹਾ ਪ੍ਰਧਾਨ ਵਿਪਨ ਸ਼ਰਮਾ ਨੂੰ ਦਿਨ ਦਿਹਾੜੇ ਦੋ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਸੀ। ਇਹ ਘਟਨਾ ਇੱਥੇ ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ ਅਤੇ ਪਲਾਂ ਵਿੱਚ ਹੀ ਵਾਇਰਲ ਹੋ ਗਈ। ਜਿਸ ਵੇਲੇ ਇਹ ਘਟਨਾ ਵਾਪਰੀ, ਵਿਪਨ ਸ਼ਰਮਾ ਮੋਟਰਸਾਈਕਲ ਉਤੇ ਆਪਣੇ ਘਰ ਪ੍ਰੀਤ ਨਗਰ ਲਈ ਰਵਾਨਾ ਹੋ ਰਿਹਾ ਸੀ। ਇਸ ਦੌਰਾਨ 2 ਸਿੱਖ



**ਬਾਕੀ ਸਫ਼ਾ 36 'ਤੇ**

## 33 ਸਾਲਾਂ ਬਾਅਦ ਵੀ ਪੀੜਤਾਂ ਨੂੰ ਨਹੀਂ ਬੱਝਦੀ ਇਨਸਾਫ਼ ਦੀ ਕੋਈ ਆਸ

### *ਐਮਨੈਸਟੀ ਇੰਟਰਨੈਸ਼ਨਲ ਇੰਡੀਆ ਵਲੋਂ ਦੇ ਪ੍ਰੋਗਰਾਮ 'ਚ 1984 ਸਿੱਖ ਕਤਲੇਆਮ ਪੀੜਤਾਂ ਨੇ ਪਾਈ ਦਰਦ ਦੀ ਬਾਤ*

**ਚੰਡੀਗੜ੍ਹ/ਬਿਊਰੋ ਨਿਊਜ਼**

1984 ਦੇ ਸਿੱਖ ਕਤਲੇਆਮ ਦੇ ਅਪਰਾਧੀਆਂ ਵਲੋਂ ਅੱਜ ਵੀ ਸਜ਼ਾ ਤੋਂ ਦੂਰ ਆਜ਼ਾਦੀ ਦਾ ਅਨੰਦ ਲੈਣਾ ਹੁਣ ਤੁਰੰਤ ਬੰਦ ਹੋਣਾ ਚਾਹੀਦਾ ਹੈ ਅਤੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਕਾਂਡ ਦੇ ਜ਼ਿੰਮੇਵਾਰ ਲੋਕਾਂ ਨੂੰ ਕਾਨੂੰਨ ਦੇ ਸਾਹਮਣੇ ਪੇਸ਼ ਕੀਤਾ ਜਾਵੇ। ਇਹ ਗੱਲ ਮੰਗਲਵਾਰ ਨੂੰ ਇੱਥੇ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਵਲੋਂ 'ਚੁਰਾਸੀ ਦੀ ਨਾਇਨਸਾਫ਼ੀ : 1984 ਦੇ ਸਿੱਖ ਕਤਲੇਆਮ ਲਈ ਜਾਰੀ ਜਸਟਿਸ' ਵਿਸ਼ੇ 'ਤੇ ਕਰਵਾਈ ਚਰਚਾ 'ਚ ਕਹੀ ਗਈ। ਇਹ ਚਰਚਾ ਅੱਜ ਇੱਥੇ ਚੰਡੀਗੜ੍ਹ ਪ੍ਰੈੱਸ ਕਲੱਬ 'ਚ ਕਰਵਾਈ ਗਈ। 1984 ਦੇ ਕਤਲੇਆਮ ਦੀ 33ਵੀਂ ਵਰ੍ਹੇਗੰਢ ਮੌਕੇ ਕਰਵਾਈ ਚਰਚਾ 'ਚ 15 ਪੀੜਤਾਂ ਤੇ ਕਤਲੇਆਮ 'ਚੋਂ ਬਚੇ ਲੋਕਾਂ ਦੇ ਪਰਿਵਾਰਾਂ ਦੇ ਜੀਵਨ ਦੀ ਇਕ ਝਲਕ ਦਿਖਾਈ ਦਿੱਤੀ ਅਤੇ ਤਿੰਨ ਦਹਾਕਿਆਂ ਤੋਂ ਜ਼ਿਆਦਾ ਸਮੇਂ ਦਾ ਉਨ੍ਹਾਂ ਦਾ ਸੰਘਰਸ਼


ਚੰਡੀਗੜ੍ਹ ਪ੍ਰੈੱਸ ਕਲੱਬ 'ਚ 1984 ਦੇ ਕਤਲੇਆਮ ਸਬੰਧੀ ਇਕ ਪ੍ਰੋਗਰਾਮ ਦੌਰਾਨ ਐਡਵੋਕੇਟ ਨਵਕਿਰਨ ਸਿੰਘ, ਲੈਫ਼ਟੀਨੈਂਟ ਜਨਰਲ (ਸੇਵਾ-ਮੁਕਤ) ਐਚ.ਐਸ. ਪਨਾਗ, ਸੁਖਪਾਲ ਸਿੰਘ ਖਹਿਰਾ, ਅਸਿਮਤਾ ਬਸੂ ਅਤੇ ਸਨਮ ਸੁਤਿਰਥ।

ਵੀ ਸਾਹਮਣੇ ਆਇਆ। ਇਸ ਚਰਚਾ 'ਚ ਹਿੱਸਾ ਲੈਣ ਵਾਲਿਆਂ 'ਚ ਲੈਫ਼ਟੀਨੈਂਟ ਜਨਰਲ ਐਚ. ਐਸ. ਪਨਾਗ, ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ, ਅਸਿਮਤਾ ਬਸੁ, ਪ੍ਰੋਗਰਾਮ ਡਾਇਰੈਕਟਰ, ਐਮਨੈਸਟੀ ਇੰਟਰਨੈਸ਼ਨਲ ਇੰਡੀਆ, ਸਨਮ ਸੁਤਿਰਥ ਵਜ਼ੀਰ, ਪ੍ਰੋਗਰਾਮ ਮੈਨੇਜਰ, ਐਮਨੈਸਟੀ ਇੰਟਰਨੈਸ਼ਨਲ ਇੰਡੀਆ ਨਵਕਿਰਨ ਸਿੰਘ, ਐਡਵੋਕੇਟ ਦਰਸ਼ਨ ਕੌਰ, 1984 ਕਤਲੇਆਮ ਦੀ ਮੁੱਖ ਗਵਾਹ ਤੇ ਪ੍ਰਸਿੱਧ ਫ਼ੋਟੋਗ੍ਰਾਫ਼ਰ ਸੋਮ ਬਾਸੂ ਸ਼ਾਮਿਲ ਸਨ। ਇਸ ਮੌਕੇ 1984 ਦੇ ਕਤਲੇਆਮ 'ਚੋਂ ਬਚੇ ਲੋਕਾਂ ਦੀ ਜ਼ਿੰਦਗੀ ਦੀ ਝਲਕ ਦਿਖਾਉਂਦੀ ਤਸਵੀਰਾਂ ਦੀ ਇਕ ਫੋਟੋਬੁੱਕ ਨੂੰ ਵੀ ਲਾਂਚ ਕੀਤਾ ਗਿਆ ਅਤੇ

**ਬਾਕੀ ਸਫ਼ਾ 36 'ਤੇ**


For Advertisements in Quomantry Amritsar Times Please Call :
Jai Singh
510-677-2777












੧ੴ ਸਤਿਗੁਰੂ ਪ੍ਰਸਾਦਿ
ਕਲਿਜੁਗ ਬਾਬੇ ਤਾਰਿਆ ਸੱਤਨਾਮ ਪੜ੍ਹ ਮੰਤ੍ਰ ਸੁਣਾਯਾ ॥
ਕਲਿ ਤਾਰਣ ਗੁਰ ਨਾਨਕ ਆਯਾ ॥

# ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ

300 ਗੁਰਦੁਆਰਾ ਰੋਡ ਫਰੀਮਾਂਟ ਕੈਲੀਫੋਰਨੀਆ-94536



# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

## ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ

# ਲੱਖ ਲੱਖ ਵਧਾਈਆਂ

*ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਮੀ ਸਚਾ ਢੋਆ। ਗੁਰਮੁਖ ਕਲਿ ਵਿਚ ਪਰਗਟ ਹੋਆ ॥੨੭॥*

ਪਹਿਲੇ ਪਾਤਸ਼ਾਹ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਬੜੀ ਸ਼ਰਧਾ, ਭਾਵਨਾ ਨਾਲ ਮਨਾਈਆਂ ਜਾ ਰਹੀਆਂ ਹਨ। ਸਮੂਹ ਨਾਨਕ ਨਾਮ ਲੇਵਾ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਮਹਾਨ ਇਤਿਹਾਸਕ ਦਿਹਾੜੇ ਤੇ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ। ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰਖਦਿਆਂ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ: 2 ਨਵੰਬਰ 2017 ਦਿਨ ਵੀਰਵਾਰ ਸ਼ਾਮ ਨੂੰ ਆਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੀ ਸੰਪੂਰਨਤਾ 4 ਨਵੰਬਰ 2017 ਦਿਨ ਸ਼ਨਿਚਰਵਾਰ ਸ਼ਾਮ ਨੂੰ ਹੋਵੇਗੀ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਸੰਗਤਾਂ ਵੱਲੋਂ ਪੰਥ ਦੀ ਚੜ੍ਹਦੀ ਕਲਾ ਲਈ 54 ਸਹਿਜ ਪਾਠਾਂ ਦੇ ਭੋਗ ਵੀ ਪਾਏ ਜਾਣਗੇ। ਇਸ ਵੱਡਭਾਗੇ ਸਮੇਂ ਪੰਥ ਦੇ ਮਹਾਨ ਕੀਰਤਨੀਏ, ਕਥਾਵਾਚਕ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਾਉਣਗੇ।

**4 ਨਵੰਬਰ 2017 ਦਿਨ ਸ਼ਨਿਚਰਵਾਰ ਨੂੰ ਸਵੇਰੇ 9:00 ਵਜੇ ਤੋਂ ਲੈ ਕੇ ਰਾਤੀਂ 10:00 ਵਜੇ ਤੱਕ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।**
**ਜਿੰਨ੍ਹਾਂ ਵਿਚ ਵਿਸ਼ੇਸ਼ ਤੌਰ ਤੇ ਹੇਠ ਲਿਖੇ ਕੀਰਤਨੀਏ ਜਥੇ ਹਾਜ਼ਰੀ ਭਰਨਗੇ:**
**ਭਾਈ ਇੰਦਰਜੀਤ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ, ਬੀਬੀ ਬਲਜੀਤ ਕੌਰ ਤਲਵਾੜੇ ਵਾਲੀਆਂ,**
**ਭਾਈ ਖਲਦਲਖੰਡਨ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਦਿਲਬਾਗ ਸਿੰਘ ਦੇ ਜਥਿਆਂ ਤੋਂ ਇਲਾਵਾ**
**ਪ੍ਰਸਿੱਧ ਕਥਾਵਾਚਕ ਭਾਈ ਅਨੂਪ ਸਿੰਘ ਜੀ ਅੰਮ੍ਰਿਤਸਰ ਵਾਲੇ ਹਾਜ਼ਰੀ ਭਰਨਗੇ।**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

# ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ

**300 Gurdwara Road Fremont CA 94536, Phone : 510-790-0177**

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਸਜਿਆ ਨਗਰ ਕੀਰਤਨ

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਜਿਸ ਨੂੰ ਦਮਦਮੀ ਟਕਸਾਲ ਦੀ ਰਹਿਨੁਮਾਈ ਅੰਦਰ ਚਲਾਇਆ ਜਾ ਰਿਹਾ ਹੈ, ਵੱਲੋਂ ਸਮੂਹ ਸਿੱਖ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਅੱਠਵਾਂ ਨਗਰ ਕੀਰਤਨ ਕੀਤਾ ਗਿਆ। ਇਸ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਦੀਵਾਨ ਦੀ ਸਮਾਪਤੀ ਮਗਰੋਂ ਹੋਈ। ਗੁਰੂ ਘਰ ਦੇ ਦਰਬਾਰ ਸਾਹਿਬ ਵਿੱਚ ਹਜ਼ੂਰੀ ਜਥੇ ਤੋਂ ਇਲਾਵਾ ਗੋਰੇ ਸਿੰਘਾਂ ਦਾ ਕੀਰਤਨੀ ਜਥਾ ਅਤੇ ਹੋਰ ਬਹੁਤ ਸਾਰੇ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਨਾਲ ਨਿਹਾਲ ਕੀਤਾ। ਟਰੱਕਾਂ 'ਤੇ ਸਜੇ ਫਲੋਟਾਂ ਨੇ ਵਿਲੱਖਣ ਨਜ਼ਾਰਾ ਪੇਸ਼ ਕੀਤਾ। ਇਸ ਮੌਕੇ ਲੱਗੇ ਸਟਾਲਾਂ 'ਤੇ ਵੀ ਰੌਣਕਾਂ ਰਹੀਆਂ। ਲਾਉਡ ਸਪੀਕਰਾ ਵਿੱਚ ਗੂੰਜਦੇ ਬੋਲੇ ਸੋ ਨਿਹਾਲ ਦੇ ਜੈਕਾਰਿਆ ਨਾਲ ਅਸਮਾਨ ਗੂੰਜ ਰਿਹਾ ਸੀ। ਨਗਰ ਕੀਰਤਨ ਦੀ ਸ਼ੁਰੂਆਤ ਆਪਸੀ ਭਾਈਚਾਰਕ ਸਾਂਝ ਦਾ ਸਬੂਤ



ਦਿੰਦੇ ਹੋਏ ਸਭ ਤੋਂ ਮੂਹਰੇ ਨਗਾਰਾ, ਫਿਰ ਅਮੈਰੀਕਨ ਝੰਡਾ, ਕੈਲੀਫੋਰਨੀਆ ਦਾ ਝੰਡਾ ਅਤੇ ਖਾਲਸੇ ਦੇ ਕੇਸਰੀ ਨਿਸ਼ਾਨ ਸਾਹਿਬ ਨਾਲ ਅਗਵਾਈ ਕਰਦੇ ਹੋਏ ਪੰਜ ਪਿਆਰੇ ਚੱਲ ਰਹੇ ਸਨ। ਖੂਬਸੂਰਤ ਤਰੀਕੇ ਨਾਲ ਸਜੇ ਫਲੋਟ ਉਪਰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਪਾਲਕੀ ਵਿੱਚ ਸ਼ਸੋਭਿਤ ਸਨ। ਸੰਗਤਾਂ ਭਾਰੀ ਉਤਸਾਹ ਅਤੇ ਸ਼ਰਧਾ ਨਾਲ ਪਾਲਕੀ ਸਾਹਿਬ ਦੇ ਪਿਛੇ ਪੈਦਲ ਸ਼ਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਕੈਲੇਫੋਰਨੀਆ ਗਤਕਾ ਦਲ ਦੇ ਸਿੰਘਾ ਦੇ ਜ਼ਬਰਦਸਤ ਗੱਤਕੇ ਦੇ ਜੌਹਰ ਵੀ ਵੇਖਣ ਯੋਗ ਸਨ। ਗੁਰੂਘਰ ਅਤੇ ਪਾਰਕ ਵਿੱਚ ਪੜਾਅ ਦੌਰਾਨ ਥਾਂ-ਥਾਂ 'ਤੇ ਲੰਗਰਾਂ ਦੇ ਪ੍ਰਬੰਧ ਸਨ। ਹੈਲੀਕਾਪਟਰ ਦੁਅਰਾ ਹੋਈ ਫੁੱਲਾਂ ਦੀ ਵਰਖਾ ਨੇ ਮਾਹੌਲ ਨੂੰ ਹੋਰ ਵੀ ਅਲੌਕਿਕ ਬਣਾਇਆ। ਨਗਰ ਕੀਰਤਨ ਨੇ ਆਪਣਾ ਮਿਥਿਆ ਪੈਂਡਾ ਤੈਅ ਕਰਦੇ ਹੋਏ ਫੌਲਰ ਸ਼ਹਿਰ ਦੇ ਪੈਨਜ਼ਕ ਪਾਰਕ ਵਿੱਚ ਪੜਾਅ ਕੀਤਾ। ਅੰਤ ਗੁਰੂ ਘਰ ਪਰਤਣ 'ਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹੋਏ ਨਗਰ ਕੀਰਤਨ ਸਮਾਪਤ ਹੋਇਆ।

# ਖਾਲਸਾ ਕੇਅਰ ਫਾਉਂਡੇਸ਼ਨ ਗੁਰੂ ਘਰ ਦੇ ਨਿਸ਼ਕਾਮ ਸੇਵਕ ਸਰਦਾਰ ਸੁਰਿੰਦਰ ਸਿੰਘ ਦੀ ਯਾਦ ਵਿੱਚ ਕੀਰਤਨ ਦਰਬਾਰ

**ਲਾਸ ਏਂਜਲਸ/ਬਿਊਰੋ ਨਿਊਜ਼:** ਖਾਲਸਾ ਕੇਅਰ ਫਾਉਂਡੇਸ਼ਨ ਨੇ ਗੁਰੂ ਘਰ ਦੇ ਨਿਸ਼ਕਾਮ ਸੇਵਕ ਸਰਦਾਰ ਸੁਰਿੰਦਰ ਸਿੰਘ ਦੀ ਯਾਦ ਵਿੱਚ ਕੀਰਤਨ ਦਰਬਾਰ ਕਰਵਾਇਆ। ਬੇਹੱਦ ਨਿਮਰ ਸੁਭਾਅ ਵਾਲੇ ਸ.ਸੁਰਿੰਦਰ ਸਿੰਘ, ਜਿਹੜੇ 25 ਸਤੰਬਰ ਨੂੰ ਅਕਾਲ ਚਲਾਣਾ ਕਰ ਗਏ, ਅਜਿਹੇ ਸੇਵਾਦਾਰ ਸਨ ਜੋ ਹਰ ਕੰਮ ਖਿੜ੍ਹੇ ਮੱਥੇ ਕਰਦੇ ਅਤੇ ਲੋੜਵੰਦਾਂ ਦੀ ਮਦਦ ਲਈ ਸਦਾ ਤਿਆਰ ਰਹਿੰਦੇ ਸਨ। ਗੁਰੂ ਘਰ ਦੇ ਸਾਰੇ ਸੇਵਾਦਾਰਾਂ ਨੇ ਸਦਾ ਚੜ੍ਹਦੀ ਕਲਾ ਵਿੱਚ ਰਹਿਣ ਵਾਲੇ ਅਤੇ ਗੁਰੂ ਘਰ ਦੇ ਪ੍ਰੇਮੀ ਦੀ ਯਾਦ ਵਿੱਚ ਗੁਰੂ ਕਾ ਲੰਗਰ ਵੀ ਲਾਇਆ। ਸ. ਸਰਬਜੀਤ ਸਿੰਘ ਨੇ ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹਾਜ਼ਰ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਸ. ਸੁਰਿੰਦਰ ਸਿੰਘ ਵਲੋਂ ਗੁਰੂ ਘਰ ਵਿਖੇ ਨਿਭਾਈ ਵੱਡਮੁੱਲੀ ਸੇਵਾ ਅਤੇ ਉਨ੍ਹਾਂ ਦੀ ਸ਼ਖ਼ਸ਼ੀਅਤ ਦੇ ਵੱਖ ਵੱਖ ਪਹਿਲੂਆਂ ਬਾਰੇ ਗੱਲ ਕਰਦਿਆਂ ਬੜੇ ਭਾਵਪੂਰਨ ਸ਼ਬਦਾਂ ਰਾਹੀਂ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਉਚੇਚਾ ਜ਼ਿਕਰ ਕੀਤਾ ਕਿ ਉਨ੍ਹਾਂ ਦਾ ਸਮੁੱਚਾ ਪਰਿਵਾਰ ਹੀ ਸਮਾਜ ਸੇਵਾ 'ਚ ਲਗਿਆ ਹੋਇਆ ਹੈ। ਖਾਲਸਾ ਕੇਅਰ ਫਾਉਂਡੇਸ਼ਨ ਨੇ ਗੁਰੂ ਘਰ ਵਲੋਂ ਸ. ਸੁਰਿੰਦਰ ਸਿੰਘ ਦੀ







ਧਰਮਪਤਨੀ ਬੀਬੀ ਤ੍ਰਿਪਤ ਕੌਰ ਅਤੇ ਪਰਿਵਾਰ ਦੇ ਸਨਮਾਨ ਵਜੋਂ ਸੁਨਹਿਰੀ ਜੜਤ ਵਾਲਾ ਪਲੈਕ ਭੇਟ ਕਤਿਾ ਗਿਆ। ਗੁਰਦੁਆਰਾ ਸਾਹਿਬ ਲੈਂਕਰਸ਼ਿਮ ਦੇ ਬਾਨੀ ਮੈਂਬਰਾਂ ਵਿੱਚ ਰਹੇ ਸ. ਸੁਰਿੰਦਰ ਸਿੰਘ ਬੇਹੱਦ ਨਿਮਰ, ਮਿੱਠਬੋਲੜੇ ਅਤੇ ਗੁਰਬਾਣੀ ਦੇ ਗਿਆਤਾ ਸਨ ਪਰ ਉਨ੍ਹਾਂ ਕਦੇ ਵੀ ਅਪਣਾ ਵਿਦਵਤਾ ਅਤੇ ਸੇਵਾ ਦਾ ਘੁਮੰਡ ਨਹੀਂ ਕੀਤਾ। ਉਹ ਵਿਸਾਖੀ ਸਮਾਰੋਹਾਂ ਅਤੇ ਲਾਸ ਏਂਜਲਸ ਨਗਰ ਕੀਤਰਨ ਦੀ ਸਫ਼ਲਤਾ ਲਈ ਦਿਨ ਰਾਤ ਇੱਕ ਕਰ ਦਿੰਦੇ ਸਨ। ਉਹ ਅਮਰੀਕਾ ਤੇ ਭਾਰਤ ਵਿੱਚ ਕਈ ਸਮਾਜ ਸੇਵੀ ਜਥੇਬੰਦੀਆਂ ਅਤੇ ਗਰੀਬ/ਲੋੜਵੰਦ ਬੱਚਿਆਂ ਨੂੰ ਸਮਰਪਿਤ ਵਿਦਿਅਕ ਸੰਸਥਾਵਾਂ ਨਾਲ ਵੀ ਜੁੜੇ ਹੋਏ ਸਨ। ਸਰਦਾਰ ਸੁਰਿੰਦਰ ਸਿੰਘ ਅਪਣੇ ਪਿੱਛੇ ਪਰਿਵਾਰ 'ਚ ਬੀਬੀ ਤ੍ਰਿਪਤ ਕੌਰ, ਸਪੁੱਤਰ ਹਰਵਿੰਦਰ ਸਿੰਘ, ਨੂੰਹ ਪੰਮੀ ਕੌਰ, ਧੀ ਇੰਦਰਪ੍ਰੀਤ ਕੌਰ ਤੇ ਜਵਾਈ ਮਾਈਕਲ ਵੈੱਲਰ ਤੋਂ ਇਲਾਵਾ ਪੋਤਾ ਰਸਜੋਤ ਸਿੰਘ, ਪੋਤੀ ਗੁਰਬਾਣੀ ਕੌਰ, ਦੋਹਤਾ ਦੇਵਜੀਤ ਤੇ ਦੋਹਤੀ ਦੇਵਿਕਾ ਕੌਰ ਛੱਡ ਗਏ ਹਨ।

CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM




## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 38ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## 5 ਨਵੰਬਰ 2017 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ

**ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂਘਰ ਦੀਆਂ ਰੌਣਕਾਂ ਵਧਾਉ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ**

### ਪ੍ਰੋਗਰਾਮ ਦਾ ਵੇਰਵਾ

### ਅਖੰਡ ਪਾਠ ਸਾਹਿਬ ਦੀ ਲੜੀ:-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 2 ਸਤੰਬਰ ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸਾਧ ਸੰਗਤ ਵੱਲੋਂ 3 ਨਵੰਬਰ ਸ਼ੁਕਰਵਾਰ ਤੋਂ ਆਰੰਭ ਹੋ ਕੇ 5 ਨਵੰਬਰ ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਨਵੇਂ ਟਾਇਮ ਮੁਤਾਬਿਕ ਭੋਗ ਪੈਣ ਉਪਰੰਤ ਸਵੇਰੇ 10:00 ਵਜੇ 38 ਵਾਂ ਨਗਰ ਕੀਰਤਨ ਆਰੰਭ ਹੋਵੇਗਾ

### ਵਿਸ਼ੇਸ਼ ਸਮਮਾਨ ਸਮਾਰੋਹ

ਸਵੇਰੇ 11 ਵਜੇ ਸਮੂਹ ਸਾਧ ਸੰਗਤ ਵੱਲੋਂ ਪੰਥ ਦੀ ਸਿਰਮੋਰ ਹਸਤੀ ਸ.ਦੀਦਾਰ ਸਿੰਘ ਬੈਂਸ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ ਉਪਰੰਤ ਹੋਰਨਾਂ ਪਤਵੰਤੇ ਸੱਜਣਾ ਦਾ ਵੀ ਸਨਮਾਨ ਕੀਤਾ ਜਾਵੇਗਾ

### ਰੈਣ ਸਬਾਈ ਕੀਰਤਨ

4 ਨਵੰਬਰ ਸ਼ਨੀਵਾਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6.00 ਵਜੇ ਤੋਂ ਰਾਤ 1.00 ਵੱਜੇ ਤੱਕ ਹੋਵੇਗਾ ਜਿਸ ਵਿੱਚ ਪ੍ਰਸਿੱਧ ਰਾਗੀ ਜੱਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ

### ਆਤਿਸ਼ਬਾਜੀ

ਨਗਰ ਕੀਰਤਨ ਦੀਆਂ ਖੁਸ਼ੀਆਂ ਵਿੱਚ 3 ਨਵੰਬਰ ਦਿਨ ਸ਼ੁਕਰਵਾਰ ਨੂੰ ਰਾਤ 8 ਵਜੇ ਆਤਿਸ਼ਬਾਜੀ ਹੋਵੇਗੀ ਜੀ.

### ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 4 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਸਮੂਹ ਸੰਗਤ ਵੱਲੋਂ ਹੋਵੇਗੀ

### ਲੈਕਚਰ ਸ਼ੈਸ਼ਨ

ਨਵੰਬਰ 4 ਦਿਨ ਸ਼ਨੀਵਾਰ ਨੂੰ ਮੇਨ ਹਾਲ ਵਿੱਚ ਬਾਅਦ ਦੁਪਿਹਰ 1 ਵਜੇ ਤੋਂ 4 ਵਜੇ ਤੱਕ ਲੈਕਚਰ ਸ਼ੈਸ਼ਨ ਹੋਵੇਗਾ,ਜਿਸ ਵਿੱਚ ਹੋਰਨਾਂ ਬੁਲਾਰਿਆਂ ਤੋਂ ਇਲਾਵਾ ਵਿਸ਼ੇਸ਼ ਸੱਦੇ ਤੇ ਇੰਡੀਆ ਤੋਂ ਡਾ.ਹਰਸ਼ਿੰਦਰ ਕੌਰ ਅਤੇ ਇੰਗਲੈਂਡ ਤੋਂ ਪਹੁੰਚ ਰਹੇ ਡਾ.ਇਕਤਿਦਾਰ ਕਰਾਮਤ ਚੀਮਾ ਵੀ ਹਿੱਸਾ ਲੈਣਗੇ

### ਅਮ੍ਰਿੰਤ ਸੰਚਾਰ

4 ਨਵੰਬਰ ਦਿਨ ਸ਼ਨੀਵਾਰ ਸਵੇਰੇ 5 ਵਜੇ ਅਮ੍ਰਿੰਤ ਸੰਚਾਰ ਅਰੰਭ ਹੋਵੇਗਾ ਅਮ੍ਰਿੰਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਕੋਲ ਲਿਖਵਾ ਕੇ ਕੱਕਾਰ ਪ੍ਰਾਪਤ ਸਕਦੀਆ ਹਨ ਜੀ.

**ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ:-** (1) ਭਾਈ ਮਨਜੀਤ ਸਿੰਘ ਜੀ ਪਠਾਨਕੋਟ ਵਾਲੇ (2) ਭਾਈ ਹਰਚਰਨ ਸਿੰਘ ਜੀ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅਮ੍ਰਿੰਤਸਰ ਸਾਹਿਬ (3) ਭਾਈ ਮਨੋਹਰ ਸਿੰਘ ਦਿੱਲੀ ਵਾਲੇ ਹਜ਼ੂਰੀ ਰਾਗੀ ਗੁਰਦਵਾਰਾ ਸਾਹਿਬ ਯੂਬਾ ਸਿਟੀ (4) ਗਿਆਨੀ ਲਖਵਿੰਦਰ ਸਿੰਘ ਜੀ ਸੋਹਲ ਦਾ ਢਾਢੀ ਜੱਥਾ (5) ਭਾਈ ਮਹਿਲ ਸਿੰਘ ਜੀ ਦਾ ਕਵੀਸ਼ਰੀ ਜੱਥਾ ਆਪ ਸਮੂਹ ਸਾਧ ਸੰਗਤ ਨੂੰ ਨਿਹਾਲ ਕਰਨ ਲਈ ਪਹੁੰਚ ਰਹੇ ਹਨ

**Additional Insured's for the parking locations for sikh parade. ਕਾਰਾਂ ਪਾਰਕ ਕਰਨ ਲਈ ਜਗ੍ਹਾ ਦਾ ਐਡਰੈਸ**

**River Valley High School, 801, EL Margarita Road, Yuba City, 95993 • 658, EL Margarita Road, Yuba City, 95993. • 856, EL Margarita Road, Yuba City, 95993. • Harter Parking, 1321, Harter Road Yuba City, 95993. • Yuba College Sutter County Center, 3301, East Onstott Road, Yuba City 95992. • Yuba City Toyota, 955, Harter Parkway, Yuba City, 95993. • Bank of Feather River, 855, Harter Parkway, Yuba City, 95993. • 2016, Pease Road Yuba City, 95993. • 1591, Pease Road Yuba City, 95993 • 2307, Pease Road Yuba City, 95993.• Tierra Buena Road, Yuba City, 95993**

*ਨੋਟ:-ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ,ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ ਤੇ ਹੀ ਕੀਤੀ ਜਾਵੇ ਜੀ। ਅੰਗਹੀਣ ਵਿਅਕਤੀਆਂ ਲਈ ਵਿਸ਼ੇਸ਼ ਪਾਰਕਿੰਗ ਦਾ ਪ੍ਰਬੰਧ ਹੋਵੇਗਾ। ਰਿਵਰ ਵੈਲੀ ਹਾਈ ਸਕੂਲ 801 El Margarita Rd, Yuba City, CA 95993 ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ*

ਸਾਧ ਸੰਗਤ ਜੀ ਗੁਰੂ ਘਰ ਜਾਣ ਲਈ River Valley High School ,Yuba College and Pease Road ਤੋਂ ਬੱਸਾਂ ਚੱਲਣਗੀਆਂ ਜੀ। ਜਰੂਰੀ ਬੇਨਤੀ ਹੈ ਕਿ ਮੀਂਹ ਪੈਣ ਦੀ ਸੰਭਾਵਨਾ ਹੋਣ ਕਰਕੇ ਅਪਣੀਆਂ ਛੱਤਰੀਆਂ ਅਤੇ ਰੇਨਕੋਟ ਨਾਲ ਲੈ ਕੇ ਆਉਣਾ ਜੀ। disable park with sticker ਦੇ ਨਾਲ ਗੁਰਦਵਾਰਾ ਸਾਹਿਬ ਦੇ ਅੰਦਰ ਲਗਣਗੀਆਂ ਜਿੰਨ੍ਹਾਂ ਦੀ ਐਂਟਰੀ ture road ਤੋਂ ਹੋਵੇਗੀ ਜੀ ਬੱਚਿਆਂ ਦੇ ਡਾਇਪਰ ਬਦਲਣ ਲਈ ਅਤੇ ਸਟਾਲਰ ਰਖੱਣ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ ਜੀ।

**ਨਗਰ ਕੀਰਤਨ 'ਚ ਫਲੋਟ ਸ਼ਾਮਲ ਕਰਨ ਅਤੇ ਹੋਰ ਜਾਣਕਾਰੀ ਲੈਣ ਲਈ ਇਨ੍ਹਾਂ ਨੰਬਰਾਂ ਤੇ ਕਾਲ ਕਰ ਸਕਦੇ ਹੋ**

• ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਜੀ:- 530-673-9918 • ਚੇਅਰਮੈਨ ਨਗਰ ਕੀਰਤਨ ਸ.ਗੁਰਨਾਮ ਸਿੰਘ ਪੰਮਾ 530-682-6444
• ਪ੍ਰਧਾਨ ਸ:ਬਲਬੀਰ ਸਿੰਘ ਸੋਹਲ 530-682-9300 • ਸੈਕਟਰੀ ਸ:ਹਰਮਨਦੀਪ ਸਿੰਘ ਸੰਧੂ 530-632-2899 • ਖਜਾਨਚੀ ਸ:ਸੁਖਵਿੰਦਰ ਸਿੰਘ 530-713-2805

## ਸੁਖਵਿੰਦਰ ਸਿੰਘ ਗਿੱਲ ਅਤੇ ਤਰਲੋਚਨ ਸਿੰਘ ਗਿੱਲ ਨੂੰ ਸਦਮਾ

*ਮਾਤਾ ਪ੍ਰਕਾਸ਼ ਕੌਰ ਦਾ ਸਦੀਵੀ ਵਿਛੋੜਾ*

**ਅੰਤਿਮ ਸਸਕਾਰ ਤੇ ਅਰਦਾਸ 1 ਨਵੰਬਰ, 2017 ਦਿਨ ਬੁੱਧਵਾਰ ਨੂੰ**

**ਸ਼ਿਕਾਗੋ/ਬਿਊਰੋ ਨਿਊਜ਼ :**
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸ਼ਿਕਾਗੋ ਯੂਨਿਟ ਦੇ ਸੀਨੀਅਰ ਮੈਂਬਰ ਅਤੇ ਇੱਥੇ ਲੰਮੇ ਸਮੇਂ ਤੋਂ ਰਹਿ ਰਹੇ ਸੁਖਵਿੰਦਰ ਸਿੰਘ ਗਿੱਲ ਤੇ ਤਰਲੋਚਨ ਸਿੰਘ ਗਿੱਲ ਦੀ ਮਾਤਾ ਅਤੇ ਗੁਰਮੇਲ ਸਿੰਘ ਗਿੱਲ ਦੀ ਧਰਮ ਪਤਨੀ ਪ੍ਰਕਾਸ਼ ਕੌਰ ਗਿੱਲ 29 ਅਕਤੂਬਰ, ਐਤਵਾਰ ਆਪਣੇ ਹੱਸਦੇ ਵਸਦੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਹਸਪਤਾਲ ਵਿੱਚ ਦਾਖਲ ਸਨ। ਉਨਾਂ ਨੇ ਹਸਪਤਾਲ ਵਿੱਚ ਹੀ ਆਪਣਾ ਆਖਰੀ ਸਾਹ ਲਿਆ। ਉਹ ਆਪਣੇ ਪਿੱਛੇ ਪੁੱਤਰਾਂ, ਨੂੰਹਾਂ, ਧੀਆਂ, ਜਵਾਈਆਂ, ਪੋਤਰੇ, ਦੋਹਤੇ ਤੇ ਦੋਹਤੀਆਂ ਨਾਲ ਭਰਿਆ ਪਰਿਵਾਰ ਛੱਡ ਗਏ ਹਨ।



ਮਾਤਾ ਪ੍ਰਕਾਸ਼ ਕੌਰ ਦਾ ਸਸਕਾਰ 1ਨਵੰਬਰ ਬੁੱਧਵਾਰ ਨੂੰ 10.00 ਵਜੇ ਤੋਂ 12.00 ਵਜੇ ਸਵੇਰੇ ਕੰਟਰੀ ਸਾਈਡ ਫਿਊਨਰਲ ਹੋਮ ਬਾਰਟਲਿੱਟ ਵਿੱਚ ਹੋਵੇਗਾ। ਉਪਰੰਤ ਉਨਾਂ ਦੀ ਅੰਤਿਮ ਅਰਦਾਸ 1:00 ਵਜੇ ਤੋਂ 3:00 ਵਜੇ ਬਾਅਦ ਦੁਪਹਿਰ ਪੈਲਾਟਾਇਨ ਗੁਰਦੁਆਰਾ ਸਾਹਿਬ ਵਿੱਚ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਸਤੇ ਸੁਖਵਿੰਦਰ ਸਿੰਘ ਗਿੱਲ ਨੂੰ 630-440-9860 ਅਤੇ ਤਰਲੋਚਨ ਸਿੰਘ ਗਿੱਲ ਨੂੰ 630-489-8483 'ਤੇ ਕਾਲ ਕੀਤੀ ਜਾ ਸਕਦੀ ਹੈ।

## ਸਿੱਖ ਜਰਨੈਲਾਂ ਦੀਆਂ ਤਸਵੀਰਾਂ ਸਿੱਖ ਅਜਾਇਬਘਰ 'ਚ ਸ਼ੁਸ਼ੋਭਿਤ

**ਅੰਮ੍ਰਿਤਸਰ/ਬਿਊਰੋ ਨਿਊਜ਼**, ਸ਼੍ਰੋਮਣੀ ਕਮੇਟੀ ਨੇ ਇਥੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਪਹਿਲੀ ਵਾਰ ਤਿੰਨ ਸਿੱਖ ਫ਼ੌਜੀ ਜਰਨੈਲਾਂ ਏਅਰ ਮਾਰਸ਼ਲ ਅਰਜਨ ਸਿੰਘ, ਜਨਰਲ ਹਰਬਖ਼ਸ਼ ਸਿੰਘ ਅਤੇ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਦੀਆਂ ਤਸਵੀਰਾਂ ਸਥਾਪਤ ਕੀਤੀਆਂ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਕੂਟਨੀਤਕ ਗੱਲਬਾਤ ਨਾਲ ਪਾਕਿਸਤਾਨ ਦੀਆਂ ਜੇਲ੍ਹਾਂ ਵਿੱਚ ਬੰਦ ਭਾਰਤੀ ਫੌਜੀਆਂ ਨੂੰ ਰਿਹਾਅ ਕਰਵਾਇਆ ਜਾਵੇ। ਮੰਗਲਵਾਰ ਸਵੇਰੇ ਸਵੇਰੇ ਸਿੱਖ ਫੌਜੀ ਅਧਿਕਾਰੀਆਂ ਦੀਆਂ ਤਸਵੀਰਾਂ ਸਥਾਪਤ ਕਰਨ ਸਮੇਂ ਪੰਥਕ ਰਵਾਇਤਾਂ ਅਨੁਸਾਰ ਗੁਰਬਾਣੀ ਦਾ ਕੀਰਤਨ ਅਤੇ ਅਰਦਾਸ ਕੀਤੀ ਗਈ। ਸ਼੍ਰੋਮਣੀ ਕਮੇਟੀ ਦੇ ਲਗਪਗ 98 ਸਾਲ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ ਜਦੋਂ ਭਾਰਤੀ ਫ਼ੌਜ ਵਿੱਚ ਸ਼ਾਮਲ ਰਹੇ ਸਿੱਖ ਜਰਨੈਲਾਂ ਦੇ ਦੇਸ਼ ਦੀ ਏਕਤਾ ਅਖੰਡਤਾ ਵਿੱਚ ਯੋਗਦਾਨ ਨੂੰ ਮਾਨਤਾ ਦਿੱਤੀ ਗਈ ਹੈ। ਹੁਣ ਤਕ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਕਾਲ ਦੇ ਸਿੱਖ ਜਰਨੈਲਾਂ ਅਤੇ ਖਾੜਕੂਵਾਦ ਵੇਲੇ ਦੇ ਸਿੱਖਾਂ ਨੂੰ ਹੀ ਇਥੇ ਅਜਾਇਬ ਘਰ ਵਿੱਚ ਥਾਂ ਦਿੱਤੀ ਗਈ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਇਸ ਮੌਕੇ ਤਿੰਨਾਂ ਸਿੱਖ ਫ਼ੌਜੀ ਜਰਨੈਲਾਂ ਦੀ ਬਹਾਦਰੀ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂੰ ਕਰਾਇਆ। ਉਨ੍ਹਾਂ ਕਿਹਾ ਕਿ 1965 ਦੀ ਭਾਰਤ-ਪਾਕਿ ਜੰਗ ਸਮੇਂ ਜੇਕਰ ਜਨਰਲ ਹਰਬਖ਼ਸ਼ ਸਿੰਘ ਅਤੇ ਏਅਰ ਮਾਰਸ਼ਲ ਅਰਜਨ ਸਿੰਘ ਨੇ ਬਹਾਦਰੀ ਨਾ ਦਿਖਾਈ ਹੁੰਦੀ ਤਾਂ ਅੱਜ ਬਿਆਸ ਤੋਂ ਅੰਮ੍ਰਿਤਸਰ ਤਕ ਦਾ ਹਿੱਸਾ ਪਾਕਿਸਤਾਨ ਵਿੱਚ ਹੁੰਦਾ। ਲੈਫਟੀਨੈਂਟ ਜਨਰਲ ਜਗਜੀਤ ਸਿੰਘ ਨੇ ਹੁਣ ਤਕ ਦੇ ਫੌਜੀ ਇਤਿਹਾਸ ਵਿੱਚ ਸਭ ਤੋਂ ਵੱਧ 93 ਹਜ਼ਾਰ ਪਾਕਿਸਤਾਨੀ ਫੌਜੀਆਂ ਨੂੰ ਬੰਦੀ ਬਣਾ ਕੇ ਜੰਗ ਜਿੱਤੀ ਸੀ। ਉਨ੍ਹਾਂ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ 10 ਜਨਵਰੀ 1966 ਨੂੰ ਤਾਸ਼ਕੰਦ ਸਮਝੌਤੇ ਤਹਿਤ ਪਾਕਿਸਤਾਨ ਦੇ 93 ਹਜ਼ਾਰ ਬੰਦੀ ਫੌਜੀਆਂ ਨੂੰ ਤਾਂ ਰਿਹਾਅ ਕਰ ਦਿੱਤਾ ਗਿਆ, ਪਰ ਪਾਕਿਸਤਾਨ ਨੇ ਬੰਦੀ ਬਣਾਏ ਭਾਰਤੀ ਫੌਜੀਆਂ ਨੂੰ ਹੁਣ ਤਕ ਰਿਹਾਅ ਨਹੀਂ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਕੂਟਨੀਤਕ ਵਿਧੀ ਰਾਹੀਂ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰੇ ਅਤੇ ਭਾਰਤੀ ਫੌਜੀਆਂ ਨੂੰ ਪਾਕਿਸਤਾਨ ਦੀਆਂ ਜੇਲਾਂ ਵਿੱਚੋਂ ਰਿਹਾਅ ਕਰਵਾਏ। ਉਨ੍ਹਾਂ ਕਿਹਾ ਕਿ ਫ਼ੌਜੀ ਜਰਨੈਲਾਂ ਦੀ ਬਹਾਦਰੀ ਦੇ ਇਤਿਹਾਸ ਨੂੰ ਸਕੂਲਾਂ ਅਤੇ ਕਾਲਜਾਂ ਦੇ ਸਿਲੇਬਸ ਵਿੱਚ ਸ਼ਾਮਲ ਕਰਾਉਣ ਲਈ ਸੂਬਾ ਤੇ ਕੇਂਦਰ ਸਰਕਾਰ ਨੂੰ ਅਪੀਲ ਕਰਨਗੇ। ਸਮਾਗਮ ਵਿਚ ਫੌਜੀ ਜਰਨੈਲਾਂ ਦੇ ਪਰਿਵਾਰਕ ਮੈਂਬਰ ਭਾਵੇਂ ਨਹੀਂ ਪੁੱਜੇ, ਪਰ ਉਨ੍ਹਾਂ ਦੇ ਫੌਜੀ ਸਾਥੀ ਜ਼ਰੂਰ ਹਾਜ਼ਰ ਸਨ।



## ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਵਿਰੁਧ ਹੈਰੋਇਨ ਤਸਕਰੀ ਮਾਮਲੇ 'ਚ ਬਤੌਰ ਦੋਸ਼ੀ ਸੰਮਨ ਜਾਰੀ

**ਫ਼ਾਜ਼ਿਲਕਾ/ਬਿਊਰੋ ਨਿਊਜ਼** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੂੰ ਫ਼ਾਜ਼ਿਲਕਾ ਦੇ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਲੋਂ ਨਸ਼ਾ ਤਸਕਰੀ ਦੇ ਇਕ ਮਾਮਲੇ 'ਚ ਬਤੌਰ ਮੁਜ਼ਰਮ ਸੰਮਨ ਜਾਰੀ ਕਰ ਦਿੱਤਾ ਹੈ, ਜਿਸ ਨਾਲ 'ਆਪ' ਨੂੰ ਬਹੁਤ ਵੱਡਾ ਝਟਕਾ ਲੱਗਾ ਹੈ ਅਤੇ ਖਹਿਰਾ ਦੀਆਂ ਮੁਸੀਬਤਾਂ 'ਚ ਵੀ ਵਾਧਾ ਹੋ ਗਿਆ ਹੈ। ਸਾਲ 2015 'ਚ ਫ਼ਾਜ਼ਿਲਕਾ ਪੁਲਿਸ ਵਲੋਂ ਨਸ਼ਾ ਤਸਕਰੀ ਦੇ ਇਕ ਮਾਮਲੇ 'ਚ ਫੜੇ ਗਏ ਦੋਸ਼ੀਆਂ ਦੇ ਉਸ ਵੇਲੇ ਦੇ ਕਾਂਗਰਸ ਪਾਰਟੀ ਦੇ ਮੁੱਖ ਬੁਲਾਰੇ ਸੁਖਪਾਲ ਸਿੰਘ ਖਹਿਰਾ ਨਾਲ ਸੰਪਰਕ ਹੋਣ ਦੀਆਂ ਖ਼ਬਰਾਂ ਪ੍ਰਮੁੱਖਤਾ ਨਾਲ ਉੱਠੀਆਂ ਸਨ, ਜਿਸ ਨੂੰ ਲੈ ਕੇ ਵੱਖ-ਵੱਖ ਸਿਆਸੀ ਪਾਰਟੀਆਂ ਵਲੋਂ ਸਿਆਸਤ ਕੀਤੀ ਗਈ ਸੀ। ਹੁਣ ਜਦੋਂ ਕੇਸ ਤੋਂ ਬਾਅਦ ਫ਼ੈਸਲਾ ਆਇਆ ਹੈ ਤਾਂ ਫ਼ਾਜ਼ਿਲਕਾ ਦੇ ਵਧੀਕ ਸੈਸ਼ਨ ਜੱਜ ਸ੍ਰੀ ਸੰਦੀਪ ਸਿੰਘ ਜੋਸਨ ਦੀ ਅਦਾਲਤ 'ਚ ਧਾਰਾ 319 ਤਹਿਤ ਇਕ ਅਰਜ਼ੀ ਵਕੀਲ ਵਲੋਂ ਦਾਇਰ ਕੀਤੀ ਗਈ ਸੀ, ਜਿਸ ਨੂੰ ਮਨਜ਼ੂਰ ਕਰਦਿਆਂ ਮਾਨਯੋਗ ਵਧੀਕ ਸੈਸ਼ਨ ਜੱਜ ਸ੍ਰੀ ਜੋਸਨ ਨੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ, ਉਸ ਦੇ ਪੀ. ਐਸ. ਓ. ਜੋਗਾ ਸਿੰਘ, ਪੀ. ਏ. ਮਨੀਸ਼ ਕੁਮਾਰ, ਚਰਨਜੀਤ ਕੌਰ, ਸ਼ਿਵ ਸਿੰਘ ਵਾਸੀ ਯੂ. ਕੇ. ਨੂੰ ਬਤੌਰ ਮੁਜ਼ਰਮ ਸੰਮਨ ਜਾਰੀ ਕਰ ਦਿੱਤੇ ਹਨ। ਪੁਲਿਸ ਨੂੰ ਇਨ੍ਹਾਂ ਦੇ ਬਤੌਰ ਦੋਸ਼ੀ ਸਪਲੀਮੈਂਟ ਚਲਾਨ ਪੇਸ਼ ਕਰਨ ਦੇ ਵੀ ਆਦੇਸ਼ ਜਾਰੀ ਕੀਤੇ ਗਏ ਹਨ।



## ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀਆਂ ਚੋਣਾਂ ਨਵੰਬਰ ਦੇ ਅੰਤ 'ਚ ਹੋਣ ਦੀਆਂ ਸੰਭਾਵਨਾਵਾਂ

**ਅੰਮ੍ਰਿਤਸਰ/ ਸਿੱਖ ਸਿਆਸਤ ਬਿਊਰੋ:** ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਹਾਊਣ ਚੋਣਾਂ ਨਵੰਬਰ ਦੇ ਅਖੀਰ 'ਚ ਹੋਣ ਦੀਆਂ ਸੰਭਾਵਨਾਵਾਂ ਹਨ। ਸ਼੍ਰੋਮਣੀ ਕਮੇਟੀ ਨੇ 6 ਨਵੰਬਰ ਨੂੰ ਐਗਜ਼ੈਕਟਿਵ ਦੀ ਮੀਟਿੰਗ ਸੱਦੀ ਹੋਈ ਹੈ। ਐਗਜ਼ੈਕਟਿਵ ਜਨਰਲ ਹਾਊਸ ਮੀਟਿੰਗ ਦਾ ਸੱਦਾ ਦਏਗੀ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 190 ਮੈਂਬਰਾਂ ਦੇ ਹਾਊਣ 'ਚ 170 ਮੈਂਬਰ ਚੋਣਾਂ ਰਾਹੀਂ ਅਤੇ 17 ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ ਜਦਕਿ 5 ਮੈਂਬਰ ਤਖ਼ਤਾਂ ਦੇ ਜਥੇਦਾਰਾਂ ਨੂੰ ਮੰਨਿਆ ਜਾਂਦਾ ਹੈ ਜੋ ਕਿ ਲੋੜ ਪੈਣ 'ਤੇ ਆਪਣੀ ਵੋਟ ਦਾ ਇਸਤੇਮਾਲ ਕਰਦੇ ਹਨ। ਮੌਜੂਦਾ ਹਾਊਸ ਦੇ ਮੈਂਬਰ 2011 'ਚ ਚੁਣੇ ਗਏ ਸੀ। ਮੌਜੂਦਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪਿਛਲੇ ਸਾਲ ਅਵਤਾਰ ਸਿੰਘ ਮੱਕੜ ਦੀ ਥਾਂ 'ਤੇ ਪ੍ਰਧਾਨ ਬਣੇ ਸਨ।










# ਰਾਸ਼ਟਰੀ ਸਿੱਖ ਸੰਗਤ ਵਲੋਂ ਗੱਲਬਾਤ ਲਈ ਕੀਤੀ ਪੇਸ਼ਕਸ਼ ਦਾ ਜਥੇਦਾਰ ਵੱਲੋਂ ਹਾਂ-ਪੱਖੀ ਹੁੰਗਾਰਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਆਰਐਸਐਸ ਨਾਲ ਸਬੰਧਤ ਰਾਸ਼ਟਰੀ ਸਿੱਖ ਸੰਗਤ ਵੱਲੋਂ ਸਿੱਖ ਕੌਮ ਨਾਲ ਮੱਤਭੇਦ ਦੂਰ ਕਰਨ ਲਈ ਗੱਲਬਾਤ ਦੀ ਕੀਤੀ ਪੇਸ਼ਕਸ਼ ਦਾ ਹਾਂ-ਪੱਖੀ ਹੁੰਗਾਰਾ ਭਰਦਿਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਬਾਰੇ ਸਿੱਖ ਵਿਦਵਾਨਾਂ ਵੱਲੋਂ ਕੁਝ ਸਵਾਲ ਤਿਆਰ ਕੀਤੇ ਗਏ ਹਨ, ਜਿਨ੍ਹਾਂ ਦਾ ਤਸੱਲੀਬਖਸ਼ ਜਵਾਬ ਮਿਲਣ ’ਤੇ ਗੱਲਬਾਤ ਦੀ ਪ੍ਰਕਿਰਿਆ ਅੱਗੇ ਤੋਰੀ ਜਾ ਸਕਦਾ ਹੈ। ਸੂਬੇ ਵਿਚ ਮਾਂ ਬੋਲੀ ਪੰਜਾਬੀ ਨੂੰ ਪਹਿਲਾ ਦਰਜਾ ਦਿਵਾਉਣ ਲਈ ਪੰਜਾਬੀ ਹਿਤੈਸ਼ੀ ਵੱਲੋਂ ਚਲਾਈ ਮੁਹਿੰਮ ਦਾ ਸਮਰਥਨ ਕਰਦਿਆਂ ਜਥੇਦਾਰ ਨੇ ਕਿਹਾ ਕਿ ਇਹ ਸੂਬਾ ਸਰਕਾਰ ਦੀ ਨਾਕਾਮੀ ਹੈ ਕਿ ਪੰਜਾਬ ਵਿਚ ਹੀ ਪੰਜਾਬੀ ਨੂੰ ਤੀਜੇ ਸਥਾਨ ’ਤੇ ਰੱਖਿਆ ਗਿਆ ਹੈ, ਜੋ ਅਨਿਆਂ ਹੈ। ਲੁਧਿਆਣਾ ‘ਚ ਇੰਦਰਾ ਗਾਂਧੀ ਦਾ ਬੁੱਤ ਲਾਉਣ ਦੀ ਯੋਜਨਾ ਦਾ ਵਿਰੋਧ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਦਾ ਮਾਹੌਲ ਖ਼ਰਾਬ ਹੋਵੇਗਾ। ਪੰਜਾਬ ਸਰਕਾਰ ਇਸ ਫੈਸਲੇ ’ਤੇ ਮੁੜ ਗ਼ੌਰ ਕਰੇ। ਇਥੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਚ ਮੀਡੀਆ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਰਾਸ਼ਟਰੀ ਸਿੱਖ ਸੰਗਤ ਨੇ ਇਸ ਤੋਂ ਪਹਿਲਾਂ ਵੀ ਕਈ ਵਾਰ ਗੱਲਬਾਤ ਦੀ ਪੇਸ਼ਕਸ਼ ਕੀਤੀ ਹੈ। ਇਸ ਦੇ ਆਧਾਰ ’ਤੇ ਸਿੱਖ ਵਿਦਵਾਨਾਂ ਦੀ ਕਮੇਟੀ ਵੱਲੋਂ ਕੁਝ ਸਵਾਲ ਤਿਆਰ ਕੀਤੇ ਗਏ ਹਨ, ਜਿਨ੍ਹਾਂ ਵਿਚ ਆਰਐਸਐਸ ਵੱਲੋਂ ਕੱਢੇ ਗਏ ਨਗਰ ਕੀਰਤਨ, ਸਿੱਖ ਸਿਧਾਂਤਾਂ, ਸਿੱਖ ਧਰਮ, ਸਿੱਖਾਂ ਦੇ ਵੱਖਰੀ ਕੌਮ ਹੋਣ ਬਾਰੇ ਸਵਾਲ ਸ਼ਾਮਲ ਹਨ। ਜੇਕਰ ਆਰਐਸਐਸ ਆਗੂ ਇਥੇ ਆ ਕੇ ਇਨ੍ਹਾਂ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਦਿੰਦੇ ਹਨ ਤਾਂ ਗੱਲਬਾਤ ਅੱਗੇ ਤੋਰੀ ਜਾ ਸਕਦੀ ਹੈ। ਪਰ ਸੰਘ ਵੱਲੋਂ ਅਜੇ ਤਕ ਇਥੇ ਕੋਈ ਨਹੀਂ ਬਹੁੜਿਆ ਹੈ ਅਤੇ ਨਾ ਹੀ ਗੱਲਬਾਤ ਲਈ ਸਿੱਧੇ ਤੌਰ ’ਤੇ ਪੇਸ਼ਕਸ਼ ਆਈ ਹੈ।



ਜ਼ਿਕਰਯੋਗ ਹੈ ਕਿ ਰਾਸ਼ਟਰੀ ਸਿੱਖ ਸੰਗਤ ਵੱਲੋਂ 25 ਅਕਤੂਬਰ ਨੂੰ ਦਿੱਲੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਕਰਾਇਆ ਗਿਆ, ਜਿਸ ਦਾ ਸਿੱਖ ਕੌਮ ਨੇ ਬਾਈਕਾਟ ਕੀਤਾ ਸੀ। ਇਸ ਮਗਰੋਂ ਆਰਐਸਐਸ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਗੱਲਬਾਤ ਦੀ ਪੇਸ਼ਕਸ਼ ਕੀਤੀ ਗਈ ਹੈ। ਆਰਐਸਐਸ ਦੇ ਸਮਾਗਮ ਵਿਚ ਸ਼ਾਮਲ ਹੋਏ ਸਿੱਖ ਆਗੂਆਂ ਖ਼ਿਲਾਫ਼ ਕਾਰਵਾਈ ਬਾਰੇ ਜਥੇਦਾਰ ਨੇ ਕਿਹਾ ਕਿ ਇਸ ਬਾਰੇ ਕੁਝ ਜਥੇਬੰਦੀਆਂ ਵੱਲੋਂ ਸ਼ਿਕਾਇਤਾਂ ਪੁੱਜੀਆਂ ਹਨ, ਜਿਸ ਬਾਰੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਚਾਰ ਕੀਤਾ ਜਾਵੇਗਾ। ਇਸ ਦੌਰਾਨ ਉਨ੍ਹਾਂ ਨੇ ਮਾਤਾ ਸਾਹਿਬ ਕੌਰ ਦਾ ਜਨਮ ਦਿਹਾੜਾ ਤਿੰਨ ਨਵੰਬਰ ਨੂੰ ਵੱਡੇ ਪੱਧਰ ’ਤੇ ਮਨਾਉਣ ਦੀ ਅਪੀਲ ਕੀਤੀ ਹੈ।

## ’84 ਕਤਲੇਆਮ ਵਿਚ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਦੇਣ ਦੀ ਅਪੀਲ

ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸਮੂਹ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਨਵੰਬਰ 1984 ਸਿੱਖ ਕਤਲੇਆਮ ਵਿਚ ਮਾਰੇ ਗਏ ਲੋਕਾਂ ਦੀ ਯਾਦ ਵਿਚ ਇਕ ਨਵੰਬਰ ਨੂੰ ਸ਼ਾਮ ਛੇ ਵਜੇ ਇਕ ਮਿੰਟ ਲਈ ਨਾਮ ਸਿਮਰਨ ਕਰਕੇ ਸ਼ਰਧਾਂਜਲੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਦਿਨ ਕੈਨੇਡਾ ਵਿੱਚ ਸਿੱਖਾਂ ਵੱਲੋਂ ਖ਼ੂਨਦਾਨ ਕੀਤਾ ਜਾਂਦਾ ਹੈ। ਹੁਣ ਤਕ 1.20 ਲੱਖ ਲੋਕਾਂ ਵੱਲੋਂ ਖ਼ੂਨਦਾਨ ਕੀਤਾ ਜਾ ਚੁੱਕਾ ਹੈ।

## ਬਲਾਤਕਾਰੀ ਸਾਧ ਦਾ ਪੁੱਤ ਨਹੀਂ ਸੰਭਾਲੇਗਾ ਸਿਰਸਾ ਡੇਰੇ ਦੀ ਗੱਦੀ

**ਚੰਡੀਗੜ੍ਹ/ਬਿਊਰੋ ਨਿਊਜ਼,** ਅਪਣੀਆਂ ਸ਼ਰਧਾਲੂ ਸਾਧਵੀਆਂ ਨਾਲ ਜਬਰ ਜਨਾਹ ਦੇ ਦੋਸ਼ ‘ਚ 20 ਸਾਲ ਦੀ ਕੈਦ ਕੱਟ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਪੁੱਤਰ ਜਸਮੀਤ ਸਿੰਘ ਇੰਸਾਂ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਉਹ ਉਕਤ ਡੇਰੇ ਦੀ ਗੱਦੀ ਨਹੀਂ ਸੰਭਾਲ ਰਿਹਾ।

ਜਸਮੀਤ ਇੰਸਾਂ ਨੇ ਇਥੇ ਜਾਰੀ ਬਿਆਨ ਰਾਹੀਂ ਸਪੱਸ਼ਟ ਕੀਤਾ ਹੈ ਕਿਉਨ੍ਹਾਂ ਦਾ ਡੇਰਾ ਮੁਖੀ ਬਣਨ ਦਾ ਕੋਈ ਇਰਾਦਾ ਨਹੀਂ ਹੈ। ਉਸ ਦੇ ਪਿਤਾ ਗੁਰਮੀਤ ਰਾਮ ਰਹੀਮ ਹੀ ਡੇਰਾ ਮੁਖੀ ਹਨ ਅਤੇ ਉਹੀ ਡੇਰਾ ਮੁਖੀ ਬਣੇ ਰਹਿਣਗੇ। ਉਨ੍ਹਾਂ ਕਿਹਾ ਕਿ ਕੁਝ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਵਲੋਂ ਉਨ੍ਹਾਂ ਦੇ ਗੱਦੀਨਸ਼ੀਨ ਹੋਣ ਬਾਰੇ ਆ ਰਹੀਆਂ ਖ਼ਬਰਾਂ ਵਿਚ ਕੋਈ ਸੱਚਾਈ ਨਹੀਂ ਹੈ। ਉਨ੍ਹਾਂ ਕਿਹਾ ਕਿ 25 ਅਗਸਤ ਨੂੰ ਵਾਪਰੀ ਦੁਖਦਾਈ ਘਟਨਾ ਨਾਲ ਉਨ੍ਹਾਂ ਨੂੰ ਬਹੁਤ ਕਸ਼ਟ ਹੋਇਆ ਹੈ। ਉਨ੍ਹਾਂ ਪੀੜਤਾਂ ਨਾਲ ਹਮਦਰਦੀ ਪ੍ਰਗਟਾਈ।



ਜਸਮੀਤ ਇੰਸਾਂ

ਉਸਨੇ ਕਿਹਾ ਕਿ ਮੇਰੇ ਪਿਤਾ ਪਿੱਛੋਂ ਵਿਪਾਸਨਾ ਵਲੋਂ ਡੇਰੇ ਦੀ ਚੇਅਰਪਰਸਨ ਵਜੋਂ ਜੋ ਫਰਜ਼ ਨਿਭਾਏ ਜਾ ਰਹੇ ਹਨ, ਉਸ ਵਿਚ ਵੀ ਕੋਈ ਬਦਲਾਅ ਨਹੀਂ ਕੀਤਾ ਜਾ ਰਿਹਾ। ਇਸ ਸਮੇਂ ਡੇਰੇ ਦਾ ਜੋ ਪ੍ਰਬੰਧ ਚੱਲ ਰਿਹਾ ਹੈ, ਉਹੀ ਜਾਰੀ ਰਹੇਗਾ। ਜਸਮੀਤ ਸਿੰਘ ਵਲੋਂ ਸਪੱਸ਼ਟ ਤੌਰ ‘ਤੇ ਕਿਹਾ ਕਿ ਮੇਰੇ ਪਿਤਾ ਨੂੰ ਪੰਚਕੂਲਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ 25 ਅਗਸਤ ਨੂੰ ਜੋ ਸਜ਼ਾ ਸੁਣਾਈ ਹੈ, ਉਸ ਵਿਰੁੱਧ ਪੰਜਾਬ ਤੇ ਹਰਿਆਣਾ ਕੋਰਟ ਵਿਚ ਅਪੀਲ ਪਹਿਲਾਂ ਹੀ ਦਾਇਰ ਕੀਤੀ ਜਾ ਚੁੱਕੀ ਹੈ ਤੇ ਉਮੀਦ ਹੈ ਕਿ ਸਾਨੂੰ ਪੂਰਾ ਪੂਰਾ ਇਨਸਾਫ਼ ਮਿਲੇਗਾ। ਉਨ੍ਹਾਂ ਕਿਹਾ ਕਿ ਅੱਜ ਦੇ ਹਾਲਾਤ ਵਿਚ ਮੈਂ ਡੇਰੇ ਦੀ ਕਮਾਂਡ ਸੰਭਾਲਣ ਦੀ ਗੱਲ ਸੋਚ ਵੀ ਨਹੀਂ ਸਕਦਾ। ਉਨ੍ਹਾਂ ਦਾਅਵਾ ਕੀਤਾ ਕਿ ਹੌਲੀ-ਹੌਲੀ ਡੇਰੇ ਦੇ ਹਾਲਾਤ ਠੀਕ ਹੁੰਦੇ ਜਾ ਰਹੇ ਹਨ ਤੇ ਕੁਝ ਹੀ ਦਿਨਾਂ ’ਚ ਹਾਲਾਤ ਆਮ ਵਰਗੇ ਹੋ ਜਾਣਗੇ।

# ਯੂ.ਕੇ. ਤੋਂ ਆਏ ਸਿੱਖ ਨੂੰ ਦਿੱਲੀ ਹਵਾਈ ਅੱਡੇ ’ਤੇ ਹਿਰਾਸਤ ’ਚ ਲੈਣ ਬਾਅਦ ਪੰਜਾਬ ਪੁਲਿਸ ਦੇ ਹਵਾਲੇ ਕੀਤਾ

**ਅੰਮ੍ਰਿਤਸਰ ਸਿੱਖ ਸਿਆਸਤ ਬਿਊਰੋ:**

ਇੰਗਲੈਂਡ ਤੋਂ ਆਏ ਇਕ ਸਿੱਖ ਨੌਜਵਾਨ ਨੂੰ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ’ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਮੰਗਲਵਾਰ (31 ਅਕਤੂਬਰ, 2017) ਵੱਡੇ ਤੜਕੇ ਰੋਕ ਲਿਆ। ਤਲਜੀਤ ਸਿੰਘ, ਜੋ ਕਿ ਜੰਮੂ ਦੇ ਰਹਿਣ ਵਾਲੇ ਹਨ, ਪਿਛਲੇ 9 ਸਾਲਾਂ ਤੋਂ ਇੰਗਲੈਂਡ ’ਚ ਰਹਿੰਦੇ ਹਨ, ਨੂੰ ਹਵਾਈ ਅੱਡੇ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਬਾਹਰ ਨਿਕਲਣ ਦੀ ਇਜਾਜ਼ਤ ਨਹੀਂ ਦਿੱਤੀ ਅਤੇ ਬਾਅਦ ’ਚ ਪੰਜਾਬ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ।

ਤਲਜੀਤ ਸਿੰਘ ਦੇ ਭਰਾ ਤਰਲੋਕ ਸਿੰਘ, ਜੋ ਕਿ ਹਵਾਈ ਅੱਡੇ ਦੇ ਰੱਖਿਆ ਦਰਵਾਜ਼ੇ ਦੇ ਬਾਹਰ ਖੜ੍ਹੇ ਆਪਣੇ ਭਰਾ ਦਾ ਇੰਤਜ਼ਾਰ ਕਰ ਰਹੇ ਸਨ, ਨੇ ਸਿੱਖ ਸਿਆਸਤ ਨਿਊਜ਼ ਨੂੰ ਫੋਨ ’ਤੇ ਦੱਸਿਆ ਕਿ ਉਨ੍ਹਾਂ ਨੇ ਹਵਾਈ ਅੱਡੇ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ ਅਤੇ ਅਧਿਕਾਰੀਆਂ ਨੇ ਉਸਦੇ ਭਰਾ (ਤਲਜੀਤ ਸਿੰਘ) ਨੂੰ ਬਾਹਰ ਨਹੀਂ ਆਉਣ ਦਿੱਤਾ।

ਉਨ੍ਹਾਂ ਨੇ ਦੱਸਿਆ, “ਬਾਅਦ ’ਚ ਮੇਰੇ ਸਾਹਮਣੇ ਪੰਜਾਬ ਪੁਲਿਸ ਦੀਆਂ ਗੱਡੀਆਂ ਆਈਆਂ ਅਤੇ ਮੇਰੇ ਭਰਾ ਨੂੰ ਨਾਲ ਲੈ ਗਈਆਂ।”

ਉਨ੍ਹਾਂ ਦਾਅਵਾ ਕੀਤਾ ਕਿ ਨਾ ਹੀ ਪੁਲਿਸ ਅਤੇ ਨਾ ਹੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਤਲਜੀਤ ਸਿੰਘ ਬਾਰੇ ਕੋਈ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ, “ਮੈਨੂੰ ਨਹੀਂ ਪਤਾ ਕਿ ਤਲਜੀਤ ਸਿੰਘ ਨੂੰ ਕਿੱਥੇ ਲੈ ਗਏ, ਮੇਰੀਆਂ ਅੱਖਾਂ ਸਾਹਮਣੇ ਪੁਲਿਸ ਮੇਰੇ ਭਰਾ ਨੂੰ ਲੈ ਗਈ।”

ਤਰਲੋਕ ਸਿੰਘ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਪੰਜਾਬ ਪੁਲਿਸ ਨੇ ਉਨ੍ਹਾਂ ’ਤੇ ਗ਼ੈਰ ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਸੀ ਅਤੇ ਉਹ ਕੁਝ ਮਹੀਨੇ ਪਹਿਲਾਂ ਹੀ ਜੇਲ੍ਹ ਤੋਂ ਬਾਹਰ ਆਏ ਹਨ। ਤਰਲੋਕ ਸਿੰਘ ਨੇ ਸਿੱਖ ਸਿਆਸਤ ਨਿਊਜ਼ ਨੂੰ ਫੋਨ ’ਤੇ ਦੱਸਿਆ, “ਪੁਲਿਸ ਮੇਰੇ ਕੋਲੋਂ ਮੇਰੇ ਭਰਾ ਬਾਰੇ ਪੁੱਛਗਿੱਛ ਕਰਦੀ ਸੀ। ਪੁਲਿਸ ਦਾਅਵਾ ਕਰਦੀ ਸੀ ਕਿ ਮੇਰੇ ਭਰਾ ਦੇ ਪਰਮਜੀਤ ਸਿੰਘ ਪੰਮਾ ਨਾਲ ਸਬੰਧ ਹਨ। ਮੈਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਮੈਂ ਪੁਲਿਸ ਨੂੰ ਕਿਹਾ ਕਿ ਤੁਸੀਂ ਖੁਦ ਹੀ ਮੇਰੇ ਭਰਾ ਨਾਲ ਗੱਲ ਕਰ ਲਵੋ ਜੋ ਕਿ ਲੰਡਨ ’ਚ ਰਹਿੰਦਾ ਹੈ। ਪੁਲਿਸ ਨੇ ਮੇਰੇ ਭਰਾ ਨਾਲ ਫੋਨ ’ਤੇ ਗੱਲ ਵੀ ਕੀਤੀ ਸੀ ਅਤੇ ਤਸੱਲੀ ਕੀਤੀ ਕਿ ਉਹ ਪਰਮਜੀਤ ਸਿੰਘ ਪੰਮਾ ਜਾਂ ਕਿਸੇ ਹੋਰ ਨਾਲ ਨਹੀਂ ਜੁੜੇ ਹੋਏ ਉਹ ਸਿਰਫ ਆਪਣੇ ਰੋਜ਼ਗਾਰ ਕਰਦੇ ਹਨ।

ਤਰਲੋਕ ਸਿੰਘ, ਜੋ ਕਿ ਪੰਜਾਬ ਵਾਪਸ ਆ ਗਿਆ, ਨੇ ਕਿਹਾ ਕਿ ਉਸਨੂੰ ਡਰ ਹੈ ਕਿ ਪੁਲਿਸ ਉਸਨੂੰ ਗ਼ੈਰਕਾਨੂੰਨੀ ਹਿਰਾਸਤ ’ਚ ਰੱਖ ਕੇ ਕਿਸੇ ਝੂਠੇ ਕੇਸ ’ਚ ਨਾ ਫਸਾ ਦੇਵੇ। ਉਸਨੇ ਕਿਹਾ ਕਿ ਮੇਰੀ ਪਹਿਲੀ ਕੋਸ਼ਿਸ਼ ਹੈ ਕਿ ਆਪਣੇ ਭਰਾ ਤਲਜੀਤ ਸਿੰਘ ਬਾਰੇ ਪਤਾ ਕਰਾਂ ਕਿ ਉਹ ਕਿੱਥੇ ਹੈ

# ਜੰਤਰ-ਮੰਤਰ ’ਤੇ ਪ੍ਰਦਰਸ਼ਨ ਕਰ ਰਹੇ ਸਾਬਕਾ ਫ਼ੌਜੀਆਂ ਨੂੰ ਦਿੱਲੀ ਪੁਲਿਸ ਨੇ ਖਦੇੜਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੌਮੀ ਗਰੀਨ ਟ੍ਰਿਬਿਊਨਲ (ਐਨਜੀਟੀ) ਵੱਲੋਂ ਜੰਤਰ-ਮੰਤਰ ’ਤੇ ਪ੍ਰਦਰਸ਼ਨ ਕਰਨ ਅਤੇ ਲਾਊਡ ਸਪੀਕਰ ਵਜਾਉਣ ’ਤੇ ਲਾਈ ਰੋਕ ਨੂੰ ਲਾਗੂ ਕਰਨ ਲਈ ਦਿੱਲੀ ਪੁਲੀਸ ਨੇ ਸਖ਼ਤੀ ਦਿਖਾਈ। ਪੁਲੀਸ ਨੇ ਜੰਤਰ-ਮੰਤਰ ਰੋਡ ’ਤੇ ਲੱਗੇ ਆਰਜ਼ੀ ਤੰਬੂ ਉਖਾੜ ਸੁੱਟੇ ਅਤੇ ਪ੍ਰਦਰਸ਼ਨਕਾਰੀਆਂ ਨੂੰ ਖਦੇੜ ਦਿੱਤਾ। ਪਰ ਪੁਲੀਸ ਅਧਿਕਾਰੀਆਂ ਨੇ ਕਾਰਵਾਈ ਤੋਂ ਪਹਿਲਾਂ ਪ੍ਰਦਰਸ਼ਨਕਾਰੀਆਂ ਨੂੰ ਐਨਜੀਟੀ ਦੇ ਹੁਕਮਾਂ ਬਾਰੇ ਦੱਸ ਦਿੱਤਾ ਸੀ। ਪੁਲੀਸ ਨੇ ਪਿਛਲੇ ਦਿਨੀਂ ਐਨਜੀਟੀ ਦੇ ਹੁਕਮਾਂ ਬਾਬਤ ਸੜਕ ਕੰਢੇ ਬੋਰਡ ਵੀ ਲਗਾ ਦਿੱਤਾ ਸੀ। ਪੁਲੀਸ ਨੇ ਤਕਰੀਬਨ 2 ਸਾਲਾਂ ਤੋਂ ‘ਇੱਕ ਰੈਂਕ ਇੱਕ ਪੈਨਸ਼ਨ’ ਦੀ ਮੰਗ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਾਬਕਾ ਫ਼ੌਜੀਆਂ ਦਾ ਆਰਜ਼ੀ ਤੰਬੂ ਵੀ ਪੁੱਟ ਦਿੱਤਾ। ਸਾਬਕਾ ਫ਼ੌਜੀਆਂ ਦੇ ਆਗੂ ਸੇਵਾਮੁਕਤ ਮੇਜਰ ਜਨਰਲ ਸਤਬੀਰ ਸਿੰਘ ਨੇ ਕਿਹਾ ਕਿ ਲੋਕਤੰਤਰ ਵਿੱਚ ਸਾਬਕਾ ਫ਼ੌਜੀਆਂ ਦੀ ਆਵਾਜ਼ ਦਬਾਈ ਜਾ ਰਹੀ ਹੈ। ਦਿੱਲੀ ਪੁਲੀਸ ਤੇ ਦਿੱਲੀ ਨਗਰ ਨਿਗਮ ਨੇ ਉਨ੍ਹਾਂ ਦਾ ਤੰਬੂ ਪੁੱਟ ਦਿੱਤਾ ਹੈ ਜਦੋਂ ਕਿ ਉਸ ਸਮੇਂ ਇੱਕ ਸਾਬਕਾ ਫ਼ੌਜੀ ਦੀ ਪਤਨੀ ਤੰਬੂ ਅੰਦਰ ਸੀ। ਉਨ੍ਹਾਂ ਕਿਹਾ ਕਿ ਪੁਲੀਸ ਦੀ ਕਾਰਵਾਈ ਵਿਚ ਕੋਈ ਜ਼ਖ਼ਮੀ ਨਹੀਂ ਹੋਇਆ। ਸਤਬੀਰ ਸਿੰਘ ਨੇ ਦੱਸਿਆ ਕਿ ਐਮਸੀਡੀ ਉਨ੍ਹਾਂ ਦਾ ਸਾਮਾਨ ਵੀ ਲੈ ਗਈ ਹੈ ਅਤੇ ਇਹ ਧੱਕਾ ਹੈ।




ਦਿੱਲੀ ਪੁਲੀਸ, ਦਿੱਲੀ ਸਰਕਾਰ, ਐਨਡੀਐਮਸੀ ਤੇ ਹੋਰ ਸਬੰਧਤ ਏਜੰਸੀਆਂ ਨੇ ਹੁਕਮਾਂ ਦੀ ਤਾਮੀਲ ਕਰਕੇ ਐਨਜੀਟੀ ਨੂੰ ਰਿਪੋਰਟ ਦੇਣੀ ਹੈ ਇਸ ਲਈ ਕਾਰਵਾਈ ਵਿੱਚ ਤੇਜ਼ੀ ਲਿਆਂਦੀ ਗਈ ਹੈ। ਜ਼ਿਕਰਯੋਗ ਹੈ ਕਿ ਇਕ ਸਥਾਨਕ ਵਿਅਕਤੀ ਨੇ ਐਨਜੀਟੀ ਨੂੰ ਅਪੀਲ ਕੀਤੀ ਸੀ ਕਿ ਜੰਤਰ-ਮੰਤਰ ’ਤੇ ਰੋਜ਼ਾਨਾ ਹੁੰਦੇ ਧਰਨੇ, ਪ੍ਰਦਰਸ਼ਨਾਂ ਨੂੰ ਰੋਕਿਆ ਜਾਵੇ ਕਿਉਂਕਿ ਇਸ ਨਾਲ ਉਨ੍ਹਾਂ ਦੇ ਸ਼ਾਂਤ ਜੀਵਨ ਬਤੀਤ ਕਰਨ ਦੇ ਅਧਿਕਾਰ ਦੀ ਉਲੰਘਣਾ ਹੁੰਦੀ ਹੈ।

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਅਮਰੀਕਾ ਦੀ ਚਿਤਾਵਨੀ

## *ਜੇ ਪਾਕਿ ਨੇ ਅੱਤਵਾਦ ਖ਼ਤਮ ਨਾ ਕੀਤਾ ਤਾਂ ਕਾਰਵਾਈ ਕਰਾਂਗੇ*

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਵਿਚ ਵਿਦੇਸ਼ ਮੰਤਰਾਲੇ ਨੇ ਪਾਕਿਸਤਾਨ ਨੂੰ ਸਖ਼ਤ ਚਿਤਾਵਨੀ ਜਾਰੀ ਕਰਦੇ ਹੋਏ ਆਪਣੇ ਦੇਸ਼ ਵਿਚ ਚਲ ਰਹੀਆਂ ਅੱਤਵਾਦੀ ਸਰਗਰਮੀਆਂ 'ਤੇ ਜਲਦ ਕਾਰਵਾਈ ਕਰਨ ਦੀ ਹਦਾਇਤ ਦਿੱਤੀ ਹੈ। ਟਰੰਪ ਪ੍ਰਸ਼ਾਸਨ ਨੇ ਪਾਕਿਸਤਾਨ ਨੂੰ ਸਖ਼ਤ ਲਹਿਜ਼ੇ ਵਿਚ ਕਿਹਾ ਹੈ ਕਿ ਜੇਕਰ ਉਹ ਅੱਤਵਾਦੀਆਂ ਖਿਲਾਫ਼ ਕਾਰਵਾਈ ਕਰਨ ਵਿਚ ਅਸਫ਼ਲ ਰਹਿੰਦਾ ਹੈ ਤਾਂ ਅਮਰੀਕਾ ਫਿਰ ਆਪਣੇ ਤਰੀਕੇ ਅਪਣਾਏਗਾ। ਅਮਰੀਕਾ ਵਿਚ ਵਿਦੇਸ਼ ਮੰਤਰਾਲੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਟਰੰਪ ਪ੍ਰਸ਼ਾਸਨ ਨੇ ਪਾਕਿਸਤਾਨ ਨੂੰ ਸਪਸ਼ਟ ਰੂਪ ਵਿਚ ਕਹਿ ਦਿੱਤਾ ਹੈ ਕਿ ਉਹ ਅੱਤਵਾਦੀ ਸੰਗਠਨਾਂ ਖ਼ਿਲਾਫ਼ ਫ਼ੈਸਲਾਕੁਨ ਕਾਰਵਾਈ ਕਰੇ ਅਤੇ ਆਪਣੀ ਜ਼ਮੀਨ 'ਤੇ ਪਨਾਹਗਾਹਾਂ ਦਾ ਖ਼ਾਤਮਾ ਕਰੇ। ਵਿਦੇਸ਼ ਮੰਤਰੀ ਰੇਕਸ ਟਿਲਰਸਨ ਹਾਲ ਹੀ ਵਿਚ ਅਫ਼ਗਾਨਿਸਤਾਨ, ਪਾਕਿਸਤਾਨ ਤੇ ਭਾਰਤ ਦੀ ਆਪਣੀ ਪਹਿਲੀ ਯਾਤਰਾ ਕਰ ਕੇ ਪਰਤੇ ਹਨ। ਇਸ ਦੇ ਇਕ ਦਿਨ ਬਾਅਦ ਵਿਦੇਸ਼ ਵਿਭਾਗ ਦੀ ਬੁਲਾਰਨ ਹੀਥਰ ਨੌਰਟ ਨੇ ਕਿਹਾ ਕਿ ਅਸੀਂ ਕਈ ਵਾਰ ਪਾਕਿਸਤਾਨ ਨੂੰ ਇਹ ਕਹਿ ਚੁੱਕੇ ਹਾਂ ਕਿ ਉਸ ਨੂੰ ਆਪਣੀਆਂ ਸਰਹੱਦਾਂ ਅੰਦਰ ਅੱਤਵਾਦੀ ਸੰਗਠਨਾਂ ਖ਼ਿਲਾਫ਼ ਨਿਰਣਾਇਕ ਕਾਰਵਾਈ ਕਰਨੀ ਚਾਹੀਦੀ ਹੈ। ਵਿਦੇਸ਼ ਯਾਤਰਾ ਦੌਰਾਨ ਜਨੇਵਾ ਵਿਚ ਇਕ ਪ੍ਰੈੱਸ ਕਾਨਫ਼ਰੰਸ ਵਿਚ ਟਿਲਰਸਨ ਨੇ ਕਿਹਾ ਕਿ ਅਮਰੀਕਾ ਨੇ ਪਾਕਿਸਤਾਨ ਨਾਲ ਅੱਤਵਾਦੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਖ਼ਵਾਜਾ ਆਸਿਫ਼ ਨੇ ਬੀਤੇ ਦਿਨ ਵਿਦੇਸ਼ ਮਾਮਲਿਆਂ 'ਤੇ ਨੈਸ਼ਨਲ ਅਸੰਬਲੀ ਸਟੈਂਡਿੰਗ ਕਮੇਟੀ ਨਾਲ ਇਕ ਬੈਠਕ ਵਿਚ ਕਿਹਾ ਕਿ ਪਾਕਿਸਤਾਨ ਨਾ ਤਾਂ ਅਮਰੀਕਾ ਦੇ ਸਾਹਮਣੇ ਆਤਮ ਸਮਰਪਣ ਕਰੇਗਾ ਤੇ ਨਾ ਹੀ ਆਪਣੀ ਪ੍ਰਭੂਸੱਤਾ ਨਾਲ ਸਮਝੌਤਾ ਕਰੇਗਾ। ਆਸਿਫ਼ ਨੇ ਦਾਅਵਾ ਕੀਤਾ ਕਿ ਅਮਰੀਕਾ ਨੇ ਪਾਕਿਸਤਾਨ ਨੂੰ ਕੋਈ ਵਿਸ਼ੇਸ਼ 'ਇੱਛਾ ਸੂਚੀ' ਨਹੀਂ ਦਿੱਤੀ ਹੈ। ਅਮਰੀਕਾ ਨੇ 75 ਲੋੜੀਂਦੇ ਅੱਤਵਾਦੀਆਂ ਦੀ ਸੂਚੀ ਸੌਂਪੀ ਹੈ ਤੇ ਪਾਕਿਸਤਾਨ 'ਤੇ ਇਸ ਗੱਲ ਲਈ ਜ਼ੋਰ ਦਿੱਤਾ ਹੈ ਕਿ ਉਹ ਹੱਕਾਨੀ ਨੈੱਟਵਰਕ 'ਤੇ ਕਰੜਾ ਰੁਖ਼ ਅਪਣਾਏ। ਆਸਿਫ਼ ਦੀਆਂ ਟਿੱਪਣੀਆਂ 'ਤੇ ਇਕ ਸਵਾਲ ਦੇ ਜਵਾਬ ਵਿਚ ਬੁਲਾਰਨ ਨੇ ਕਿਹਾ ਕਿ ਟਿਲਰਸਨ ਨੇ ਆਪਣੀ ਯਾਤਰਾ ਦੌਰਾਨ ਪਾਕਿਸਤਾਨੀ ਅਗਵਾਈ ਸਾਹਮਣੇ ਅਮਰੀਕਾ ਦੀਆਂ 'ਉਮੀਦਾਂ' ਨੂੰ ਰੱਖਿਆ ਹੈ।

# ਸਿੱਖ ਜਥੇਬੰਦੀਆਂ ਸਿੱਖ ਕਤਲੇਆਮ ਸਬੰਧੀ ਟਰੰਪ ਸਰਕਾਰ ਕੋਲ ਭੇਜਣਗੀਆਂ ਪਟੀਸ਼ਨਾਂ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਨਵੰਬਰ 1984 ਸਿੱਖ ਨਸਲਕੁਸ਼ੀ ਮਾਮਲੇ ਵਿੱਚ ਨਿਆਂ ਪ੍ਰਾਪਤੀ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੀ ਮੰਗ ਨੂੰ ਲੈ ਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖਸ ਫਾਰ ਜਸਟਿਸ ਵੱਲੋਂ ਇਕ ਦਸਤਖ਼ਤੀ ਪਟੀਸ਼ਨ ਤਿਆਰ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ, ਜੋ 26 ਨਵੰਬਰ ਨੂੰ ਅਮਰੀਕਾ ਦੀ ਟਰੰਪ ਸਰਕਾਰ ਨੂੰ ਸੌਂਪੀ ਜਾਵੇਗੀ। ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਫੈਡਰੇਸ਼ਨ ਅਤੇ ਸਿੱਖਸ ਫਾਰ ਜਸਟਿਸ ਵੱਲੋਂ ਇਸ ਸਬੰਧੀ ਪਹਿਲੀ ਨਵੰਬਰ ਨੂੰ ਹਰਿਮੰਦਰ ਸਾਹਿਬ ਸਮੂਹ ਵਿੱਚ ਕੈਂਪ ਲਾਇਆ ਜਾਵੇਗਾ, ਜਿੱਥੇ ਲੋਕਾਂ ਕੋਲੋਂ ਇਸ ਪਟੀਸ਼ਨ 'ਤੇ ਦਸਤਖ਼ਤ ਕਰਾਏ ਜਾਣਗੇ। ਇਹ ਪਟੀਸ਼ਨ 26 ਨਵੰਬਰ ਨੂੰ ਟਰੰਪ ਸਰਕਾਰ ਨੂੰ ਸੌਂਪੀ ਜਾਵੇਗੀ, ਜਿਸ ਰਾਹੀਂ ਉਨ੍ਹਾਂ ਨੂੰ ਸਿੱਖ ਨਸਲਕੁਸ਼ੀ ਦੇ 33 ਵਰ੍ਹੇ ਬੀਤਣ ਮਗਰੋਂ ਵੀ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਾ ਹੋਣ ਦੇ ਵਿਰੋਧ ਵਿੱਚ ਨਿੰਦਾ ਮਤਾ ਪਾਉਣ ਦੀ ਅਪੀਲ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਇਹ ਪਟੀਸ਼ਨ ਵ੍ਹਾਈਟ ਹਾਊਸ ਨੂੰ ਭੇਜੀ ਜਾਵੇਗੀ ਤੇ ਕਥਿਤ ਤੌਰ 'ਤੇ ਕਾਤਲਾਂ ਨੂੰ ਬਚਾਅ ਰਹੀ ਕੇਂਦਰ ਸਰਕਾਰ ਦੀ ਨਿੰਦਾ ਲਈ ਅਪੀਲ ਕੀਤੀ ਜਾਵੇਗੀ।

### ਇੰਦਰਾ ਗਾਂਧੀ ਦੇ ਬੁੱਤ ਦਾ ਦਮਦਮੀ ਟਕਸਾਲ ਵੱਲੋਂ ਵਿਰੋਧ

ਦਮਦਮੀ ਟਕਸਾਲ ਨੇ ਲੁਧਿਆਣਾ ਵਿੱਚ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਬੁੱਤ ਲਾਉਣ ਦੀ ਯੋਜਨਾ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਜੇ ਅਜਿਹਾ ਹੋਇਆ ਤਾਂ ਸਿੱਖਾਂ ਵੱਲੋਂ ਆਪਣੇ ਨਾਇਕਾਂ ਦੇ ਬੁੱਤ ਲਾਏ ਜਾਣਗੇ। ਟਕਸਾਲ ਦੇ ਮੁਖੀ ਹਰਨਾਮ ਸਿੰਘ ਖ਼ਾਲਸਾ ਨੇ ਸਪਸ਼ਟ ਕੀਤਾ ਕਿ ਜੇ ਪੰਜਾਬ ਕਾਂਗਰਸ ਨੇ ਲੁਧਿਆਣਾ 'ਚ ਇੰਦਰਾ ਗਾਂਧੀ ਦਾ ਬੁੱਤ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਸਿੱਖਾਂ ਵੱਲੋਂ ਕੇਹਰ ਸਿੰਘ, ਸਤਵੰਤ ਸਿੰਘ ਅਤੇ ਬੇਅੰਤ ਸਿੰਘ ਦੇ ਬੁੱਤ ਲਾਏ ਜਾਣਗੇ।

# ਮੂਲ ਨਾਨਕ ਸ਼ਾਹੀ ਕੈਲੰਡਰ ਸਬੰਧੀ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੀ ਕਾਨਫਰੰਸ ਨੂੰ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਪੂਰਨ ਹਮਾਇਤ

**ਸ਼ਿਕਾਗੋ/ਮੱਖਣ ਸਿੰਘ ਕਲੇਰ:**

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਮੂਲ ਨਾਨਕ ਸ਼ਾਹੀ ਕੈਲੰਡਰ ਸਬੰਧੀ ਸਥਾਨਕ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੀ ਦੋ ਰੋਜ਼ਾ ਕਾਨਫਰੰਸ ਨੂੰ ਪੂਰਨ ਹਮਾਇਤ ਦੇਣ ਦਾ ਐਲਾਨ ਕੀਤਾ ਹੈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਸਿੱਖ ਰਿਲੀਜਸ ਸੁਸਾਇਟੀ ਸ਼ਿਕਾਗੋ ਵੱਲੋਂ ਨਾਨਕਸ਼ਾਹੀ ਕੈਲੰਡਰ ਸਬੰਧੀ ਸਥਾਨਕ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਇਸ ਦੋ ਰੋਜ਼ਾ ਕਾਨਫਰੰਸ ਲਈ ਮਿੱਡਵੈਸਟ ਦੇ ਸਮੂਹ ਗੁਰੂਘਰਾਂ ਅਤੇ ਸੰਗਤਾਂ ਨੂੰ ਸੱਦਾ ਦਿੱਤਾ ਗਿਆ ਹੈ ਤਾਂ ਜੋ ਇੱਕ ਰਾਏ ਬਣਾ ਕੇ ਇਸ ਨੂੰ ਸਥਾਈ ਰੂਪ ਵਿੱਚ ਸਥਾਪਤ ਕੀਤਾ ਜਾ ਸਕੇ।

ਸ਼ਨਿਚਰਵਾਰ 11ਨਵੰਬਰ ਤੇ ਐਤਵਾਰ 12 ਨਵੰਬਰ ਨੂੰ ਕਰਵਾਈ ਜਾ ਰਹੀ ਇਸ ਕਾਨਫਰੰਸ ਮੌਕੇ ਸਥਾਨਕ ਸਿੱਖ ਆਗੂਆਂ ਤੋਂ ਇਲਾਵਾ ਬਾਹਰੋਂ ਜਿਹੜੇ ਚੋਟੀ ਦੇ ਵਿਦਵਾਨ ਪੁੱਜ ਰਹੇ ਹਨ ਉਨ੍ਹਾਂ ਵਿੱਚ ਚੋਟੀ ਦੇ ਵਿਦਵਾਨਾਂ ਵਿਚੋਂ ਨਾਨਕਾਸ਼ਾਹੀ ਕੈਲੰਡਰ ਦੇ ਮਾਹਿਰ ਸ. ਪਾਲ ਸਿੰਘ ਪੁਰੇਵਾਲ (ਕੈਨੇਡਾ) ਸਰਬਜੀਤ ਸਿੰਘ




(ਸੈਕਰਾਮੈਂਟੋ), ਨਰਿੰਜਨ ਸਿੰਘ ਢੇਸੀ, ਡਾ. ਸੁਖਪ੍ਰੀਤ ਸਿੰਘ ਉਦੋਕੇ, ਸੁਰਿੰਦਰ ਸਿੰਘ, ਅਤੇ ਬੀਬੀ ਜਸਬੀਰ ਕੌਰ (ਉਹਾਇਓ) ਸ਼ਾਮਲ ਹਨ। ਇਹ ਵਿਚਾਰ ਚਰਚਾ ਸਵੇਰੇ 10:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਹੋਵੇਗੀ।

ਕਾਨਫਰੰਸ ਦੇ ਪ੍ਰਬੰਧਕਾਂ ਵਲੋਂ ਜਿਥੇ ਹੋਰ ਸੰਸਥਾਵਾਂ ਨੂੰ ਸੱਦਾ ਦਿੱਤਾ ਗਿਆ ਹੈ ਉਥੇ ਹੀ ਪੰਥਕ ਸਫਾਂ ਵਿੱਚ ਵਿਚਰ ਰਹੀ ਅਤੇ ਦੇਸ਼ ਵਿਦੇਸ਼ ਵਿੱਚ ਹਰ ਪੰਥਕ ਮੁੱਦੇ ਤੇ ਦ੍ਰਿੜਤਾ ਦੇ ਨਾਲ ਪਹਿਰਾ ਦਿੰਦੀ ਆ ਰਹੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੂੰ ਵੀ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ, ਜਿਸ ਨੂੰ ਉਨਾਂ ਪ੍ਰਵਾਨ ਕਰਦਿਆਂ ਇਸ ਕਾਨਫਰੰਸ ਵਿੱਚ ਸ਼ਾਮਿਲ ਹੋਣ ਦਾ ਹੁੰਗਾਰਾ ਭਰਿਆ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ , ਅਮਰੀਕਾ ਸੀਨੀਅਰ ਮੈਂਬਰਾਂ ਕਨਵੀਨਰ ਬੂਟਾ ਸਿੰਘ ਖੜੌਦ, ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਪੈਨਲ ਮੈਂਬਰ ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ ਅਤੇ ਸਰਬਜੀਤ ਸਿੰਘ ਮੀਡੀਆ ਐਡਵਾਇਜ਼ਰ ਨੇ ਇਕ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਅਤੇ ਸਮੂਹ ਮੈਂਬਰ ਸ਼ੁਰੂ ਤੋਂ ਹੀ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦੇ ਚੁੱਕੇ ਹਨ। ਪੰਜਾਬ ਵਿੱਚ ਪਾਰਟੀ ਹਰ ਸਾਲ ਨਾਨਕਸ਼ਾਹੀ ਕੈਲੰਡਰ ਹੀ ਛਪਵਾ ਕੇ ਆਪਣੇ ਤੌਰ ਤੇ ਵੰਡਦੀ ਹੈ ਉਨਾਂ ਇਹ ਵੀ ਕਿਹਾ ਕਿ ਇਹ ਕੈਲੰਡਰ ਸਿੱਖ ਕੌਮ ਦੀ ਵਿੱਲਖਣਤਾ ਦਾ ਅਤੇ ਆਜਾਦੀ ਦਾ ਪ੍ਰਤੀਕ ਹੈ ।

When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

ACURA

AutoNation Acura Stevens Creek

4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ

Cell : 510.299.4326

Email : aulakhr1@autonation.com

LAW OFFICE OF

PARDEEP S. GREWAL

ਪ੍ਰਦੀਪ ਸਿੰਘ ਗਰੇਵਾਲ

Bankruptcy

Immigration • Divorce

ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
☞Chapter 7 & 13 Bankruptcy
☞Protect Your Assets- Home, Etc..
☞Start Fresh- Clear

Family Law • Divorce

Immigration Law
☞Deportation Cases- BIA Appeals
☞Ninth Circuit Appeals
☞Adjustment of Status (Green Card)
☞Visa Petitions, NVC

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

510.889.1999

email : info@pardeeplaw.com

20980 REDWOOD ROAD, SUITE 240 • CASTRO VALLEY CA 94546

# ਨਸ਼ਿਆਂ ਦਾ ਮਾਮਲਾ : ਮਹਿਸੂਸ ਹੁੰਦੈ ਕਿ ਮਜੀਠੀਆ ਦੋਸ਼ੀ ਪਰ ਹਾਲੇ ਸਬੂਤ ਨਹੀਂ ਮਿਲੇ : ਕੈਪਟਨ

**ਜਲੰਧਰ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਦੇ ਬਹੁ-ਚਰਚਿਤ ਮਾਮਲੇ 'ਤੇ ਆਪਣੀ ਖ਼ਾਮੋਸ਼ੀ ਤੋੜਦਿਆਂ ਕਿਹਾ ਕਿ ਜ਼ਾਤੀ ਤੌਰ 'ਤੇ ਉਨ੍ਹਾਂ ਨੂੰ ਵੀ ਲੱਗਦਾ ਹੈ ਕਿ ਬਿਕਰਮ ਸਿੰਘ ਮਜੀਠੀਆ ਤੇ ਹੋਰ ਅਕਾਲੀ ਆਗੂ ਦੋਸ਼ੀ ਹਨ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਵਿਰੁੱਧ ਸਬੂਤਾਂ ਦੀ ਉਡੀਕ ਕਰ ਰਹੇ ਹਨ।

ਮੁੱਖ ਮੰਤਰੀ ਬਣਨ ਤੋਂ 7 ਮਹੀਨੇ ਬਾਅਦ ਜਲੰਧਰ ਆਏ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਦੀ ਜਾਂਚ ਦਾ ਮਾਮਲਾ ਕੇਂਦਰੀ ਏਜੰਸੀਆਂ 'ਤੇ ਸੁੱਟਦਿਆਂ ਕਿਹਾ ਕਿ ਜਿਉਂ ਹੀ ਏਜੰਸੀਆਂ ਕੋਈ ਇਸ਼ਾਰਾ ਕਰਨਗੀਆਂ, ਪੰਜਾਬ ਸਰਕਾਰ ਫ਼ੌਰੀ ਦੋਸ਼ੀਆਂ ਵਿਰੁੱਧ ਕਾਰਵਾਈ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਬਾਰੇ ਚਾਰ ਕੇਂਦਰੀ ਏਜੰਸੀਆਂ- ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ), ਆਮਦਨ ਕਰ ਵਿਭਾਗ, ਨਾਰਕੋਟਿਕਸ ਕੰਟਰੋਲ ਬਿਊਰੋ ਅਤੇ ਡੀਆਰਆਈ ਜਾਂਚ ਕਰ ਰਹੀਆਂ ਹਨ। ਪੰਜਾਬ ਸਰਕਾਰ ਉਨ੍ਹਾਂ ਨੂੰ ਪੂਰਾ ਸਹਿਯੋਗ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਮਾਮਲੇ ਵਿਚ ਕਿਸੇ ਨੂੰ ਬਖਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਮਜੀਠੀਆ ਹੋਵੇ ਜਾਂ ਕੋਈ ਹੋਰ। ਗ਼ੌਰਤਲਬ ਹੈ ਕਿ ਕਾਂਗਰਸੀ ਵਿਧਾਇਕਾਂ ਨੇ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਕੋਲ ਮੰਗ ਰੱਖੀ ਸੀ ਕਿ ਨਸ਼ਿਆਂ ਦੇ ਮਾਮਲੇ ਵਿਚ ਸਾਬਕਾ ਅਕਾਲੀ ਮੰਤਰੀ ਸ੍ਰੀ ਮਜੀਠੀਆ ਵਿਰੁੱਧ ਕਾਰਵਾਈ ਕੀਤੀ ਜਾਵੇ। ਕਾਂਗਰਸ ਸਰਕਾਰ ਸੱਤ ਮਹੀਨਿਆਂ ਵਿਚ ਇਸ ਸਬੰਧੀ ਸਬੂਤ ਨਹੀਂ ਜੁਟਾ ਸਕੀ। ਕਾਂਗਰਸੀ ਵਿਧਾਇਕਾਂ ਦੀ ਮੰਗ ਮੁਤਾਬਕ ਜਾਂਚ ਕਰਵਾਉਣ ਬਾਰੇ ਉਨ੍ਹਾਂ ਕਿਹਾ ਕਿ ਕੇਂਦਰੀ ਏਜੰਸੀਆਂ ਜਾਂਚ ਕਰ ਰਹੀਆਂ ਹਨ ਤੇ ਉਨ੍ਹਾਂ ਦੀ ਜਾਂਚ ਨੂੰ ਉਲੰਘਿਆ ਨਹੀਂ ਜਾ ਸਕਦਾ। ਪੰਜਾਬ ਵਿਚ ਨਸ਼ਿਆਂ ਦੇ ਖਾਤਮੇ ਲਈ ਸਪੈਸ਼ਲ ਟਾਸਕ ਫੋਰਸ (ਐਸਟੀਐਫ) ਬਣਾਈ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਸਬੰਧੀ ਕਈ ਸੁਰਾਗ ਮਿਲੇ ਹਨ। ਲੁਧਿਆਣੇ ਵਿਚ ਆਰਐਸਐਸ ਆਗੂ ਰਵਿੰਦਰ ਗੋਸਾਈਂ ਦੇ ਕਤਲ ਬਾਰੇ ਕਾਂਗਰਸੀ ਐਮਪੀ ਰਵਨੀਤ ਸਿੰਘ ਬਿੱਟੂ ਦੇ ਦਾਅਵੇ ਕਿ ਕਾਤਲ ਕੈਨੇਡਾ ਵਿਚ ਬੈਠੇ ਹਨ, ਬਾਰੇ ਉਨ੍ਹਾਂ ਕਿਹਾ ਕਿ ਉਹ ਨਹੀਂ ਜਾਣਦੇ ਕਿ ਸ੍ਰੀ ਬਿੱਟੂ ਨੇ ਕੀ ਕਿਹਾ ਹੈ, ਪਰ ਇਹ ਜਾਂਚ ਵੀ ਕੇਂਦਰੀ ਏਜੰਸੀ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਅਤੇ ਐਨਡੀਪੀ ਦੇ ਨਵੇਂ ਬਣੇ ਆਗੂ ਜਗਮੀਤ ਸਿੰਘ 'ਗੈਰਜ਼ਿੰਮੇਵਾਰਾਨਾ ਤੇ ਭੜਕਾਊ' ਬਿਆਨਾਂ ਰਾਹੀਂ ਸੂਬੇ ਦਾ ਮਾਹੌਲ ਖ਼ਰਾਬ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਉਹ ਖ਼ੁਦ ਨੂੰ ਭਾਰਤੀ ਮੰਨਦੇ ਹਨ ਤਾਂ ਉਨ੍ਹਾਂ ਪੰਜਾਬ ਵਿੱਚ ਅਸਥਿਰਤਾ ਪੈਦਾ ਕਰਨ ਵਾਲੇ ਬੇਬੁਨਿਆਦ ਬਿਆਨ ਨਹੀਂ ਦੇਣੇ ਚਾਹੀਦੇ। ਬਿਜਲੀ ਦਰਾਂ ਦੇ ਵਾਧੇ 'ਤੇ ਨਾਖ਼ੁਸ਼ੀ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਬਿਜਲੀ ਰੈਗੂਲੇਟਰੀ ਕਮਿਸ਼ਨ ਦਾ ਫ਼ੈਸਲਾ ਹੈ, ਜਿਸ ਵਿਚ ਸਰਕਾਰ ਦਖਲ ਨਹੀਂ ਦੇ ਸਕਦੀ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਸਨਅਤਾਂ ਨੂੰ ਸਸਤੀ ਅਤੇ ਖੇਤਾਂ ਨੂੰ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਘਰੇਲੂ ਖੇਤਰ ਨੂੰ ਸਸਤੀ ਬਿਜਲੀ ਦੇਣ ਲਈ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਜਾਣਗੀਆਂ। ਕੁੱਤੇ ਰੱਖਣ 'ਤੇ ਟੈਕਸ ਲਾਉਣ ਦੀ ਗੱਲ ਨੂੰ ਸਿਰੇ ਤੋਂ ਨਕਾਰਦਿਆਂ ਉਨ੍ਹਾਂ ਕਿਹਾ ਕਿ ਅਜਿਹੀ ਕੋਈ ਤਜਵੀਜ਼ ਨਹੀਂ ਹੈ। ਪ੍ਰਾਇਮਰੀ ਸਕੂਲਾਂ ਦੇ ਰਲੇਵੇਂ ਨੂੰ ਲੰਬੀ ਸੋਚ-ਵਿਚਾਰ ਪਿਛੋਂ ਲਿਆ ਫੈਸਲਾ ਕਰਾਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਦਾ ਮਕਸਦ ਮਹਿਜ਼ ਵਿਭਾਗੀ ਸਰੋਤਾਂ ਦੀ ਸੁਚੱਜੀ ਵਰਤੋਂ ਕਰਨਾ ਹੈ। ਉਨ੍ਹਾਂ ਕਿਹਾ ਕਿ ਇਕ ਕਿਲੋਮੀਟਰ ਦੇ ਦਾਇਰੇ ਅੰਦਰ ਹੀ ਘੱਟ ਬੱਚਿਆਂ ਵਾਲੇ ਸਕੂਲ ਬੰਦ ਕੀਤੇ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਨਾਲ ਬੱਚਿਆਂ ਦੀ ਪੜ੍ਹਾਈ 'ਤੇ ਮਾੜਾ ਅਸਰ ਨਹੀਂ ਪਵੇਗਾ। ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਜਲੰਧਰ ਨਗਰ ਨਿਗਮ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ। ਉਨ੍ਹਾਂ ਜਲੰਧਰ ਦੇ ਵਿਕਾਸ ਲਈ 363.43 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਦਾਅਵਾ ਕੀਤਾ ਕਿ ਕੈਪਟਨ ਦੀ ਅਗਵਾਈ ਵਿਚ ਨਿਗਮ ਚੋਣਾਂ ਜਿੱਤ ਕੇ ਹੈਟ੍ਰਿਕ ਲਾਈ ਜਾਵੇਗੀ। ਪਿਛਲੀ ਸਰਕਾਰ ਨੇ ਪਿੰਡਾਂ-ਸ਼ਹਿਰਾਂ ਦੀ ਨੁਹਾਰ ਵਿਗਾੜ ਦਿੱਤੀ ਹੈ, ਜਿਸ ਨੂੰ ਸੁਧਾਰਨ ਲਈ ਸਰਕਾਰ ਕੋਲ ਪੈਸਿਆਂ ਦੀ ਘਾਟ ਹੈ।



## ਕੈਪਟਨ ਸਰਕਾਰ ਨੂੰ ਕਰਜ਼ ਮੁਆਫ਼ੀ ਲਈ ਫ਼ੌਰੀ 9500 ਕਰੋੜ ਰੁਪਏ ਦੀ ਲੋੜ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿੱਚ ਮਾਲੀਆ ਵਸੂਲੀ ਅਤੇ ਜੀਐਸਟੀ ਪ੍ਰਾਪਤੀਆਂ 'ਉਮੀਦ ਤੋਂ ਘੱਟ' ਹੋਣ ਦਾ ਪਰਛਾਵਾਂ ਸਰਕਾਰ ਵੱਲੋਂ ਖੇਤੀ ਕਰਜ਼ ਮੁਆਫ਼ੀ ਅਤੇ ਸਨਅਤਾਂ ਨੂੰ ਸਸਤੀ ਬਿਜਲੀ ਦੇਣ ਦੀਆਂ ਸਕੀਮਾਂ ਉਤੇ ਵੀ ਪੈ ਰਿਹਾ ਹੈ। ਆਲ੍ਹਾ ਮਿਆਰੀ ਸਰਕਾਰੀ ਸੂਤਰਾਂ ਨੇ ਦੱਸਿਆ ਕਿ ਫ਼ਸਲੀ ਕਰਜ਼ ਮੁਆਫ਼ੀ ਲਾਗੂ ਕੀਤੇ ਜਾਣ ਦਾ ਮੁੱਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਵਿਸਥਾਰ ਨਾਲ ਵਿਚਾਰਿਆ ਗਿਆ। ਗ਼ੌਰਤਲਬ ਹੈ ਕਿ ਸਰਕਾਰ ਨੂੰ ਕਰਜ਼ ਮੁਆਫ਼ੀ ਲਈ ਫ਼ੌਰੀ 9500 ਕਰੋੜ ਰੁਪਏ ਦੀ ਲੋੜ ਹੈ। ਮਾਲੀ ਸਾਲ ਦੇ ਰਹਿੰਦੇ ਛੇ ਮਹੀਨਿਆਂ ਲਈ ਸਨਅਤਾਂ ਨੂੰ ਸਸਤੀ (ਪ੍ਰਤੀ ਯੂਨਿਟ ਪੰਜ ਰੁਪਏ) ਬਿਜਲੀ ਦੇਣ ਲਈ ਹੋਰ 1100 ਰੁਪਏ ਦਰਕਾਰ ਹਨ। ਇਸ ਮਾਮਲਾ ਲਮਕਣ ਕਾਰਨ ਪਹਿਲਾਂ ਹੀ ਕਿਸਾਨਾਂ ਦੇ ਗੁੱਸੇ ਅਤੇ ਵਿਰੋਧੀ ਪਾਰਟੀਆਂ ਦੇ ਹਮਲਿਆਂ ਦਾ ਸਾਹਮਣਾ ਕਰ ਰਹੀ ਸਰਕਾਰ ਬੇਤਾਬੀ ਨਾਲ ਅਜਿਹੇ ਹੀਲੇ ਦੀ ਤਲਾਸ਼ ਵਿੱਚ ਹੈ ਕਿ ਉਹ ਘੱਟੋ-ਘੱਟ ਇਹ ਦੋਵੇਂ ਵਾਅਦੇ ਪੂਰੇ ਕਰ ਸਕੇ। ਕਰਜ਼ਾ ਮੁਆਫ਼ੀ ਨੋਟੀਫਿਕੇਸ਼ਨ ਇਸੇ ਮਹੀਨੇ ਜਾਰੀ ਕਰਨ ਦੇ ਬਾਵਜੂਦ ਸਰਕਾਰ ਹਾਲੇ ਵੀ ਖੇਤੀ ਕਰਜ਼ਿਆਂ ਦੀ ਮੁਆਫ਼ੀ ਲਈ ਬੈਂਕਾਂ ਨੂੰ ਰਕਮਾਂ ਦੇਣ ਵਾਸਤੇ ਫੰਡ ਜੁਟਾਉਣ ਲਈ ਔਖੀਂ-ਪਲਾਹੀਂ ਹੱਥ ਮਾਰ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਕਰਜ਼ ਮੁਆਫ਼ੀ ਦੇ ਪਹਿਲੇ ਗੇੜ ਲਈ ਬੈਂਕਾਂ ਦੇ ਇਕ ਸੰਘ ਤੋਂ 5000 ਕਰੋੜ ਰੁਪਏ ਦਾ ਕਰਜ਼ ਲਿਆ ਜਾ ਰਿਹਾ ਹੈ ਤੇ ਪਰ ਅਦਾਇਗੀ ਬਾਰੇ ਕੁਝ ਵੀ ਸਾਫ਼ ਨਹੀਂ ਹੈ। ਇਸੇ ਤਰ੍ਹਾਂ ਸਰਕਾਰ ਬਿਜਲੀ ਰੈਗੂਲੇਟਰੀ ਕਮਿਸ਼ਨ ਨੂੰ ਰਜ਼ਾਮੰਦੀ ਦੇ ਚੁੱਕੀ ਹੈ ਕਿ ਇਹ ਸਨਅਤਾਂ ਨੂੰ ਦਿੱਤੀ ਜਾ ਰਹੀ ਸਬਸਿਡੀ ਦਾ ਭਾਰ ਖ਼ੁਦ ਝੱਲੇਗੀ, ਜਿਸ ਲਈ ਚਾਲੂ ਮਾਲੀ ਸਾਲ ਦੌਰਾਨ 1100 ਕਰੋੜ ਰੁਪਏ ਦੇਣੇ ਪੈਣਗੇ।

### ਪੰਜ ਮਹੀਨਿਆਂ ਵਿਚ ਟੀਚੇ ਦੀ ਮਹਿਜ਼ 29 ਫ਼ੀਸਦੀ ਮਾਲੀਆ ਵਸੂਲੀ

ਸਰਕਾਰ ਲਈ ਸਭ ਤੋਂ ਵੱਡੀ ਚਿੰਤਾ ਮਾਲੀਏ ਦੀ ਵਸੂਲੀ ਟੀਚੇ ਤੋਂ ਕਿਤੇ ਘੱਟ ਹੋਣਾ ਹੈ। ਚਾਲੂ ਮਾਲੀ ਸਾਲ ਦੇ ਪਹਿਲੇ ਪੰਜ ਮਹੀਨਿਆਂ ਦੌਰਾਨ ਮਹਿਜ਼ 17529.25 ਕਰੋੜ ਰੁਪਏ ਵਸੂਲੀ ਹੋਈ ਹੈ, ਜੋ ਸਰਕਾਰੀ ਉਮੀਦ ਮੁਤਾਬਕ ਮਾਲੀ ਸਾਲ 2017-18 ਦੌਰਾਨ ਇਕੱਤਰ ਹੋਣ ਵਾਲੇ ਕੁੱਲ ਮਾਲੀਏ 60079.87 ਕਰੋੜ ਰੁਪਏ ਦਾ ਮਹਿਜ਼ 29.18 ਫ਼ੀਸਦੀ ਹੈ। ਬੀਤੇ ਸਾਲ ਦੇ ਇਸ ਅਰਸੇ ਦੌਰਾਨ ਵਸੂਲੀ ਕੁੱਲ ਅਨੁਮਾਨ ਦੀ 35 ਫ਼ੀਸਦੀ ਹੋਈ ਸੀ। ਸੂਤਰਾਂ ਮੁਤਾਬਕ ਟਰਾਂਸਪੋਰਟ ਵਿਭਾਗ ਹੀ ਬੀਤੇ ਸਾਲ ਦੇ ਮੁਕਾਬਲੇ 17 ਫ਼ੀਸਦੀ ਵੱਧ ਮਾਲੀਆ ਵਸੂਲ ਸਕਿਆ ਹੈ। ਆਬਕਾਰੀ ਵਸੂਲੀ ਪਿਛਲੇ ਸਾਲ ਦੇ ਬਰਾਬਰ ਹੀ ਰਹੀ ਹੈ, ਜਦੋਂਕਿ ਬਾਕੀ ਸਾਰੀਆਂ ਕਰ ਤੇ ਗ਼ੈਰ ਕਰ ਵਸੂਲੀਆਂ ਵਿੱਚ ਸਰਕਾਰ ਪਿਛਲੇ ਸਾਲ ਦੇ ਮੁਕਾਬਲੇ ਕਾਫ਼ੀ ਪਛੜੀ ਹੋਈ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸੂਬੇ ਦੇ ਸੀਨੀਅਰ ਅਧਿਕਾਰੀਆਂ ਨਾਲ ਖ਼ਰਚੇ ਅਤੇ ਆਮਦਨ ਵਿਚਲੇ ਵਧ ਰਹੇ ਪਾੜੇ ਨੂੰ ਭਰਨ ਕਰਨ ਲਈ ਇੱਕ ਦਿਨ ਪਹਿਲਾਂ ਮੈਰਾਥਨ ਮੀਟਿੰਗ ਕੀਤੀ, ਇਸ ਦੇ ਬਾਵਜੂਦ ਕੋਈ ਢੁੱਕਵਾਂ ਰਾਹ ਨਜ਼ਰ ਨਹੀਂ ਆਇਆ। ਸੂਬਾ ਸਰਕਾਰ ਕੋਲ ਖ਼ਰਚਾ ਘਟਾਉਣ ਤੇ ਵਿਭਾਗਾਂ ਦਾ ਪੁਨਰ ਗਠਨ ਕਰਨ ਦਾ ਬਦਲ ਹੀ ਰਹਿ ਗਿਆ ਹੈ। ਟਰਾਂਸਪੋਰਟ ਵਿਭਾਗ ਨੂੰ ਛੱਡ ਕੇ ਸੂਬੇ ਦੇ ਕਿਸੇ ਵੀ ਵਿਭਾਗ ਦਾ ਮਾਲੀਆ ਨਹੀਂ ਵਧਿਆ।

## ਕੈਪਟਨ ਦੀ ਨਵੀਂ ਟਰਾਂਸਪੋਰਟ ਨੀਤੀ ਨਿੱਜੀ ਬੱਸਾਂ ਵਿਚ ਲਵੇਗੀ 'ਝੂਟੇ'

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਰਾਜ ਮਾਰਗਾਂ ਉੱਤੇ ਪ੍ਰਾਈਵੇਟ ਅਤੇ ਸਰਕਾਰੀ ਬੱਸਾਂ ਦੇ ਰੂਟਾਂ ਵਿੱਚ ਹਿੱਸੇਦਾਰੀ ਬਰਾਬਰ ਕਰਨ ਨਾਲ ਕੈਪਟਨ ਸਰਕਾਰ ਦੀ ਵੱਡੇ ਪੱਧਰ ਉੱਤੇ ਪ੍ਰਚਾਰੀ ਜਾ ਰਹੀ ਨਵੀਂ ਟਰਾਂਸਪੋਰਟ ਨੀਤੀ ਸਰਕਾਰੀ ਬੱਸਾਂ ਲਈ ਮਾਰੂ ਸਾਬਤ ਹੋਵੇਗੀ। ਇਸ ਕਰਕੇ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ.ਦੀਆਂ ਮੁਲਾਜ਼ਮਾਂ ਜਥੇਬੰਦੀਆਂ ਨਵੀਂ ਨੀਤੀ ਵਿੱਚ ਪ੍ਰਾਈਵੇਟਾਂ ਬੱਸ ਮਾਲਕਾਂ ਦਾ ਹਿੱਸਾ ਵਧਾਉਣ ਦਾ ਸਖਤ ਵਿਰੋਧ ਕਰ ਰਹੀਆਂ ਹਨ।

ਪਿਛਲੇ ਕੁੱਝ ਸਾਲਾਂ ਵਿੱਚ ਪੰਜਾਬ ਵਿਚਲੀਆਂ ਲਗਭਗ ਸਾਰੀਆਂ ਚਹੁੰਮਾਰਗੀ ਸੜਕਾਂ ਨੂੰ ਕੌਮੀ ਮਾਰਗ ਐਲਾਨਿਆ ਗਿਆ ਹੈ ਤੇ ਇਸ ਕਾਰਨ ਕੌਮੀ ਮਾਰਗਾਂ ਦੀ ਗਿਣਤੀ ਕਾਫੀ ਵੱਧ ਗਈ ਹੈ ਤੇ ਇਸ ਸਾਲ 27 ਜੁਲਾਈ ਨੂੰ ਵੱਖ ਵੱਖ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਨਵੀਂ ਨੀਤੀ ਵਿੱਚ ਕੌਮੀ ਮਾਰਗਾਂ ਉੱਤੇ ਸਰਕਾਰੀ ਟਰਾਂਸਪੋਰਟ ਦੇ ਰੂਟ 75 ਫੀਸਦੀ ਤੋਂ ਘਟਾ ਕੇ 50 ਫੀਸਦੀ ਕਰ ਦਿਤੇ ਹਨ। ਇਸ ਦੇ ਨਾਲ ਜ਼ਿਲ੍ਹਾ ਅਤੇ ਹੋਰ ਰੂਟਾਂ ਉੱਤੇ ਪ੍ਰਾਈਵੇਟ ਟਰਾਂਸਪੋਰਟ ਦਾ ਹਿੱਸਾ 60 ਫੀਸਦੀ ਰੱਖਿਆ ਗਿਆ ਹੈ। ਇਸ ਦੇ ਨਾਲ ਸਰਕਾਰੀ ਟਰਾਂਸਪੋਰਟ ਦੇ ਅਜਾਰੇਦਾਰੀ ਵਾਲੇ 19 ਰੂਟਾਂ ਉੱਤੇ ਪ੍ਰਾਈਵੇਟਾਂ ਨੂੰ ਬਾਦਲ ਸਰਕਾਰ ਸਮੇਂ ਦਿੱਤੇ ਗਏ 458 ਰੂਟ ਪਰਮਿਟ ਰੱਦ ਨਹੀਂ ਕੀਤੇ ਗਏ। ਇਸ ਸਥਿਤੀ ਵਿੱਚ ਸਰਕਾਰੀ ਟਰਾਂਸਪੋਰਟ ਦੀ ਹਾਲਤ ਬਦਲਣੀ ਮੁਸ਼ਕਲ ਹੈ। ਨਵੀਂ ਨੀਤੀ ਅਨੁਸਾਰ ਅੰਤਰਰਾਜੀ ਰੂਟਾਂ ਉੱਤੇ ਸੌ ਫੀਸਦੀ ਸਰਕਾਰੀ ਬੱਸਾਂ ਹੀ ਚੱਲਣਗੀਆਂ ਤੇ ਇਸ ਦਾ ਸਰਕਾਰੀ ਟਰਾਂਸਪੋਰਟ ਨੂੰ ਫਾਇਦਾ ਨਹੀਂ ਹੋਵੇਗਾ ਕਿਉਂਕਿ ਹਰਿਆਣਾ ਨੇ ਟੈਕਸ ਬਹੁਤ ਵਧਾ ਦਿੱਤਾ ਹੈ। ਏਟਕ ਪੰਜਾਬ ਦੇ ਪ੍ਰਧਾਨ ਨਿਰਮਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਹਰਿਆਣਾ ਸਰਕਾਰ ਆਮ ਬੱਸਾਂ ਦਾ ਟੈਕਸ ਕਾਫੀ ਵਧਾ ਦਿਤਾ ਹੈ ਤੇ ਏ.ਸੀ. ਬੱਸਾਂ ਦਾ ਟੈਕਸ 8.50 ਰੁਪਏ ਤੋਂ 19.60 ਰੁਪਏ ਕਰ ਦਿੱਤਾ ਹੈ। ਇਸ ਨਾਲ ਅੰਤਰਰਾਜੀ ਰੂਟਾਂ ਤੇ ਬੱਸਾਂ ਚਲਾਉਣਾ ਲਾਹੇਵੰਦਾ ਧੰਦਾ ਨਹੀਂ ਰਹਿ ਗਿਆ। ਸਰਕਾਰ ਨੂੰ ਚਾਹੀਦਾ ਸੀ ਕਿ ਉਹ ਇਨ੍ਹਾਂ ਰੂਟਾਂ ਉੱਤੇ ਵੀ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਹਿੱਸਾ ਦਿੰਦੀ ਤੇ ਕੌਮੀ ਮਾਰਗਾਂ ਉੱਤੇ ਸਰਕਾਰ ਟਰਾਂਸਪੋਰਟ ਦਾ ਹਿੱਸਾ 75 ਫੀਸਦੀ ਹੀ ਬਹਾਲ ਰੱਖਦੀ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਨੇ ਵਿਧਾਨ ਸਭਾ ਚੋਣਾਂ ਸਮੇਂ ਟਰਾਂਸਪੋਰਟ ਮਾਫੀਆ ਖ਼ਤਮ ਕਰਨ ਦੇ ਨਾਂ ਉੱਤੇ ਸੂਬੇ ਦੇ ਲੋਕਾਂ ਵੋਟਾਂ ਲਈਆਂ ਸਨ ਤੇ ਸੱਤ ਮਹੀਨੇ ਬੀਤ ਚੁੱਕੇ ਹਨ ਤੇ ਅਜੇ ਤਕ ਟਰਾਂਸਪੋਰਟ ਨੀਤੀ ਲਾਗੂ ਨਹੀਂ ਕੀਤੀ ਗਈ ਅਤੇ ਨਾ ਹੀ ਗੈਰਕਾਨੂੰਨੀ ਚੱਲਦੀਆਂ ਬੱਸਾਂ ਬੰਦ ਕੀਤੀਆ ਗਈਆਂ ਹਨ।

## ਬਿਜਲੀ ਦਰਾਂ 'ਚ ਵਾਧੇ ਵਿਰੁੱਧ 'ਆਪ' ਨੇ ਕੈਪਟਨ ਦੇ ਸ਼ਹਿਰ 'ਚ ਦਿੱਤਾ ਧਰਨਾ

**ਪਟਿਆਲਾ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਵੱਲੋਂ ਬਿਜਲੀ ਦਰਾਂ ਵਿੱਚ ਵਾਧੇ ਵਿਰੁੱਧ ਆਮ ਆਦਮੀ ਪਾਰਟੀ (ਆਪ) ਨੇ ਪਟਿਆਲਾ ਦੀ ਮਾਲ ਰੋਡ 'ਤੇ ਪਾਵਰਕੌਮ ਦੇ ਮੁੱਖ ਦਫ਼ਤਰ ਅੱਗੇ ਲਗਾਤਾਰ 5 ਘੰਟੇ ਧਰਨਾ ਦਿੱਤਾ। ਇਸ ਮੌਕੇ ਅਚਨਚੇਤ ਪੁੱਜੇ ਸੀਪੀਆਈ ਦੇ ਬਜ਼ੁਰਗ ਨੇਤਾ ਕਾਮਰੇਡ ਜੋਗਿੰਦਰ ਦਿਆਲ ਨੇ ਲੋਕਾਂ ਨੂੰ ਇਕਜੁੱਟ ਹੋ ਕੇ ਕਾਂਗਰਸ ਤੇ ਅਕਾਲੀ ਦਲ ਵਰਗੀਆਂ ਸਰਮਾਏਦਾਰ ਪੱਖੀ ਪਾਰਟੀਆਂ ਨੂੰ ਸੂਬੇ ਵਿਚੋਂ ਖਦੇੜਨ ਦਾ ਸੱਦਾ ਦਿੱਤਾ। ਪਟਿਆਲਾ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਗਿਆਨ ਸਿੰਘ ਮੂੰਗੋ ਦੇ ਪ੍ਰਬੰਧਾਂ ਹੇਠ ਲੱਗੇ ਇਸ ਧਰਨੇ ਨੂੰ ਸੰਬੋਧਨ ਕਰਦਿਆਂ 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਖ਼ਜ਼ਾਨਾ ਖਾਲੀ ਹੋਣ ਦਾ ਲਗਾਤਾਰ ਢੋਂਗ ਰਚ ਕੇ ਪੰਜਾਬ ਦੀਆਂ ਸਰਕਾਰਾਂ ਨੇ ਬਿਜਲੀ ਦਰਾਂ ਵਧਾ ਕੇ ਅਤੇ ਹੋਰ ਟੈਕਸ ਲਾ ਕੇ ਲੋਕਾਂ ਦੀ ਖ਼ੂਨ



ਪਸੀਨੇ ਦੀ ਕਮਾਈ ਲੁੱਟੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਸਰਕਾਰ ਨੇ ਵਧਾਈਆਂ ਬਿਜਲੀ ਦਰਾਂ ਵਾਪਸ ਨਾ ਲਈਆਂ ਤਾਂ ਉਹ ਸੰਘਰਸ਼ ਤੇਜ਼ ਕਰਨਗੇ। ਵਿਧਾਨ ਸਭਾ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਕੈਪਟਨ ਤੇ ਬਾਦਲ ਮਿਲ ਕੇ ਪੰਜਾਬ ਨੂੰ ਲੁੱਟ ਰਹੇ ਹਨ। ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਕੋਈ ਵੀ ਕਾਰਵਾਈ ਨਾ ਕਰਨ ਦਾ ਕਾਰਨ ਹੈ ਕਿ ਇਹ ਘਿਓ-ਖਿਚੜੀ ਹਨ। ਇਸ ਮੌਕੇ ਪਾਰਟੀ ਦੇ ਉਪ ਪ੍ਰਧਾਨ ਅਮਨ ਅਰੋੜਾ ਨੇ ਲੋਕ ਲਹਿਰ ਸ਼ੁਰੂ ਕਰਨ ਦਾ ਸੱਦਾ ਦਿੱਤਾ ਤੇ ਤਲਵੰਡੀ ਸਾਬੋ ਤੋਂ ਵਿਧਾਇਕ ਬਲਜਿੰਦਰ ਕੌਰ ਨੇ ਪੰਜਾਬ ਦੇ ਸਾਰੇ ਪਰਿਵਾਰਾਂ ਨੂੰ ਲੋਕ ਪੱਖੀ ਸੰਘਰਸ਼ ਲਈ ਲਾਮਬੰਦ ਕੀਤਾ। ਇਸ ਮੌਕੇ ਕਰਨਵੀਰ ਸਿੰਘ ਟਿਵਾਣਾ, ਡਾ. ਬਲਬੀਰ ਸਿੰਘ, ਡਾ. ਦਲਬੀਰ ਸਿੰਘ, ਕੁਲਦੀਪ ਕੌਰ ਟੌਹੜਾ, ਪਲਵਿੰਦਰ ਕੌਰ ਹਰਿਆਊ, ਜਗਤਾਰ ਸਿੰਘ ਰਾਜਲਾ, ਕੁੰਦਨ ਗੋਗੀਆ, ਸੰਦੀਪ ਬੰਧੂ, ਭੀਮਇੰਦਰ ਸਿੰਘ, ਤੇਜਿੰਦਰ ਮਹਿਤਾ ਤੇ ਮੇਘ ਚੰਦ ਸ਼ੇਰਮਾਜਰਾ ਤੋਂ ਇਲਾਵਾ ਵਿਧਾਇਕ ਮੀਤ ਹੇਅਰ, ਪਿਰਮਲ ਸਿੰਘ, ਬਲਜਿੰਦਰ ਕੌਰ ਤੇ ਸਰਬਜੀਤ ਕੌਰ ਮਾਣੂੰਕੇ ਹਾਜ਼ਰ ਸਨ।

## ਨਸ਼ਿਆਂ ਦੇ ਮਾਮਲੇ 'ਚ ਭਗੌੜੇ ਪਰਵਾਸੀਆਂ ਦੀ ਸਪੁਰਦਗੀ ਲਈ ਕੈਪਟਨ ਨੇ ਕੇਂਦਰ ਸਰਕਾਰ ਨੂੰ ਕੀਤੀ ਅਪੀਲ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਦੇ ਵੱਖ ਵੱਖ ਮਾਮਲਿਆਂ ਵਿੱਚ ਭਗੌੜੇ ਐਲਾਨੇ ਗਏ 10 ਪਰਵਾਸੀ ਭਾਰਤੀਆਂ ਦੀ ਸਪੁਰਦਗੀ ਦਾ ਮਾਮਲਾ ਕੈਨੇਡਾ ਸਰਕਾਰ ਕੋਲ ਉਠਾਉਣ ਲਈ ਕੇਂਦਰ ਸਰਕਾਰ ਨੂੰ ਪੱਤਰ ਲਿਖਿਆ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਸਰਬਜੀਤ ਸਿੰਘ ਸੰਧੜ ਉਰਫ ਨਿੰਕ ਵਾਸੀ ਪਿੰਡ ਬਾਲਿਓਂ ਥਾਣਾ ਸਮਰਾਲਾ ਜੋ ਇਸ ਵੇਲੇ ਵੈਨਕੂਵਰ ਵਿੱਚ ਰਹਿ ਰਿਹਾ ਹੈ, 19 ਅਕਤੂਬਰ 2013 ਨੂੰ ਭਗੌੜਾ ਐਲਾਨਿਆ ਗਿਆ ਸੀ। ਉਸ ਦੀ ਸਪੁਰਦਗੀ ਲਈ ਕੈਨੇਡੀਅਨ ਅਥਾਰਟੀ ਨੂੰ ਬੇਨਤੀ ਪੱਤਰ ਭੇਜਿਆ ਗਿਆ ਅਤੇ ਇਸ ਤੋਂ ਬਾਅਦ ਉਨ੍ਹਾਂ ਵੱਲੋਂ ਜਾਰੀ ਕੀਤੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਨਵੇਂ ਸਿਰਿਓਂ ਪੱਤਰ ਤਿਆਰ ਕੀਤਾ ਗਿਆ। ਸੋਧਿਆ ਹੋਇਆ ਪੱਤਰ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜ ਦਿੱਤਾ ਗਿਆ, ਜੋ 20 ਜੁਲਾਈ, 2017 ਨੂੰ ਕੇਂਦਰੀ ਵਿਦੇਸ਼ ਮੰਤਰਾਲੇ ਨੂੰ ਵੀ ਭੇਜਿਆ ਗਿਆ।

ਅਜਿਹੇ ਹੀ ਇਕ ਹੋਰ ਕੇਸ ਵਿਚ ਰਣਜੀਤ ਸਿੰਘ ਔਜਲਾ ਵਾਸੀ ਪਿੰਡ ਮੁਠੱਡਾ ਕਲਾਂ, ਥਾਣਾ ਫਿਲੌਰ, ਜ਼ਿਲ੍ਹਾ ਜਲੰਧਰ ਸ਼ਾਮਲ ਹੈ। ਇਸ ਦੀ ਸਪੁਰਦਗੀ ਲਈ ਪੱਤਰ ਵੀ 25 ਜੁਲਾਈ 2017 ਤੋਂ ਲੰਬਿਤ ਹੈ। ਇਸ ਨੂੰ 31 ਅਗਸਤ 2013 ਨੂੰ ਭਗੌੜਾ ਐਲਾਨਿਆ ਗਿਆ ਸੀ। ਇਕ ਹੋਰ ਕੇਸ ਵਿੱਚ ਨਿਰੰਕਾਰ ਸਿੰਘ ਢਿੱਲੋਂ ਵਾਸੀ ਪਿੰਡ ਅਪਰਾ ਮੰਡੀ, ਥਾਣਾ ਫਿਲੌਰ, ਜ਼ਿਲ੍ਹਾ ਜਲੰਧਰ ਨੂੰ 19 ਅਕਤੂਬਰ 2013 ਨੂੰ ਭਗੌੜਾ ਐਲਾਨਿਆ ਗਿਆ ਤੇ ਇਸ ਵੇਲੇ ਬਰੈਂਪਟਨ ਵਿੱਚ ਰਹਿ ਰਿਹਾ ਹੈ। ਇਸ ਦੀ ਹਵਾਲਗੀ ਸਬੰਧੀ ਪੱਧਰ 19 ਸਤੰਬਰ 2017 ਤੋਂ ਲੰਬਿਤ ਹੈ।

ਇਸੇ ਤਰ੍ਹਾਂ ਗੁਰਸੇਵਕ ਸਿੰਘ ਢਿੱਲੋਂ ਵਾਸੀ ਥਾਣਾ ਜਗਰਾਓਂ, ਅਮਰਜੀਤ ਸਿੰਘ ਕੂਨਰ ਵਾਸੀ ਜ਼ਿਲ੍ਹਾ ਜਲੰਧਰ, ਲਖੇਰ ਸਿੰਘ ਦਲੇਹ ਵਾਸੀ ਜ਼ਿਲ੍ਹਾ ਜਲੰਧਰ, ਪ੍ਰਦੀਪ ਸਿੰਘ ਧਾਲੀਵਾਲ ਵਾਸੀ ਥਾਣਾ ਜਗਰਾਓਂ, ਅਮਰਿੰਦਰ ਸਿੰਘ ਛੀਨਾ ਉਰਫ ਲਾਡੀ ਵਾਸੀ ਥਾਣਾ ਰਾਜਾਸਾਂਸੀ ਜ਼ਿਲ੍ਹਾ ਅੰਮ੍ਰਿਤਸਰ, ਪਰਮਿੰਦਰ ਸਿੰਘ ਦਿਓ ਉਰਫ ਪਿੰਦੀ ਅੰਕਲ ਵਾਸੀ ਥਾਣਾ ਮਾਹਲਪੁਰ ਜ਼ਿਲ੍ਹਾ

ਬਾਕੀ ਸਫ਼ਾ 36 'ਤੇ

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਅਕਾਲੀ ਸਰਪੰਚ ਦੇ ਪਤੀ ਤੇ ਅਧਿਆਪਕ ਆਗੂ ਮਾਸਟਰ ਹਰਕੀਰਤ ਸਿੰਘ ਦਾ ਕਤਲ

**ਸੰਦੌੜ/ਬਿਊਰੋ ਨਿਊਜ਼ :** ਥਾਣਾ ਸੰਦੌੜ ਅਧੀਨ ਪੈਂਦੇ ਮੁਬਾਰਕਪੁਰ ਚੂੰਘਾਂ ਦੀ ਮੌਜੂਦਾ ਅਕਾਲੀ ਸਰਪੰਚ ਮਨਪ੍ਰੀਤ ਕੌਰ ਦੇ ਪਤੀ ਅਤੇ ਅਧਿਆਪਕ ਆਗੂ ਮਾਸਟਰ ਹਰਕੀਰਤ ਸਿੰਘ ਚੂੰਘਾਂ ਦਾ ਕੁਝ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਸ ਘਟਨਾ ਵਿੱਚ ਹਰਕੀਰਤ ਸਿੰਘ ਦਾ ਸਾਥੀ ਅਧਿਆਪਕ ਵੀ ਜ਼ਖ਼ਮੀ ਹੋ ਗਿਆ। ਘਟਨਾ ਦਾ ਪਤਾ ਲਗਦਿਆਂ ਹੀ ਐਸਪੀ ਮਾਲੇਰਕੋਟਲਾ ਰਾਜ ਕੁਮਾਰ, ਡੀਐੱਸਪੀ ਯੋਗੀਰਾਜ, ਥਾਣਾ ਸੰਦੌੜ ਦੇ ਮੁਖੀ ਪਵਿੱਤਰ ਸਿੰਘ ਨੇ ਸਮੇਤ ਪੁਲੀਸ ਪਾਰਟੀ ਮੌਕੇ 'ਤੇ ਪੁੱਜ ਕੇ ਲਾਸ਼ ਆਪਣੇ ਕਬਜ਼ੇ ਵਿੱਚ ਲੈ ਲਈ। ਪੁਲੀਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਪਿੰਡ ਚੂੰਘਾਂ ਨਾਲ ਸਬੰਧਤ ਹਰਪ੍ਰੀਤ ਸਿੰਘ ਹੈਪੀ ਅਤੇ ਇਕ ਹੋਰ ਅਣਪਛਾਤੇ ਵਿਅਕਤੀ ਖ਼ਿਲਾਫ਼ ਹੱਤਿਆ ਦਾ ਕੇਸ ਦਰਜ ਕਰ ਲਿਆ ਹੈ।



ਥਾਣਾ ਸੰਦੌੜ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸਰਕਾਰੀ ਪ੍ਰਾਇਮਰੀ ਸਕੂਲ ਬੁਰਜ ਵਿਚ ਬਤੌਰ ਮੁੱਖ ਅਧਿਆਪਕ ਤਾਇਨਾਤ ਹਰਕੀਰਤ ਸਿੰਘ ਜਦੋਂ ਆਪਣੇ ਅਧਿਆਪਕ ਦੋਸਤ ਨਾਲ ਮੋਟਰਸਾਈਕਲ 'ਤੇ ਸਕੂਲ ਜਾ ਰਿਹਾ ਸੀ ਤਾਂ ਕੁਝ ਹੀ ਦੂਰੀ 'ਤੇ ਕਾਰ ਸਵਾਰਾਂ ਨੇ ਹਰਕੀਰਤ ਸਿੰਘ 'ਤੇ ਅੱਧੀ ਦਰਜਨ ਦੇ ਕਰੀਬ ਗੋਲੀਆਂ ਚਲਾ ਦਿੱਤੀਆਂ ਜਿਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ ਜਦ ਕਿ ਉਸ ਦੇ ਸਾਥੀ ਅਧਿਆਪਕ ਨੇ ਖੇਤਾਂ ਵੱਲ ਭੱਜ ਕੇ ਆਪਣੀ ਜਾਨ ਬਚਾਈ। ਜ਼ਿਕਰਯੋਗ ਹੈ ਕਿ ਮ੍ਰਿਤਕ ਹਰਕੀਰਤ ਸਿੰਘ ਦੀ ਪਤਨੀ ਮਨਪ੍ਰੀਤ ਕੌਰ ਇਸ ਵੇਲੇ ਪਿੰਡ ਦੀ ਸਰਪੰਚ ਹੈ ਅਤੇ ਉਹ ਅਕਾਲੀ ਦਲ ਨਾਲ ਸਬੰਧਤ ਹੈ। ਮਾਸਟਰ ਹਰਕੀਰਤ ਸਿੰਘ ਦੇ ਪਿਤਾ ਲਾਲ ਸਿੰਘ ਨੇ ਪਿੰਡ ਨਾਲ ਸਬੰਧਤ ਕੁਝ ਵਿਅਕਤੀਆਂ 'ਤੇ ਇਹ ਹੱਤਿਆ ਕਰਨ ਦਾ ਸ਼ੱਕ ਪ੍ਰਗਟਾਇਆ ਹੈ। ਮ੍ਰਿਤਕ ਦੇ ਪਿਤਾ ਨੇ ਦੱਸਿਆ ਕਿ 2013 ਵਿੱਚ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਕਥਿਤ ਨਿੱਜੀ ਰੰਜਿਸ਼ ਕਾਰਨ ਇੱਕ ਲੜਾਈ ਹੋਈ ਸੀ ਜਿਸ ਵਿਚ ਉਸ ਦੇ ਪੁੱਤਰ ਹਰਕੀਰਤ ਸਿੰਘ ਨਾਲ ਕੁਝ ਵਿਅਕਤੀਆਂ ਨੇ ਮਾਰਕੁੱਟ ਕੀਤੀ ਸੀ। ਇਸ ਮਾਮਲੇ ਵਿੱਚ ਉਨ੍ਹਾਂ ਪਿੰਡ ਨਾਲ ਸਬੰਧਤ ਹਰਪ੍ਰੀਤ ਸਿੰਘ ਅਤੇ ਉਸ ਦੇ ਪਿਤਾ ਖ਼ਿਲਾਫ਼ ਥਾਣਾ ਸੰਦੌੜ ਵਿਚ 307 ਤਹਿਤ ਕੇਸ ਵੀ ਦਰਜ ਹੋਇਆ ਸੀ। ਉਕਤ ਦੋਵੇਂ ਜਣੇ ਇਸ ਸਮੇਂ ਸੈਸ਼ਨ ਕੋਰਟ ਵੱਲੋਂ ਸੁਣਾਈ ਸਜ਼ਾ ਮਗਰੋਂ ਜ਼ਮਾਨਤ 'ਤੇ ਬਾਹਰ ਸਨ।

**ਮ੍ਰਿਤਕ ਦੀ ਲੜਕੀ ਹਾਦਸੇ 'ਚ ਜ਼ਖ਼ਮੀ :**

ਮੁੱਖ ਅਧਿਆਪਕ ਹਰਕੀਰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਜਦੋਂ ਘਟਨਾ ਦਾ ਪਤਾ ਲੱਗਾ ਤਾਂ ਘਟਨਾ ਸਥਾਨ ਵੱਲ ਸਕੂਟਰੀ 'ਤੇ ਆ ਰਹੀ ਉਸ ਦੀ ਲੜਕੀ ਕਰਨਪ੍ਰੀਤ ਕੌਰ ਸੜਕ ਹਾਦਸੇ ਵਿੱਚ ਜ਼ਖ਼ਮੀ ਹੋ ਗਈ। ਪਿੰਡ ਫਰੀਦਪੁਰ ਖ਼ੁਰਦ ਨੇੜੇ ਇਕ ਬੱਸ ਨਾਲ ਲੜਕੀ ਦੀ ਸਕੂਟਰੀ ਟਕਰਾ ਗਈ। ਲੜਕੀ ਨੂੰ ਸਿਵਲ ਹਸਪਤਾਲ ਮਾਲੇਰਕੋਟਲਾ ਲਿਜਾਇਆ ਗਿਆ, ਪਰ ਹਾਲਤ ਨਾਜ਼ੁਕ ਹੋਣ ਕਾਰਨ ਉਸ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਰੈਫਰ ਕਰ ਦਿੱਤਾ ਗਿਆ।

## ਬਾਦਲ ਨੇ ਪੰਜਾਬ 'ਚ ਆਏ ਦਿਨ ਹੋ ਰਹੇ ਕਤਲਾਂ 'ਤੇ ਅਫ਼ਸੋਸ ਪ੍ਰਗਟਾਇਆ

**ਬਠਿੰਡਾ/ਬਿਊਰੋ ਨਿਊਜ਼ :** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਇੱਥੇ ਆਖਿਆ ਕਿ ਪੰਜਾਬ ਵਿੱਚ ਅਮਨ-ਕਾਨੂੰਨ ਵਿਵਸਥਾ ਚਿੰਤਾਜਨਕ ਪੜਾਅ 'ਤੇ ਪੁੱਜ ਚੁੱਕੀ ਹੈ। ਉਨ੍ਹਾਂ ਪੰਜਾਬ ਵਿੱਚ ਆਏ ਦਿਨ ਹੋ ਰਹੇ ਕਤਲਾਂ 'ਤੇ ਅਫ਼ਸੋਸ ਪ੍ਰਗਟਾਇਆ।

ਸਾਬਕਾ ਮੁੱਖ ਮੰਤਰੀ ਇੱਥੇ ਮੈਕਸ ਹਸਪਤਾਲ ਵਿੱਚ ਸਿਹਤ ਦੀ ਜਾਂਚ ਕਰਾਉਣ ਪੁੱਜੇ ਸਨ।



ਬਠਿੰਡਾ ਦੇ ਹਸਪਤਾਲ ਵਿੱਚ ਸਿਹਤ ਜਾਂਚ ਕਰਾਉਣ ਪੁੱਜੇ ਪ੍ਰਕਾਸ਼ ਸਿੰਘ ਬਾਦਲ।

ਇਸ ਮਗਰੋਂ ਉਨ੍ਹਾਂ ਆਖਿਆ ਕਿ ਸਰਕਾਰ ਅਮਨ-ਕਾਨੂੰਨ ਵਿਵਸਥਾ ਕਾਇਮ ਨਹੀਂ ਰੱਖ ਸਕੀ ਹੈ ਤੇ ਸੂਬੇ ਦਾ ਵਿਕਾਸ ਵੀ ਠੱਪ ਹੋ ਗਿਆ ਹੈ। ਪੰਜਾਬ ਸਰਕਾਰ ਇਨ੍ਹਾਂ ਦੋਵਾਂ ਜ਼ਿੰਮੇਵਾਰੀਆਂ ਨੂੰ ਨਿਭਾ ਨਹੀਂ ਸਕੀ ਹੈ। ਸ੍ਰੀ ਬਾਦਲ ਨੇ ਆਖਿਆ ਕਿ ਕੈਪਟਨ ਸਰਕਾਰ ਹੁਣ ਪ੍ਰਾਈਵੇਟ ਥਰਮਲਾਂ ਦੇ ਮਾਮਲੇ ਦਾ ਰੌਲਾ ਪਾ ਕੇ ਬਿਜਲੀ ਦਰਾਂ ਵਿੱਚ ਕੀਤੇ ਵਾਧੇ ਦਾ 'ਗੁਨਾਹ' ਛੁਪਾ ਰਹੀ ਹੈ। ਉਨ੍ਹਾਂ ਕਿਹਾ ਕਿ ਕਰਜ਼ਾ ਮੁਆਫ਼ੀ ਦਾ ਸੱਚ ਇਹ ਹੈ ਕਿ ਸਰਕਾਰ ਇੱਕ ਪਾਸੇ ਬਿਜਲੀ ਦਰਾਂ, ਮਾਰਕੀਟ ਫੀਸ ਤੇ ਆਰਡੀਐਫ ਵਧਾ ਕੇ ਕਿਸਾਨਾਂ ਦੀ ਜੇਬ ਵਿਚੋਂ ਪੈਸਾ ਕੱਢ ਰਹੀ ਹੈ ਅਤੇ ਇਸ ਤਰ੍ਹਾਂ ਇੱਕ ਹੱਥ ਲੈ ਕੇ ਦੂਜੇ ਹੱਥ ਦੇ ਰਹੀ ਹੈ। ਸਾਬਕਾ ਮੁੱਖ ਮੰਤਰੀ ਨੇ ਆਖਿਆ ਕਿ ਗੱਠਜੋੜ ਸਰਕਾਰ ਨੇ ਤਾਂ ਆਪਣੇ ਸਮੇਂ ਨਰਮੇ ਦੇ ਖ਼ਰਾਬੇ ਬਦਲੇ ਕਿਸਾਨਾਂ ਨੂੰ ਅੱਠ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਸੀ ਅਤੇ ਮਜ਼ਦੂਰਾਂ ਦੀ ਬਾਂਹ ਵੀ ਫੜੀ ਸੀ। ਸ੍ਰੀ ਬਾਦਲ ਨੇ ਬਿਕਰਮ ਸਿੰਘ ਮਜੀਠੀਆ ਦੇ ਮਾਮਲੇ ਵਿੱਚ ਆਖਿਆ ਕਿ ਵਿਧਾਇਕਾਂ ਦੇ ਕਹਿਣ 'ਤੇ ਕਿਸੇ ਨੂੰ ਕਸੂਰਵਾਰ ਨਹੀਂ ਠਹਿਰਾਇਆ ਜਾ ਸਕਦਾ। ਉਨ੍ਹਾਂ ਆਖਿਆ ਕਿ ਦਿਆਲ ਸਿੰਘ ਕੋਲਿਆਂਵਾਲੀ ਦੇ ਲੜਕੇ ਪਰਮਿੰਦਰ ਸਿੰਘ ਦੇ ਮਾਮਲੇ ਵਿੱਚ ਕੋਈ ਕਾਹਲ ਨਹੀਂ ਹੈ ਤੇ ਪੁਲੀਸ ਕਾਰਵਾਈ ਦੀ ਉਡੀਕ ਕੀਤੀ ਜਾਵੇਗੀ। ਸ੍ਰੀ ਬਾਦਲ ਨੇ ਆਖਿਆ ਕਿ ਪਰਮਿੰਦਰ ਸਿੰਘ 'ਤੇ ਕਾਤਲਾਨਾ ਹਮਲਾ ਕੀਤਾ ਗਿਆ ਸੀ, ਜਿਸ ਵਿੱਚ ਉਹ ਵਾਲ ਵਾਲ ਬਚ ਗਿਆ। ਉਨ੍ਹਾਂ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ,ਉਨ੍ਹਾਂ ਦੇ ਲੜਕੇ ਤੇ ਕੁਝ ਹੋਰ ਵਿਅਕਤੀਆਂ ਖ਼ਿਲਾਫ਼ ਦਰਜ ਕੇਸ ਨੂੰ ਝੂਠਾ ਦੱਸਿਆ। ਦੱਸਣਯੋਗ ਹੈ ਕਿ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਦੇ ਲੜਕੇ ਪਰਮਿੰਦਰ ਕੋਲਿਆਂਵਾਲੀ ਨੂੰ ਬਠਿੰਡਾ ਦੇ ਪ੍ਰਾਈਵੇਟ ਹਸਪਤਾਲ 'ਚੋਂ ਛੁੱਟੀ ਮਿਲ ਗਈ ਹੈ। ਛੁੱਟੀ ਮਗਰੋਂ ਉਹ ਆਪਣੇ ਪਿੰਡ ਕੋਲਿਆਂਵਾਲੀ ਚਲੇ ਗਏ ਹਨ। ਹਮਲੇ ਮਗਰੋਂ ਉਸ ਦੀ ਲੱਤ ਦਾ ਅਪਰੇਸ਼ਨ ਹੋਇਆ ਹੈ।

# ਪੰਥਕ ਦਰਦੀਆਂ ਨੂੰ ਆਪਸੀ ਟਕਰਾਅ ਤੋਂ ਬਚਣ ਦੀ ਸਲਾਹ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :**

ਜਥਾ ਰੰਧਾਵਾ ਫਤਹਿਗੜ੍ਹ ਸਾਹਿਬ ਦੇ ਮੁੱਖ ਸਥਾਨ ਵਿਖੇ ਜਥਾ ਰੰਧਾਵਾ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਦਿਹਾੜੇ ਨੂੰ ਸਮਰਪਿਤ ਸਾਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਵੱਲੋਂ ਜਥਾ ਰੰਧਾਵਾ ਦੀ ਵਿਸ਼ੇਸ਼ ਮੋਬਾਈਲ ਐੱਪ ਬਾਬਾ ਲਖਵੀਰ ਸਿੰਘ ਹੱਥੋਂ ਲਾਂਚ ਕਰਵਾਈ ਗਈ। ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਭਾਈ ਰਣਜੀਤ ਸਿੰਘ ਨੇ ਸਾਂਝੇ ਤੌਰ 'ਤੇ ਜਥਾ ਰੰਧਾਵਾ ਦੀਆਂ ਪੰਥਕ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਪੰਥਕ ਦਰਦੀਆਂ ਨੂੰ ਆਪਸੀ ਟਕਰਾਅ ਤੋਂ ਬਚਣਾ ਚਾਹੀਦਾ ਹੈ।



ਜ਼ਿਕਰਯੋਗ ਹੈ ਕਿ ਗੁਰਮਤਿ ਵਿਦਿਆਲਾ ਜਥਾ ਰੰਧਾਵਾ ਵੱਲੋਂ ਲਿਖੇ ਗੁਰਬਾਣੀ ਅਰਥ ਭੰਡਾਰ ਸੰਪੂਰਨ ਗੁਰਬਾਣੀ ਸਟੀਕ ਦੇ ਲੇਖਕ ਬਾਬਾ ਹਰੀ ਸਿੰਘ ਰੰਧਾਵੇ ਵਾਲਿਆਂ ਵੱਲੋਂ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਵਿਸ਼ੇਸ਼ ਪ੍ਰਕਾਸ਼ਨ ਅਰਦਾਸ ਉਪਰੰਤ ਜਥੇਦਾਰ ਬਾਬਾ ਕੁਲਵੰਤ ਸਿੰਘ ਦੇ ਹੱਥੋਂ ਖ਼ਾਲਸਾ ਪੰਥ ਨੂੰ ਸਮਰਪਿਤ ਕਰ ਦਿੱਤਾ ਗਿਆ। ਸਮਾਗਮ ਦੀ ਸਮਾਪਤੀ ਮੌਕੇ ਬਾਬਾ ਲਖਵੀਰ ਸਿੰਘ ਰਤਵਾੜੇ ਵਾਲਿਆਂ ਨੇ ਬਾਬਾ ਹਰੀ ਸਿੰਘ ਰੰਧਾਵਾ ਵਾਲਿਆਂ ਵੱਲੋਂ ਸਿੱਖੀ ਪ੍ਰਚਾਰ-ਪ੍ਰਸਾਰ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਬਾਬਾ ਕਸ਼ਮੀਰਾ ਸਿੰਘ, ਬਾਬਾ ਗੁਰਜੰਟ ਸਿੰਘ ਮੰਡਵੀ, ਬਾਬਾ ਮਹਿੰਦਰ ਸਿੰਘ ਭੜੀ ਵਾਲੇ, ਬਾਬਾ ਚਰਨਜੀਤ ਸਿੰਘ ਭੇਡਵਾਲ ਵਾਲੇ ਹਾਜ਼ਰ ਸਨ।

# ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਬਚਾ ਰਹੀ ਹੈ ਕਾਂਗਰਸ : ਫੂਲਕਾ

**ਮੁੱਲਾਂਪੁਰ ਦਾਖਾ/ਬਿਊਰੋ ਨਿਊਜ਼ :** 'ਆਪ' ਦੇ ਵਿਧਾਇਕ ਤੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਕਥਿਤ ਦੋਸ਼ੀਆਂ ਨੂੰ 'ਬਚਾਉਣ' ਲਈ ਤਿੰਨ ਵਾਰ ਕਲੀਨ ਚਿੱਟ ਦੇ ਚੁੱਕੀ ਸੀ.ਬੀ.ਆਈ. ਵੱਲੋਂ ਹੁਣ ਉਸ ਨੂੰ ਇੱਕ ਵਾਰ ਫੇਰ ਬਚਾਉਣ ਲਈ ਮੁੜ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਕਤਲੇਆਮ ਦੇ ਕਥਿਤ ਦੋਸ਼ੀਆਂ ਨੂੰ ਬਚਾਉਣ ਦੇ ਲਾਏ ਗਏ ਦੋਸ਼ ਬੇਬੁਨਿਆਦ ਹਨ। ਸ੍ਰੀ ਫੂਲਕਾ ਨੇ ਕਿਹਾ ਕਿ ਕਤਲੇਆਮ ਦੇ ਮੁਲਜ਼ਮਾਂ ਨੂੰ ਸ੍ਰੀ ਕੇਜਰੀਵਾਲ ਨਹੀਂ ਸਗੋਂ ਕੇਂਦਰ ਦੀ ਮੋਦੀ ਸਰਕਾਰ, ਜਿਸ ਵਿੱਚ ਆਕਲੀ ਦਲ ਦੀ ਹਰਸਿਮਰਤ ਕੌਰ ਬਾਦਲ ਸ਼ਾਮਲ ਹੈ, ਬਚਾਅ ਰਹੀ ਹੈ। ਸ੍ਰੀ ਫੂਲਕਾ ਨੇ ਦੱਸਿਆ ਕਿ ਪਹਿਲਾਂ 2 ਵਾਰ ਕੇਂਦਰ ਵਿਚ ਕਾਂਗਰਸ ਸਰਕਾਰ ਸਮੇਂ ਅਤੇ ਤੀਜੀ ਵਾਰ ਭਾਜਪਾ ਸਰਕਾਰ ਵੇਲੇ ਸੀ.ਬੀ.ਆਈ. ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹਰਸਿਮਰਤ ਬਾਦਲ ਨੇ ਇੱਕ ਵਾਰ ਵੀ ਕੇਂਦਰ ਸਰਕਾਰ ਨੂੰ ਜਗਦੀਸ਼ ਟਾਈਟਲਰ ਖ਼ਿਲਾਫ਼ ਜਾਂਚ ਛੇਤੀ ਮੁਕੰਮਲ ਕਰਨ ਲਈ ਸੀਬੀਆਈ ਨੂੰ ਆਦੇਸ਼ ਦਿੱਤੇ ਜਾਣ ਬਾਰੇ ਕੁਝ ਨਹੀਂ ਕਿਹਾ। ਉਨ੍ਹਾਂ ਦੱਸਿਆ ਕਿ ਟਾਈਟਲਰ ਦੇ ਕਥਿਤ ਪੁਰਾਣੇ ਸਾਥੀ ਅਭਿਸ਼ੇਕ ਵਰਮਾ ਦੇ ਪੌਲੀਗ੍ਰਾਫ ਟੈਸਟ ਸਬੰਧੀ ਲੈਬ ਦੇ ਮੁਲਾਜ਼ਮਾਂ ਨੇ ਸੀਬੀਆਈ ਵੱਲੋਂ ਨਿਯੁਕਤ ਜਾਂਚ ਅਧਿਕਾਰੀ ਵੱਲੋਂ ਦਿੱਤੇ ਸਵਾਲ ਹੀ ਪੁੱਛੇ ਸਨ।



# ਬਾਬਾ ਗੁਰੂ ਨਾਨਕ ਇੰਟਰਨੈਸ਼ਨਲ ਯੂਨੀਵਰਸਿਟੀ, ਨਨਕਾਣਾ ਸਾਹਿਬ 'ਚ ਹੀ ਬਣੇਗੀ





ਯੂਨੀਵਰਸਿਟੀ ਬਾਰੇ ਮੀਡੀਆ ਰਾਹੀਂ ਜਾਣਕਾਰੀ ਦਿੰਦੇ ਹੋਏ ਸਾਦਿਕ-ਉਲ-ਫ਼ਾਰੂਕ, ਨਾਲ ਰਮੇਸ਼ ਸਿੰਘ ਅਰੋੜਾ, ਤਾਰਾ ਸਿੰਘ, ਡਾ. ਸ਼ਿਜਰਾ ਮਨਸਬ ਤੇ ਰਾਣਾ ਅਰਸ਼ਦ। (ਦੂਜੀ ਤਸਵੀਰ) ਮੁੱਖ ਮਾਰਗ ਤੋਂ ਨਨਕਾਣਾ ਸਾਹਿਬ ਜਾਣ ਵਾਲੇ ਰਾਹ 'ਤੇ ਬਣਿਆ ਗੇਟ।

## *ਅਹਿਮ ਮੀਟਿੰਗ 'ਚ ਈ.ਟੀ.ਪੀ.ਬੀ. ਦੇ ਚੇਅਰਮੈਨ ਨੇ ਕੀਤਾ ਐਲਾਨ*

**ਅੰਮ੍ਰਿਤਸਰ/ਬਿਊਰੋ ਨਿਊਜ਼:** ਪਾਕਿਸਤਾਨ 'ਚ ਬਾਬਾ ਗੁਰੂ ਨਾਨਕ ਇੰਟਰਨੈਸ਼ਨਲ ਯੂਨੀਵਰਸਿਟੀ ਨੂੰ ਜ਼ਿਲ੍ਹਾ ਨਨਕਾਣਾ ਸਾਹਿਬ ਵਿਚ ਖੋਲ੍ਹੇ ਜਾਣ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਦੇ ਚੇਅਰਮੈਨ ਸਾਦਿਕ-ਉੱਲ-ਫ਼ਾਰੂਕ ਦੀ ਪ੍ਰਧਾਨਗੀ ਹੇਠ ਹੋਈ ਬੈਠਕ 'ਚ ਐਲਾਨ ਕੀਤਾ ਗਿਆ। ਫ਼ਾਰੂਕ ਨੇ ਕਿਹਾ ਕਿ ਬਹੁਤ ਜਲਦ ਬਾਬਾ ਗੁਰੂ ਨਾਨਕ ਇੰਟਰਨੈਸ਼ਨਲ ਯੂਨੀਵਰਸਿਟੀ ਨਨਕਾਣਾ ਸਾਹਿਬ 'ਚ ਕਾਇਮ ਕਰਕੇ ਉਸ ਵਿਚ 16 ਵੱਖ-ਵੱਖ ਕੋਰਸਾਂ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਜਾਣਗੀਆਂ।

ਇਸ ਸਭ ਦੇ ਚੱਲਦਿਆਂ 4 ਸਾਲ ਦੇ ਬੀ.ਐੱਸ. ਤੋਂ ਬਾਅਦ 2 ਸਾਲ ਦੇ ਐੱਮ.ਐੱਸ. ਕੋਰਸ ਦੀ ਪੜ੍ਹਾਈ ਲਈ ਸਟਾਫ਼ ਰੱਖਣ ਦੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ। ਫ਼ਾਰੂਕ ਨੇ ਕਿਹਾ ਹੈ ਕਿ ਯੂਨੀਵਰਸਿਟੀ ਨੂੰ ਨਨਕਾਣਾ ਸਾਹਿਬ 'ਚ ਸ਼ੁਰੂ ਕੀਤੇ ਜਾਣ ਦੇ ਮਾਮਲੇ ਨੂੰ ਲੈ ਕੇ ਕੀਤੀ ਗਈ 18ਵੀਂ ਸੋਧ ਦੇ ਆਧਾਰ 'ਤੇ ਫੈਡਰਲ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਮੁੱਖ ਦਫ਼ਤਰਾਂ ਦਾ ਇਸਲਾਮਾਬਾਦ ਵਿਚ ਸਥਾਪਿਤ ਕੀਤਾ ਜਾਣਾ ਲਾਜ਼ਮੀ ਹੈ ਤੇ ਐੱਮ.ਫਿਲ. ਦੀ ਪੜ੍ਹਾਈ ਲਈ ਵਿਦਿਆਰਥੀਆਂ ਨੂੰ ਉੱਥੇ ਹੀ ਜਾਣਾ ਹੋਵੇਗਾ।

ਅਜਿਹਾ ਨਾ ਕਰਨ 'ਤੇ ਯੂਨੀਵਰਸਿਟੀ ਸੂਬਾਈ ਅਦਾਰਾ ਹੋਵੇਗਾ, ਜਿਸ ਨਾਲ ਵਿਦਿਆਰਥੀਆਂ ਨੂੰ ਵਧੇਰੇ ਲਾਭ ਪ੍ਰਾਪਤ ਨਹੀਂ ਹੋ ਸਕੇਗਾ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦੇ ਮੁੱਖ ਦਫ਼ਤਰਾਂ ਤੇ ਐੱਮ.ਫਿਲ. ਦੀਆਂ ਕਲਾਸਾਂ ਲਈ ਇਸਲਾਮਾਬਾਦ ਵਿਚਲੇ ਮੈਡੀਏਟ ਹੋਟਲ ਦੇ ਨਾਲ ਲਗਦੇ ਮਹਿਕਮਾ ਓਕਾਫ਼ ਦਫ਼ਤਰ ਦੀਆਂ ਉੱਪਰਲੀਆਂ ਚਾਰ ਮੰਜ਼ਿਲਾਂ ਹੁਣ ਤੋਂ ਹੀ ਖ਼ਾਲੀ ਕਰਵਾ ਲਈਆਂ ਗਈਆਂ ਹਨ। ਬੈਠਕ 'ਚ ਮੈਂਬਰ ਆਫ ਨੈਸ਼ਨਲ ਅਸੈਂਬਲੀ (ਐਮ.ਐਨ.ਏ.) ਰਮੇਸ਼ ਸਿੰਘ ਅਰੋੜਾ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਤੇ ਮੰਤਰੀ ਚੌਧਰੀ ਬਰਜੀਸ਼ ਤਾਹਿਰ ਹਾਜ਼ਰ ਸਨ।

# ਔਕਸਫੋਰਡ ਵਿੱਚ ਅਕਾਦਮਿਸ਼ਨਾਂ ਨੇ ਪੰਜਾਬ ਦੇ ਮਸਲੇ ਵਿਚਾਰੇ

**ਔਕਸਫੋਰਡ/ਬਿਊਰੋ ਨਿਊਜ਼ :** 'ਪੰਜਾਬ ਰਿਸਰਚ ਗਰੁੱਪ' ਵੱਲੋਂ ਔਕਸਫੋਰਡ ਬਰੁੱਕਸ ਯੂਨੀਵਰਸਿਟੀ ਵਿੱਚ ਇਕ ਦਿਨਾ ਕਾਨਫਰੰਸ ਕਰਵਾਈ ਗਈ। ਉਦਘਾਟਨੀ ਭਾਸ਼ਣ ਵਿੱਚ ਇਸੇ ਯੂਨੀਵਰਸਿਟੀ ਦੇ ਪ੍ਰੋ. ਪ੍ਰੀਤਮ ਸਿੰਘ, ਜੋ ਪੰਜਾਬ ਰਿਸਰਚ ਗਰੁੱਪ ਦੇ ਡਾਇਰੈਕਟਰ ਵੀ ਹਨ, ਨੇ ਦੱਸਿਆ ਕਿ ਇਹ ਗਰੁੱਪ 1984 ਤੋਂ ਸਾਲ ਵਿੱਚ ਘੱਟੋ ਘੱਟ ਦੋ ਕਾਨਫਰੰਸਾਂ ਕਰਵਾ ਰਿਹਾ ਹੈ। ਇਸ ਕਾਨਫਰੰਸ ਨੇ ਅਕਾਦਮਿਕਾਂ, ਨੌਜਵਾਨ ਖੋਜਾਰਥੀਆਂ, ਪੱਤਰਕਾਰਾਂ, ਕਲਾਕਾਰਾਂ ਅਤੇ ਕਾਰਕੁਨਾਂ ਨੂੰ 'ਪੰਜਾਬ: ਕੱਲ੍ਹ, ਅੱਜ ਤੇ ਭਲਕ' ਵਿਸ਼ੇ ਉਤੇ ਵਿਚਾਰ ਵਟਾਂਦਰੇ ਦਾ ਮੰਚ ਮੁਹੱਈਆ ਕੀਤਾ। ਕਾਨਫਰੰਸ ਦੌਰਾਨ ਬਰਤਾਨੀਆ, ਭਾਰਤ ਤੇ ਪਾਕਿਸਤਾਨ ਦੇ ਬੁਲਾਰਿਆਂ ਨੇ ਪਰਚੇ ਪੜ੍ਹੇ। ਬੁਲਾਰਿਆਂ ਵਿੱਚ ਪ੍ਰਿੰਸੀਪਲ ਸੁਜਿੰਦਰ ਸਿੰਘ ਸੰਘਾ, ਪ੍ਰੋ. ਰਵਿੰਦਰ ਬਰਨ, ਗੁਰਚਰਨ ਵਿਰਦੀ, ਚੰਦਨ ਮਾਹਲ, ਡਾ. ਰੋਬਿਨਾ ਸ਼ੋਏਬ, ਵਿਜੈਤਾ ਮਹੇਂਦਰੂ, ਸ਼ਰਨਜੀਤ ਸਿੰਘ ਤੇ ਨਾਦੀਆ ਸਿੰਘ ਬੁਲਾਰੇ ਵਜੋਂ ਸ਼ਾਮਲ ਹੋਏ।



ਪੰਜਾਬ ਰਿਸਰਚ ਗਰੁੱਪ ਵੱਲੋਂ ਔਕਸਫੋਰਡ ਬਰੁੱਕਸ ਯੂਨੀਵਰਸਿਟੀ ਵਿੱਚ ਕਰਵਾਈ ਕਾਨਫਰੰਸ ਦਾ ਦ੍ਰਿਸ਼।

ਵਾਰਵਿੱਕ ਯੂਨੀਵਰਸਿਟੀ ਦੇ ਪ੍ਰੋ. ਇਲੈਨੋਰ ਨੇਸਬਿੱਟ ਅਤੇ ਸਕੂਲ ਆਫ ਓਰੀਐਂਟਲ ਤੇ ਅਫਰੀਕਨ ਸਟੱਡੀਜ਼, ਲੰਡਨ ਦੀ ਸ਼੍ਰੇਆ ਸਿਨਹਾ ਦੀ ਪ੍ਰਧਾਨਗੀ ਹੇਠ ਹੋਏ ਕਾਨਫਰੰਸ ਦੇ ਵੱਖ ਵੱਖ ਸੈਸ਼ਨਾਂ ਦੌਰਾਨ ਬੁਲਾਰਿਆਂ ਨੇ ਲਿੰਗ ਤੇ ਪਰਿਵਾਰਕ ਇਤਿਹਾਸ, ਭਾਈਚਾਰੇ, ਮਰਦਾਵਾਪਣ, ਸੰਗੀਤ ਤੇ ਧਾਰਮਿਕ ਅਧਿਐਨ ਨਾਲ ਸਬੰਧਤ ਪੰਜਾਬ ਦੇ ਮਸਲਿਆਂ ਬਾਰੇ ਆਪਣੇ ਖੋਜ ਕਾਰਜ ਸਾਂਝੇ ਕੀਤੇ। ਕਾਨਫਰੰਸ ਦੌਰਾਨ ਲਾਹੌਰ ਦੀ 'ਯੂਨੀਵਰਸਿਟੀ ਆਫ਼ ਐਜੂਕੇਸ਼ਨ' ਦੇ ਪ੍ਰੋ. ਅਖ਼ਤਰ ਹੁਸੈਨ ਸੰਧੂ ਵੱਲੋਂ ਲਿਖੀ ਪੁਸਤਕ 'ਪੰਜਾਬ: ਐਨ ਅਨਾਟਮੀ ਆਫ਼ ਮੁਸਲਿਮ-ਸਿੱਖ ਪੌਲੀਟਿਕਸ' ਵੀ ਰਿਲੀਜ਼ ਕੀਤੀ ਗਈ। ਨਾਦੀਆ ਸਿੰਘ ਨੂੰ ਆਪਣੇ ਪਰਚੇ 'ਸਿੱਖਇਜ਼ਮ ਤੇ ਸਸਟੇਨਬਿਲਿਟੀ' ਲਈ 'ਡਾਕਟਰੇਟ ਦੀ ਬਿਹਤਰੀਨ ਵਿਦਿਆਰਥਣ' ਦਾ ਐਵਾਰਡ ਮਿਲਿਆ।

# ਰਾਸ਼ਟਰਪਤੀ ਚੋਣਾਂ 'ਚ ਰੂਸੀ ਦਖ਼ਲ ਦੇ ਮਾਮਲੇ ਵਿਚ ਟਰੰਪ ਦੇ ਸਾਬਕਾ ਸਹਿਯੋਗੀਆਂ ਖ਼ਿਲਾਫ਼ ਦੋਸ਼ ਆਇਦ

**ਵਾਸ਼ਿੰਗਟਨ/ਬਿਊਰੋ ਨਿਊਜ਼**, ਅਮਰੀਕੀ ਰਾਸ਼ਟਰਪਤੀ ਦੀ ਪਿਛਲੇ ਸਾਲ 2016 'ਚ ਹੋਈ ਚੋਣ ਵਿੱਚ ਰੂਸ ਦੇ ਦਖ਼ਲ ਸਬੰਧੀ ਜਾਂਚ ਵ੍ਹਾਈਟ ਹਾਊਸ ਲਈ ਨਵੇਂ ਤੇ ਹੋਰ ਸੰਕਟ ਵਾਲੇ ਪੱਧਰ 'ਤੇ ਪਹੁੰਚ ਗਈ ਹੈ।

ਇਸ ਸਬੰਧੀ ਡੋਨਲਡ ਟਰੰਪ ਦੀ ਪ੍ਰਚਾਰ ਮੁਹਿੰਮ ਦੇ ਸਾਬਕਾ ਚੇਅਰਮੈਨ ਸਮੇਤ ਤਿੰਨ ਸਹਿਯੋਗੀਆਂ ਖ਼ਿਲਾਫ਼ ਦੋਸ਼ ਆਇਦ ਹੋਏ ਹਨ। ਪ੍ਰਚਾਰ ਮੁਹਿੰਮ ਦੇ ਸਾਬਕਾ ਚੇਅਰਮੈਨ ਪੌਲ ਮਨਫੋਰਡ ਅਤੇ ਟਰੰਪ ਦੇ ਇਕ ਹੋਰ ਸਾਬਕਾ ਸਹਿਯੋਗੀ ਨੇ ਅਦਾਲਤ 'ਚ ਪੇਸ਼ ਹੋ ਕੇ ਅਮਰੀਕਾ ਖ਼ਿਲਾਫ਼ ਸਾਜ਼ਿਸ਼ ਘੜਨ, ਕਾਲੇ ਧਨ ਨੂੰ ਸਫੈਦ ਕਰਨ ਅਤੇ ਕਈ ਹੋਰ ਦੋਸ਼ਾਂ ਤੋਂ ਖ਼ੁਦ ਨੂੰ ਬੇਕਸੂਰ ਦੱਸਿਆ। ਇਨ੍ਹਾਂ ਦੋਹਾਂ ਨੂੰ ਕ੍ਰਮਵਾਰ ਇਕ ਕਰੋੜ ਡਾਲਰ ਅਤੇ 50 ਲੱਖ ਡਾਲਰ ਦੇ ਮੁਚੱਲਕੇ 'ਤੇ ਅਦਾਲਤ ਨੇ ਜ਼ਮਾਨਤ 'ਤੇ ਰਿਹਾਅ ਕੀਤਾ ਅਤੇ ਇਨ੍ਹਾਂ ਨੂੰ ਘਰ 'ਚ ਨਜ਼ਰਬੰਦ ਰੱਖਿਆ ਗਿਆ ਹੈ। ਰੂਸੀ ਜਾਂਚ ਨਾਲ ਸਬੰਧਤ ਅਰਜ਼ੀ ਨਾਲ ਜੁੜੇ ਕੁਝ ਦਸਤਾਵੇਜ਼ ਕੱਲ੍ਹ ਨਸ਼ਰ ਹੋਏ ਹਨ, ਜਿਨ੍ਹਾਂ ਮੁਤਾਬਕ ਟਰੰਪ ਦੇ ਸਾਬਕਾ ਸਹਿਯੋਗੀ ਜੌਰਜ ਪਾਪਾਡੋਪੂਲਸ ਨੇ ਕ੍ਰੈਮਲਿਨ ਨਾਲ ਆਪਣੇ ਸਬੰਧਾਂ ਬਾਰੇ ਐਫਬੀਆਈ ਨੂੰ ਝੂਠ ਬੋਲਣ ਦਾ ਦੋਸ਼ ਕਬੂਲ ਲਿਆ ਹੈ। ਮਨਫੋਰਟ (68 ਸਾਲ) ਅਤੇ ਰਿੱਕ ਗੇਟਸ (45 ਸਾਲ) ਖ਼ਿਲਾਫ਼ ਲੱਖਾਂ ਡਾਲਰ ਛੁਪਾਉਣ ਦੇ ਦੋਸ਼ ਲੱਗੇ ਹਨ, ਜੋ ਉਨ੍ਹਾਂ ਨੇ ਯੂਕਰੇਨੀ ਸਿਆਸਤਦਾਨ ਵਿਕਟਰ ਯਾਂਕੋਵਿਚ ਅਤੇ ਉਸ ਦੀ ਰੂਸ ਪੱਖੀ ਰਾਜਸੀ ਪਾਰਟੀ ਨਾਲ ਕੰਮ ਕਰਕੇ ਇਕੱਠੇ ਕੀਤੇ ਸਨ। ਟਰੰਪ ਦੇ ਸਾਬਕਾ ਵਿਦੇਸ਼ ਨੀਤੀ ਸਲਾਹਕਾਰ ਪਾਪਾਡੋਪੂਲਸ ਨੇ ਮਾਸਕੋ ਨਾਲ ਜੁੜੇ ਪ੍ਰੋਫੈਸਰ, ਜਿਸ ਨੇ ਟਰੰਪ ਦੀ ਵਿਰੋਧੀ ਉਮੀਦਵਾਰ ਹਿਲੇਰੀ ਕਲਿੰਟਨ ਖ਼ਿਲਾਫ਼ ਸਮੱਗਰੀ ਦਿੱਤੀ ਸੀ, ਨਾਲ ਸਬੰਧ ਛੁਪਾਉਣ ਦਾ ਯਤਨ ਕਰਨ ਦੀ ਗੱਲ ਕਬੂਲ ਲਈ ਹੈ। ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰਦਿਆਂ ਟਰੰਪ ਨੇ ਕਿਹਾ ਕਿ ਇਸ ਤਰ੍ਹਾਂ ਦਾ ਕੋਈ ਗੱਠਜੋੜ ਨਹੀਂ ਸੀ। ਇਸ ਦੇ ਨਾਲ ਹੀ ਰੌਬਰਟ ਮਿਊਲਰ ਵੱਲੋਂ ਵਿੱਢੀ ਜਾਂਚ ਵਿੱਚ ਨਵਾਂ ਮੋੜ ਆ ਗਿਆ ਹੈ, ਜੋ ਟਰੰਪ ਲਈ ਸਰਦਰਦੀ ਬਣੀ ਹੋਈ ਹੈ।



ਪੌਲ ਮਨਫੋਰਡ

### *ਰੂਸ ਦੇ ਦਖ਼ਲ ਬਾਰੇ ਨਹੀਂ ਕੋਈ ਸਬੂਤ: ਸਰਗਈ ਲਾਵਰੋਵ*

*ਮਾਸਕੋ: ਰੂਸ ਦੇ ਵਿਦੇਸ਼ ਮੰਤਰੀ ਸਰਗਈ ਲਾਵਰੋਵ ਨੇ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ 'ਚ ਰੂਸ ਦੇ ਦਖ਼ਲ ਬਾਰੇ ਕੋਈ ਸਬੂਤ ਨਹੀਂ ਹੈ। ਉਨ੍ਹਾਂ ਇਥੇ ਕਿਹਾ, 'ਸਾਡੇ ਖ਼ਿਲਾਫ਼ ਬਿਨਾਂ ਕਿਸੇ ਸਬੂਤ ਦੇ ਕੇਵਲ ਅਮਰੀਕਾ ਦੀ ਚੋਣ 'ਚ ਹੀ ਨਹੀਂ ਬਲਕਿ ਹੋਰ ਮੁਲਕਾਂ ਦੀਆਂ ਚੋਣਾਂ 'ਚ ਦਖ਼ਲ ਦੇ ਦੋਸ਼ ਵੀ ਲਾਏ ਜਾ ਰਹੇ ਹਨ।'*



## ਰੂਸ ਵੱਲੋਂ ਫੈਲਾਈ ਚੋਣ ਸਮੱਗਰੀ 12.60 ਕਰੋੜ ਅਮਰੀਕੀਆਂ ਤਕ ਪਹੁੰਚੀ: ਫੇਸਬੁੱਕ

**ਵਾਸ਼ਿੰਗਟਨ:** ਫੇਸਬੁੱਕ ਦੇ ਅੰਦਾਜ਼ੇ ਮੁਤਾਬਕ ਅਮਰੀਕੀ ਰਾਸ਼ਟਰਪਤੀ ਦੀ ਚੋਣ ਦੌਰਾਨ ਤੇ ਬਾਅਦ ਵਿੱਚ ਰੂਸ ਵੱਲੋਂ ਫੈਲਾਈ ਗਈ 'ਭੜਕਾਊ' ਸਮੱਗਰੀ 12.60 ਕਰੋੜ ਅਮਰੀਕੀ ਖਪਤਕਾਰਾਂ, ਜੋ ਮੁਲਕ ਦੀ ਆਬਾਦੀ ਦਾ ਇਕ ਤਿਹਾਈ ਹਿੱਸਾ ਬਣਦਾ ਹੈ, ਤਕ ਪਹੁੰਚ ਗਈ ਸੀ। ਫੇਸਬੁੱਕ ਤੋਂ ਇਲਾਵਾ ਟਵਿੱਟਰ ਤੇ ਗੂਗਲ 'ਤੇ ਰੂਸ ਦੇ ਸਮਰਥਕ ਗਰੁੱਪਾਂ ਨੇ ਕਬਜ਼ਾ ਕਰਕੇ ਚੋਣ ਨੂੰ ਪ੍ਰਭਾਵਿਤ ਕਰਨ ਦਾ ਯਤਨ ਕੀਤਾ ਸੀ। ਇਨ੍ਹਾਂ ਤਿੰਨ ਸੋਸ਼ਲ ਸਾਈਟਾਂ ਦੇ ਅਧਿਕਾਰੀਆਂ ਨੇ ਸੈਨੇਟ ਨਿਆਂਇਕ ਕਮੇਟੀ ਅੱਗੇ ਪੇਸ਼ ਹੋ ਕੇ ਗਵਾਹੀ ਦੇਣੀ ਹੈ।

## *ਅਹਿਮਦਾਬਾਦ :* ਸਿਵਲ ਹਸਪਤਾਲ 'ਚ 36 ਘੰਟਿਆਂ 'ਚ 11 ਨਵਜਾਤ ਬੱਚਿਆਂ ਦੀ ਮੌਤ

**ਅਹਿਮਦਾਬਾਦ/ਬਿਊਰੋ ਨਿਊਜ਼ :** ਇੱਥੇ ਸਿਵਲ ਹਸਪਤਾਲ ਵਿੱਚ ਸ਼ੁੱਕਰਵਾਰ ਰਾਤ ਤੋਂ ਛੱਤੀ ਘੰਟਿਆਂ ਵਿੱਚ 11 ਨਵਜਾਤ ਬੱਚਿਆਂ ਦੀ ਮੌਤ ਹੋ ਗਈ। ਇਸ ਤੋਂ ਬਾਅਦ ਗੁਜਰਾਤ ਸਰਕਾਰ ਇਨ੍ਹਾਂ ਮੌਤਾਂ ਦੇ ਕਾਰਨਾਂ ਅਤੇ ਹਾਲਾਤ ਦੀ ਜਾਂਚ ਦੇ ਆਦੇਸ਼ ਦੇਣ ਲਈ ਮਜ਼ਬੂਰ ਹੋ ਗਈ ਹੈ। ਸਰਕਾਰ ਨੇ ਡਿਪਟੀ ਡਾਇਰੈਕਟਰ ਮੈਡੀਕਲ ਐਜੂਕੇਸ਼ਨ ਆਰ ਕੇ ਦੀਕਸ਼ਿਤ ਦੀ ਅਗਵਾਈ ਵਿੱਚ ਮੌਤਾਂ ਦੇ ਕਾਰਨਾਂ ਦੀ ਜਾਂਚ ਲਈ ਕਮੇਟੀ ਕਾਇਮ ਕਰ ਦਿੱਤੀ ਹੈ। ਦੀਵਾਲੀ ਤੋਂ ਅਗਲੀ ਸ਼ੁਕਰਵਾਰ ਦੀ ਰਾਤ ਤੋਂ 24 ਘੰਟਿਆਂ ਦੇ ਵਿੱਚ 9 ਬੱਚਿਆਂ ਦੀ ਮੌਤ ਨਾਲ ਗੁਜਰਾਤ ਵਿੱਚ ਸਿਹਤ ਸੇਵਾਵਾਂ ਉੱਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਗੁਜਰਾਤ ਸਰਕਾਰ ਵੱਲੋਂ ਜਾਰੀ ਪ੍ਰੈੱਸ ਰਿਲੀਜ਼ ਅਨੁਸਾਰ ਇਨ੍ਹਾਂ ਵਿੱਚੋਂ ਪੰਜ ਬੱਚੇ ਵੱਖ ਵੱਖ ਥਾਵਾਂ ਤੋਂ ਲਿਆਂਦੇ ਗਏ ਸਨ ਅਤੇ ਇਨ੍ਹਾਂ ਦਾ ਭਾਰ ਬਹੁਤ ਘੱਟ ਸੀ ਅਤੇ ਕੁੱਝ ਹੋਰਨਾਂ ਦੀ ਵੱਖ-ਵੱਖ ਬਿਮਾਰੀਆਂ ਕਾਰਨ ਹਾਲਤ ਗੰਭੀਰ ਸੀ। ਹਸਪਤਾਲ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਪਿਛਲੇ ਤਿੰਨ ਦਿਨ ਵਿੱਚ ਹਸਪਤਾਲ ਵਿੱਚ 18 ਬੱਚਿਆਂ ਦੀ ਮੌਤ ਹੋ ਚੁੱਕੀ ਹੈ। ਸੂਬੇ ਦੇ ਪ੍ਰਿੰਸੀਪਲ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਗੁਜਰਾਤ ਜਯੰਤੀ ਰਵੀ ਨੇ ਦੱਸਿਆ ਕਿ ਮੁੱਖ ਮੰਤਰੀ ਵਿਜੈ ਰੁਪਾਨੀ ਨੇ ਗਾਂਧੀਨਗਰ ਵਿੱਚ ਸੀਨੀਅਰ ਮੈਡੀਕਲ ਅਧਿਕਾਰੀਆਂ ਦੇ ਨਾਲ ਮੀਟਿੰਗ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਹੈ।

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 548ਵਾਂ ਪ੍ਰਕਾਸ਼ ਪੁਰਬ 4 ਨਵੰਬਰ ਨੂੰ ਮਨਾਇਆ ਜਾਵੇਗਾ

**ਨਿਊਯਾਰਕ/ਬਿਊਰੋ ਨਿਊਜ਼:**

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਲੋਂ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 548ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ 4 ਨਵੰਬਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਨੇ ਦਸਿਆ ਕਿ ਗੁਰਦੁਆਰਾ ਸਾਹਿਬ ਵਿਚ ਦਿਨ ਭਰ ਦੇ ਦੀਵਾਨ ਸਜਾਏ ਜਾਣਗੇ ਜਿਸ ਦੌਰਾਨ ਰਾਗੀ ਸਿੰਘ, ਕਥਾਵਾਚਕ ਤੇ ਢਾਡੀ ਜਥੇ ਦਿਨ ਭਰ ਸੰਗਤਾਂ ਨੂੰ ਗੁਰੂ ਜਸ ਨਾਲ ਨਿਹਾਲ ਕਰਨਗੇ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਤੋਂ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਆਤਮ ਰਸ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਦੇ ਮਹਾਨ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਜੀ, ਭਾਈ ਹਰਪ੍ਰੀਤ ਸਿੰਘ ਜੀ ਹਰਿਆਣੇ ਵਾਲੇ, ਭਾਈ ਜਗਪ੍ਰੀਤ ਸਿੰਘ ਜੀ ਲੁਧਿਆਣੇ ਵਾਲੇ, ਭਾਈ ਬਲਜਿੰਦਰ ਸਿੰਘ ਜੀ ਭੇਵੇ ਵਾਲੇ, ਕਥਾਵਾਚਕ ਗਿਆਨੀ ਅਵਤਾਰ ਸਿੰਘ ਜੀ ਦਮਦਮੀ ਟਕਸਾਲ ਵਾਲੇ ਤੇ ਕਵੀਸ਼ਰੀ ਜਥਾ ਭਾਈ ਦਾਨਵੀਰ ਸਿੰਘ ਜੀ ਯੂ ਕੇ ਵਾਲੇ ਸੰਗਤਾਂ ਨੂੰ ਗੁਰੂ ਜਸ ਨਾਲ ਨਿਹਾਲ ਕਰਨਗੇ।

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਵੀ ਸੰਗਤਾਂ ਨੂੰ ਗੁਰੂ ਬਚਨਾਂ ਨਾਲ ਨਿਹਾਲ ਕਰਨਗੇ। ਦਿਨ ਭਰ ਗੁਰੂ ਦੇ ਲੰਗਰ ਅਤੁੱਟ ਵਰਤਾਏ ਜਾਣਗੇ। ਰਾਤ ਨੂੰ 12:00 ਵਜੇ ਆਰਤੀ ਕੀਰਤਨ ਕਰਦਿਆਂ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਫੁੱਲਾਂ ਦੀ ਵਰਖਾ ਕਰਨ ਦੌਰਾਨ ਦਿਨ ਭਰ ਦੇ ਦੀਵਾਨਾਂ ਦੀ ਸਮਾਪਤੀ ਹੋਵੇਗੀ।

ਗੁਰੂ ਘਰ ਦੇ ਪ੍ਰਬੰਧਕ ਸੇਵਾਦਾਰਾਂ ਵਲੋਂ ਸਭ ਨੂੰ ਆਪਣੇ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ।

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵੱਲੋਂ ਸਮੂਹ ਜਗਤ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ ਗਈਆਂ ਹਨ।

## ਅਰਬਪਤੀ ਜੌਹਨ ਨਾਥ ਕਪੂਰ ਧੋਖਾਧੜੀ ਮਾਮਲੇ 'ਚ ਗ੍ਰਿਫ਼ਤਾਰ

**ਵਾਸ਼ਿੰਗਟਨ/ਬਿਊਰੋ ਨਿਊਜ਼ :**

ਭਾਰਤ-ਅਮਰੀਕੀ ਫਾਰਮਾਸਿਊਟੀਕਲ ਕੰਪਨੀ ਇਨਸਿਸ ਦੇ ਅਰਬਪਤੀ ਮਾਲਕ ਜੌਹਨ ਨਾਥ ਕਪੂਰ (74) ਨੂੰ ਧੋਖਾਧੜੀ ਦੇ ਕੇਸ ਵਿਚ ਐਫਬੀਆਈ ਨੇ ਐਰੀਜ਼ੋਨਾ ਤੋਂ ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ ਮਰੀਜ਼ਾਂ ਨੂੰ ਦਵਾਈ ਦੀ ਵੱਧ ਡੋਜ਼ ਦੇਣ ਲਈ ਡਾਕਟਰਾਂ ਵੱਲੋਂ ਨੁਸਖੇ ਲਿਖਣ 'ਤੇ ਰਿਸ਼ਵਤ ਦੇਣ ਅਤੇ ਮੁਨਾਫ਼ੇ ਲਈ ਬੀਮਾ ਕੰਪਨੀਆਂ ਨਾਲ ਧੋਖਾਧੜੀ ਕਰਨ ਦੇ ਦੋਸ਼ ਲੱਗੇ ਹਨ। ਅੰਮ੍ਰਿਤਸਰ ਵਿਚ ਜਨਮਿਆ ਕਪੂਰ 1960 ਵਿਆਂ ਵਿਚ ਭਾਰਤ ਤੋਂ ਅਮਰੀਕਾ ਗਿਆ ਸੀ। ਅਟਾਰਨੀ ਜਨਰਲ ਜੈੱਫ ਸੈਸ਼ਨਜ਼ ਨੇ ਕਿਹਾ ਕਿ ਪਿਛਲੇ ਸਾਲ 20 ਹਜ਼ਾਰ ਤੋਂ ਵੱਧ ਅਮਰੀਕੀ ਓਵਰਡੋਜ਼ ਕਾਰਨ ਮਾਰੇ ਗਏ ਅਤੇ ਲੱਖਾਂ ਹੀ ਉਸ ਦਵਾਈ ਦੇ ਆਦੀ ਹੋ ਗਏ ਹਨ।



ਉਨ੍ਹਾਂ ਕਿਹਾ ਕਿ ਅਜਿਹੇ ਮਰੀਜ਼ਾਂ ਦੀ ਸਹਾਇਤਾ ਕਰਨ ਦੀ ਬਜਾਏ ਉਨ੍ਹਾਂ ਦੇ ਝੱਸ ਦਾ ਫਾਇਦਾ ਚੁੱਕਿਆ ਜਾ ਰਿਹਾ ਹੈ। ਐਕਟਿੰਗ ਅਟਾਰਨੀ ਵਿਲੀਅਮ ਡੀ ਵੀਨਰੈੱਬ ਨੇ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਵਾਂਗ ਸਨਅਤ ਅਤੇ ਇਸ ਦੇ ਮਾਲਕਾਂ ਨੂੰ ਜਵਾਬਦੇਹ ਮੰਨਿਆ ਜਾਣਾ ਚਾਹੀਦਾ ਹੈ।

## ਐਰੀਜ਼ੋਨਾ ਵਿੱਚ ਸਿੱਖ ਡਰਾਈਵਰ 'ਤੇ ਹਮਲਾ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :**

ਫਰਿਜ਼ਨੋ ਨਿਵਾਸੀ ਇੰਦਰਜੀਤ ਸਿੰਘ ਬਰਾੜ 'ਤੇ ਵੈਨਸਲੇ ਐਰੀਜ਼ੋਨਾ ਵਿਖੇ ਫਲਾਇੰਗ ਜੇ. ਟਰੱਕ ਸਟਾਪ 'ਤੇ ਮੈਕਸੀਕਨ ਮੂਲ ਦੇ ਡਰਾਈਵਰ ਨੇ ਉਸ ਵਕਤ ਹਮਲਾ ਕਰ ਦਿੱਤਾ, ਜਦੋਂ ਉਹ 31 ਨੰਬਰ ਪੰਪ 'ਤੇ ਆਪਣੇ ਟਰੱਕ ਵਿਚ ਗੈਸ ਪਵਾ ਰਹੇ ਸਨ। ਇੰਦਰਜੀਤ ਸਿੰਘ ਬਰਾੜ ਲੰਬੇ ਸਮੇਂ ਤੋਂ ਟਰੱਕ ਚਲਾ ਰਹੇ ਹਨ। ਇੰਦਰਜੀਤ ਬਰਾੜ ਮੁਤਾਬਕ ਜਦੋਂ ਉਹ ਟਰੱਕ ਸਟਾਪ 'ਤੇ ਤੇਲ ਭਰਾਉਣ ਲਈ ਰੁਕੇ ਤਾਂ ਉੱਥੇ ਕਾਫੀ ਵੱਡੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਉਨਾਂ ਦੇ ਮੂਹਰੇ ਖੜੇ ਟਰੱਕ ਡਰਾਈਵਰ ਨੇ ਟਰੱਕ ਬੈਕ ਕਰਕੇ ਉਥੋਂ ਕੱਢਣ ਦੀ ਕੋਸ਼ਿਸ਼ ਕੀਤੀ ਤੇ ਟਰੱਕ ਬਿਲਕੁਲ ਨੇੜਾ ਆਉਂਦਾ ਦੇਖ ਕੇ ਇੰਦਰਜੀਤ ਸਿੰਘ ਨੇ ਹਾਰਨ ਵਜਾ ਦਿੱਤਾ। ਇਸ 'ਤੇ ਗੁੱਸੇ ਵਿਚ ਆਏ ਮਕਸੀਕੇ ਨੇ ਇੰਦਰਜੀਤ ਨੂੰ ਗਾਲਾਂ ਕੱਢੀਆਂ ਤੇ ਡਰਾਈਵਰ ਸਾਈਡ ਬਾਰੀ ਨੂੰ ਧੱਕੇ ਮਾਰੇ ਪਰ ਇੰਦਰਜੀਤ ਆਪਣੇ ਟਰੱਕ ਵਿੱਚ ਹੀ ਬੈਠਾ ਰਿਹਾ ਤੇ ਜਦੋਂ ਇੰਦਰਜੀਤ ਦੀ ਤੇਲ ਭਰਾਉਣ ਦੀ ਵਾਰੀ ਆਈ ਤਾਂ ਤੇਲ ਭਰਾਉਂਦੇ ਇੰਦਰਜੀਤ ਨੂੰ ਮਕਸੀਕੇ ਨੇ ਫੇਰ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਪਰ ਇੰਦਰਜੀਤ ਚੁੱਪ ਚਾਪ ਆਪਣਾ ਕੰਮ ਕਰੀ ਗਿਆ। ਇੰਦਰਜੀਤ ਸਿੰਘ ਨੇ ਟਰੱਕ ਦੀ ਬਾਰੀ ਖੋਲ ਕੇ ਕੰਮ ਵਾਲੇ ਦਸਤਾਨੇ ਕੱਢਣ ਲਈ ਧਿਆਨ ਓਧਰ ਕੀਤਾ ਤਾਂ ਮਕਸੀਕੇ ਨੇ ਝਪਟ ਮਾਰ ਕੇ ਇੰਦਰਜੀਤ ਦੇ ਮੂੰਹ 'ਤੇ ਪੂਰੇ ਜ਼ੋਰ ਦੀ ਘਸੁੰਨ ਮਾਰ ਦਿੱਤਾ ਜਿਸ ਕਰਕੇ ਇੰਦਰਜੀਤ ਦੇ ਮੂੰਹ 'ਤੇ ਕਾਫ਼ੀ ਸੱਟ ਲੱਗੀ ਤੇ ਮਕਸੀਕਾ ਟਰੱਕ ਲੈ ਕੇ ਉਥੋਂ ਭੱਜ ਗਿਆ। ਇੰਦਰਜੀਤ ਸਿੰਘ ਨੂੰ ਹਸਪਤਾਲ ਲਿਜਾਇਆ ਗਿਆ। ਇੰਦਰਜੀਤ ਘਬਰਾਇਆ ਹੋਣ ਕਰਕੇ ਟਰੱਕ ਦੀ ਫੋਟੋ ਵੀ ਚੰਗੀ ਤਰਾਂ ਖਿੱਚ ਨਹੀਂ ਸਕਿਆ।



## ਗੋਲਡਨ ਪੰਜਾਬ ਕਲੱਬ ਯੂ.ਐਸ.ਏ. ਵਲੋਂ ਸਭਿਆਚਾਰਕ ਪ੍ਰੋਗਰਾਮ 'ਕੱਚ ਦੀਆਂ ਮੁੰਦਰਾਂ' ਦੀ ਸਫ਼ਲ ਪੇਸ਼ਕਾਰੀ







**ਹੇਵਰਡ/ਬਿਊਰੋ ਨਿਊਜ਼ :**

ਗੋਲਡਨ ਪੰਜਾਬ ਕਲੱਬ ਯੂ.ਐਸ.ਏ. ਵਲੋਂ ਯੂਨੀਅਨ ਸਿਟੀ ਦੇ ਜੇਮਜ਼ ਲੋਗਨ ਹਾਈ ਸਕੂਲ ਵਿਖੇ ਸਭਿਆਚਾਰਕ ਪ੍ਰੋਗਰਾਮ 'ਕੱਚ ਦੀਆਂ ਮੁੰਦਰਾਂ' ਕਰਵਾਇਆ ਗਿਆ। ਇਹ ਪ੍ਰੋਗਰਾਮ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਯਤਨ ਸੀ। ਪ੍ਰੋਗਰਾਮ ਦਾ ਆਗਾਜ਼ ਚਰਨਦੀਪ ਸਿੰਘ ਅਤੇ ਗੁਰਜੋਤ ਸਿੰਘ ਨੇ ਢੋਲ ਵਜਾ ਕੇ ਕੀਤਾ। ਛੋਟੇ ਬੱਚਿਆਂ ਦੀ ਟੀਮ ਫੁੱਲ ਕਲੀਆਂ ਦੇ ਗਿੱਧੇ ਦੀ ਧਮਾਲ ਨੇ ਸਟੇਜ ਹਿਲਾ ਦਿੱਤੀ। ਸਵਰਨ ਬੱਲ, ਵੀਰਤ ਅਤੇ ਗੁਰਸ਼ਾਨ ਦੀ ਕੋਰਿਓਗ੍ਰਾਫ਼ੀ ਪੰਜਾਬੀ ਵਿਰਸੇ ਦੇ ਬਦਲੇ ਰੂਪ ਦੀ ਤਸਵੀਰ ਪੇਸ਼ ਕੀਤੀ। ਅਜੇ ਅਕੈਡਮੀ ਦੇ ਬੱਚਿਆਂ ਵਲੋਂ ਤਿਆਰ ਕੀਤੇ ਗਿੱਧੇ ਅਤੇ ਭੰਗੜੇ ਨੇ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ। ਰਾਇਲ ਭੰਗੜਾ ਟੀਮ ਦੀ ਬਾ-ਕਮਾਲ ਪੇਸ਼ਕਾਰੀ ਤੋਂ ਇਲਾਵਾ ਸੂਫ਼ੀ ਗਾਇਕਾ ਟੀਨਾ ਮਾਨ, ਗਾਇਕਾ ਜੋਤ ਰਣਜੀਤ ਅਤੇ ਸਵੀਟੀ ਸਿੰਘ ਨੇ ਦਰਸ਼ਕ ਕੀਲ ਕੇ ਰੱਖੇ। ਗਾਇਕਾ ਗੁਰਜੀਤ ਜੀਤੀ, ਜਸਵਿੰਦਰ ਧਨੋਆ (ਪੰਜਾਬ ਲੋਕ ਰੰਗ), ਪਰਮਜੀਤ ਕੌਰ, ਸੁਖਵੀਰ ਕੌਰ ਨੇ ਨੀਲਮ ਸੈਣੀ ਦੀ ਪੁਸਤਕ 'ਸਾਡੀਆਂ ਰਸਮਾਂ ਸਾਡੇ ਗੀਤ' ਵਿਚੋਂ ਲੋਕ ਗੀਤ ਗਾ ਕੇ ਵਿਆਹ ਵਾਲਾ ਮਾਹੌਲ ਸਿਰਜ ਦਿੱਤਾ। ਪ੍ਰੋ. ਬਲਜਿੰਦਰ ਸਿੰਘ ਨੇ ਸਮੂਹ ਮਾਪਿਆਂ ਨੂੰ ਆਪਣੇ ਬੱਚਿਆਂ ਲਈ ਕਲੱਬ ਦੀ ਮੈਂਬਰਸ਼ਿਪ ਲੈਣ ਲਈ ਅਪੀਲ ਕੀਤੀ।

ਕਲੱਬ ਵਲੋਂ ਡਾ. ਰੀਆ ਸਿੰਘ, ਸਤਵੰਤ ਸਿੰਘ ( ਇੰਸ਼ੋਰੈਂਸ ਏਜੰਟ), ਵਰਲਡ ਫ਼ਾਈਨਾਂਸ਼ੀਅਲ ਗਰੁੱਪ, ਅਜੇ ਅਕੈਡਮੀ ਦੇ ਭੰਗੜਾ ਕੋਚ ਸੁਖਵਿੰਦਰ ਸਿੰਘ ਗੋਗੀ ਅਤੇ ਜਸਪਾਲ ਸਿੰਘ, ਹਰਭਜਨ ਸਿੰਘ ਭੱਜੀ, ਕੁਲਵੰਤ ਨਿੱਝਰ, ਸਰਬਜੀਤ ਸਰਾਓ, ਰਾਜ ਜੋਤ ਇੰਡੀਅਨ ਰੈਸਟੋਰੈਂਟ, ਕਿੱਕੀ ਬਰੋਜ਼, ਲਵਜੋਤ ਕੌਰ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਕਲੱਬ ਦੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਨੇ ਦਰਸ਼ਕਾਂ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ। ਮਨਪ੍ਰੀਤ ਕੌਰ ਨੇ ਯੂਥ ਵਿੰਗ ਦੀ ਪ੍ਰਤੀਨਿਧਤਾ ਕਰਦੇ ਹੋਏ ਰਾਇਲ ਭੰਗੜਾ ਟੀਮ ਨੂੰ ਮੰਚ 'ਤੇ ਆਉਣ ਲਈ ਸੱਦਾ ਦਿੱਤਾ। ਨੀਲਮ ਸੈਣੀ ਨੇ ਮੰਚ ਸੰਚਾਲਨ ਬਾਖ਼ੂਬੀ ਨਿਭਾਇਆ।

# ਠੇਕੇਦਾਰਾਂ ਨੂੰ ਪੰਜਾਬੀ ਦੀ ਅਣਦੇਖੀ ਕਰਨ ਵਾਲੇ ਸਾਈਨ ਬੋਰਡ 20 ਦਿਨਾਂ 'ਚ ਪੈਣਗੇ ਬਦਲਣੇ

**ਬਠਿੰਡਾ/ਬਿਊਰੋ ਨਿਊਜ਼ :** ਬਠਿੰਡਾ-ਅੰਮ੍ਰਿਤਸਰ ਕੌਮੀ ਮਾਰਗ ਦੇ ਠੇਕੇਦਾਰਾਂ ਨੂੰ ਮਾਂ ਬੋਲੀ ਪੰਜਾਬੀ ਗੁੱਠੇ ਲਾਉਣੀ ਮਹਿੰਗੀ ਪੈ ਗਈ ਹੈ। ਲੋਕ ਨਿਰਮਾਣ ਵਿਭਾਗ ਵੱਲੋਂ ਇਹ ਸ਼ਾਹਰਾਹ ਬਣਾ ਰਹੇ ਠੇਕੇਦਾਰਾਂ ਨੂੰ 20 ਦਿਨਾਂ ਅੰਦਰ ਸਾਰੇ ਸਾਈਨ ਬੋਰਡ ਬਦਲਣ ਦੇ ਹੁਕਮ ਦਿੱਤੇ ਹਨ। ਬਠਿੰਡਾ-ਅੰਮ੍ਰਿਤਸਰ ਕੌਮੀ ਮਾਰਗ ਕਰੀਬ 180 ਕਿਲੋਮੀਟਰ ਲੰਬਾ ਹੈ ਤੇ ਇਸ ਨੂੰ ਚਹੁੰ ਮਾਰਗੀ ਬਣਾਏ ਜਾਣ ਦਾ ਕੰਮ ਤਿੰਨ ਫਰਮਾਂ ਦਲੀਪ ਬਿਲਡਰਜ਼, ਸਿੰਗਲਾ ਐਂਡ ਕੰਪਨੀ ਅਤੇ ਜੀਆਰਐਫ ਇਨਫਰਾ-ਪ੍ਰਾਜੈਕਟਸ ਨੂੰ ਦਿੱਤਾ ਗਿਆ ਹੈ। ਪ੍ਰਾਜੈਕਟ ਦੀ ਕੁੱਲ ਲਾਗਤ ਕਰੀਬ ਦੋ ਹਜ਼ਾਰ ਕਰੋੜ ਰੁਪਏ ਦੱਸੀ ਜਾ ਰਹੀ ਹੈ ਤੇ ਇਸ ਵਿੱਚ ਸਾਈਨ ਬੋਰਡ ਲਾਏ ਜਾਣਾ ਵੀ ਸ਼ਾਮਲ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਬਠਿੰਡਾ ਤੋਂ ਅੰਮ੍ਰਿਤਸਰ ਤੱਕ ਸਾਈਨ ਬੋਰਡਾਂ ਦੀ ਗਿਣਤੀ 1500 ਦੇ ਕਰੀਬ ਬਣਦੀ ਹੈ, ਜਿਨ੍ਹਾਂ 'ਤੇ ਕਰੀਬ ਤਿੰਨ ਕਰੋੜ ਰੁਪਏ ਦੀ ਲਾਗਤ ਆਈ ਸੀ ਅਤੇ ਲੇਬਰ ਦਾ ਖਰਚਾ ਵੱਖਰਾ ਸੀ। ਹੁਣ ਜਦੋਂ ਮਹਿਕਮੇ ਨੇ ਫਰਮਾਂ ਨੂੰ ਬੋਰਡ ਤਬਦੀਲ ਕਰਨ ਵਾਸਤੇ ਆਖਿਆ ਤਾਂ ਉਹ ਕਰੋੜਾਂ ਦੇ ਖਰਚ ਦੀ ਗੱਲ ਕਰਨ ਲੱਗ ਪਏ। ਸੂਤਰ ਦੱਸਦੇ ਹਨ ਕਿ ਠੇਕੇਦਾਰਾਂ ਨੂੰ ਹੁਣ ਬੋਰਡ ਤਬਦੀਲ ਕਰਾਉਣ 'ਤੇ ਕਰੀਬ ਤਿੰਨ ਤੋਂ ਚਾਰ ਕਰੋੜ ਰੁਪਏ ਦਾ ਖਰਚਾ ਸਮੇਤ ਲੇਬਰ ਪਵੇਗਾ। ਇੱਕ ਫਰਮ ਦੀ ਤਾਂ ਯੂਪੀ ਵਿੱਚ ਆਪਣੀ ਫੈਕਟਰੀ ਹੈ ਜਿੱਥੋਂ ਇਹ ਬੋਰਡ ਤਿਆਰ ਕਰਾਏ ਗਏ ਸਨ। ਉਸ ਨੂੰ ਟਰਾਂਸਪੋਟੇਸ਼ਨ ਦਾ ਵੀ ਖਰਚਾ ਪੈਣਾ ਹੈ। ਮਾਲਵਾ ਯੂਥ ਫੈਡਰੇਸ਼ਨ ਦੇ ਲੱਖਾ ਸਧਾਣਾ ਨੇ ਕਿਹਾ ਕਿ ਇਹ ਮਾਮੂਲੀ ਗਲਤੀ ਦਾ ਮਾਮਲਾ ਨਹੀਂ ਹੈ ਬਲਕਿ ਇੱਕ ਸੋਚੀ ਸਮਝੀ ਸਾਜ਼ਿਸ਼ ਤਹਿਤ ਪੰਜਾਬੀ ਭਾਸ਼ਾ ਨੂੰ ਪਿੱਛੇ ਧੱਕਿਆ ਗਿਆ ਹੈ। ਦੱਸਣਯੋਗ ਹੈ ਕਿ ਇਨ੍ਹਾਂ ਸਾਈਨ ਬੋਰਡਾਂ 'ਤੇ ਪੰਜਾਬੀ ਭਾਸ਼ਾ ਨੂੰ ਤੀਜੇ, ਅੰਗਰੇਜ਼ੀ ਨੂੰ ਦੂਜੇ ਅਤੇ ਹਿੰਦੀ ਨੂੰ ਪਹਿਲੇ ਨੰਬਰ 'ਤੇ ਰੱਖਿਆ ਗਿਆ ਸੀ ਜਿਸ ਤੋਂ ਪੰਜਾਬੀ ਭਾਸ਼ਾ ਪ੍ਰੇਮੀ ਖ਼ਫ਼ਾ ਹੋ ਗਏ। ਪੰਜਾਬੀ ਪ੍ਰੇਮੀਆਂ ਨੇ ਪਿਛਲੇ ਦਿਨਾਂ ਵਿਚ ਇਨ੍ਹਾਂ ਸਾਈਨ ਬੋਰਡਾਂ 'ਤੇ ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ 'ਤੇ ਕਾਲਖ ਫੇਰ ਦਿੱਤੀ ਸੀ। ਬਠਿੰਡਾ ਪੁਲੀਸ ਨੇ ਇਸ ਸਬੰਧੀ ਦੋ ਪੁਲੀਸ ਕੇਸ ਵੀ ਦਰਜ ਕੀਤੇ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿੱਚ ਵੀ ਇਸ ਸ਼ਾਹਰਾਹ ਦੇ ਬੋਰਡਾਂ 'ਤੇ ਕਾਲਾ ਪੋਚਾ ਫੇਰਿਆ ਗਿਆ ਹੈ। ਹੰਗਾਮੇ ਮਗਰੋਂ ਪੰਜਾਬ ਸਰਕਾਰ ਨੇ ਇਹ ਸਾਈਨ ਬੋਰਡ ਬਦਲਣ ਦੀ ਪ੍ਰਵਾਨਗੀ ਲੈ ਲਈ ਹੈ। ਹੁਣ ਤਿੰਨ ਕੰਪਨੀਆਂ ਨੇ ਇਨ੍ਹਾਂ ਸਾਈਨ ਬੋਰਡਾਂ ਨੂੰ ਤਬਦੀਲ ਕਰਨ ਦਾ ਜਾਇਜ਼ਾ ਲੈਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਨਵੰਬਰ ਮਹੀਨੇ ਦੇ ਪਹਿਲੇ ਹਫ਼ਤੇ 'ਪੰਜਾਬੀ ਹਫ਼ਤਾ' ਵੀ ਮਨਾਇਆ ਜਾ ਰਿਹਾ ਹੈ ਅਤੇ ਪਹਿਲੀ ਨਵੰਬਰ ਨੂੰ 'ਪੰਜਾਬ ਦਿਵਸ' ਵੀ ਹੈ। ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਕੁਲਬੀਰ ਸਿੰਘ ਸੰਧੂ ਨੇ ਕਿਹਾ ਕਿ ਸਾਈਨ ਬੋਰਡਾਂ ਨੂੰ ਤਬਦੀਲ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ ਅਤੇ ਉਸਾਰੀ ਫਰਮਾਂ ਵੱਲੋਂ ਆਪਣੇ ਖਰਚੇ 'ਤੇ ਹੀ ਸਾਈਨ ਬੋਰਡ ਤਬਦੀਲ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 180 ਕਿਲੋਮੀਟਰ ਸੜਕ 'ਤੇ ਕਰੀਬ 1500 ਛੋਟੇ-ਵੱਡੇ ਸਾਈਨ ਬੋਰਡ ਲੱਗੇ ਹਨ ਜਿਨ੍ਹਾਂ ਨੂੰ ਤਬਦੀਲ ਕਰਨ ਤੇ ਕਰੀਬ ਤਿੰਨ ਕਰੋੜ ਦੀ ਲਾਗਤ ਆਉਣ ਦੀ ਸੰਭਾਵਨਾ ਹੈ।

## ਪੰਜਾਬੀ ਹਿਤੈਸ਼ੀਆਂ ਵਲੋਂ ਮਾਂ ਬੋਲੀ ਨੂੰ ਬਣਦਾ ਮਾਣ ਦਿਵਾਉਣ ਲਈ ਕਾਨਫਰੰਸ ਅਤੇ ਚੇਤਨਾ ਮਾਰਚ



ਪਟਿਆਲਾ ਵਿਖੇ ਪੰਜਾਬੀ ਕਾਨਫਰੰਸ 'ਚ ਬੋਲਦੇ ਹੋਏ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ




ਪੰਜਾਬੀ ਬੋਲੀ ਦੇ ਹੱਕ 'ਚ ਪਟਿਆਲਾ ਵਿਖੇ ਚੇਤਨਾ ਮਾਰਚ ਕੱਢਦੇ ਹੋਏ ਪੰਜਾਬੀ ਹਿਤੈਸ਼ੀ

**ਪਟਿਆਲਾ/ਸਿੱਖ ਸਿਆਸਤ ਬਿਊਰੋ:** ਪੰਜਾਬੀ ਬੋਲੀ ਨੂੰ ਬਣਦਾ ਸਥਾਨ ਦਿਵਾਉਣ ਲਈ ਪਟਿਆਲਾ ਦੇ ਭਾਸ਼ਾ ਭਵਨ ਵਿੱਚ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਦੀ ਅਗਵਾਈ ਹੇਠ ਕਰਵਾਈ ਪੰਜਾਬੀ ਭਾਸ਼ਾ ਕਨਵੈਨਸ਼ਨ' ਦੌਰਾਨ ਪੰਜਾਬ ਵਿੱਚ ਹਰ ਪੱਧਰ 'ਤੇ ਪੰਜਾਬੀ ਨੂੰ ਸਿਰਮੌਰ ਦਰਜ਼ਾ ਦਿਵਾਉਣ ਲਈ ਡਟਵੀਂ ਪੈਰਵੀ ਕਰਨ ਅਹਿਦ ਲਿਆ ਗਿਆ ਤੇ ਕੇਂਦਰ ਅਤੇ ਸੂਬਾ ਸਰਕਾਰ 'ਤੇ ਪੰਜਾਬੀ ਪ੍ਰਤੀ ਗੰਭੀਰ ਨਾ ਹੋਣ ਦੇ ਦੋਸ਼ ਵੀ ਲਾਏ ਗਏ। ਕਨਵੈਨਸ਼ਨ ਵਿੱਚ ਪੰਜਾਬੀ ਦੇ ਹੱਕ ਵਿੱਚ ਪੰਜ ਮਤੇ ਵੀ ਪਾਸ ਕੀਤੇ ਗਏ। ਇਸ ਕਨਵੈਨਸ਼ਨ ਮਗਰੋਂ ਪੰਜਾਬੀ ਦੀ ਪ੍ਰਫੁੱਲਤਾ ਤੇ ਵਿਕਾਸ ਲਈ ਚੇਤਨਾ ਮਾਰਚ ਕੱਢਦਿਆਂ ਪੰਜਾਬ ਸਰਕਾਰ ਦੇ ਨਾਂ ਮੰਗ ਪੱਤਰ ਸੌਂਪਿਆ ਗਿਆ। ਕਨਵੈਨਸ਼ਨ ਵਿੱਚ ਪੰਜਾਬ ਦੇ ਵੱਖ ਵੱਖ ਹਿੱਸਿਆਂ ਤੋਂ ਨੁਮਾਇੰਦੇ ਕਨਵੈਨਸ਼ਨ ਲਈ ਆਏ। ਕਨਵੈਨਸ਼ਨ ਦੀ ਪ੍ਰਧਾਨਗੀ ਲੇਖਿਕਾ ਦਲੀਪ ਕੌਰ ਟਿਵਾਣਾ, ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ, ਭਾਸ਼ਾ ਵਿਗਿਆਨੀ ਡਾ. ਜੋਗਾ ਸਿੰਘ, ਸੁਖਦੇਵ ਸਿੰਘ, ਪ੍ਰੋ. ਰੌਣਕੀ ਰਾਮ ਤੇ ਕੰਨੜ ਭਾਸ਼ਾ ਦੇ ਪ੍ਰੋ. ਪੰਡਿਤ ਰਾਓ ਧਰੇਨਵਰ ਨੇ ਕੀਤੀ। ਪ੍ਰਧਾਨਗੀ ਮੰਡਲ ਤੋਂ ਇਲਾਵਾ ਪ੍ਰੋ. ਹਰਜਿੰਦਰ ਸਿੰਘ ਵਾਲੀਆ, ਐਡਵੋਕੇਟ ਸਰਬਜੀਤ ਸਿੰਘ ਵਿਰਕ, ਹਰਦੀਪ ਸ਼ਰਮਾ ਬਠਿੰਡਾ, ਰਾਕੇਸ਼ ਗੁਪਤਾ, ਸੁਖਦੇਵ ਸਿੰਘ, ਨਰਾਇਣ ਦੱਤ, ਲੱਖਾ ਸਿਧਾਣਾ, ਉਪਜੀਤ ਸਿੰਘ ਬਰਾੜ ਤੇ ਗੁਰਪ੍ਰੀਤ ਲਲਕਾਰ ਨੇ ਪੰਜਾਬੀ ਨੂੰ ਬਣਦੀ ਅਹਿਮੀਅਤ ਦੇਣ 'ਤੇ ਜ਼ੋਰ ਦਿੱਤਾ। ਲੱਖਾ ਸਿਧਾਣਾ ਨੇ ਆਖਿਆ ਕਿ ਉਹ ਪੰਜਾਬੀ ਲਈ ਸ਼ਹੀਦ ਹੋਣ ਨੂੰ ਤਿਆਰ ਹੈ, ਪਰ ਮਾਤ ਭਾਸ਼ਾ ਨਾਲ ਵਧੀਕੀ ਸਹਿਣ ਨਹੀਂ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੰਜਾਬੀ ਪ੍ਰਤੀ ਗੰਭੀਰ ਨਹੀਂ ਹਨ। ਇਸ ਮੌਕੇ ਸਿੱਖਿਆ ਦਾ ਮਾਧਿਅਮ ਮਾਤ ਭਾਸ਼ਾਵਾਂ ਨੂੰ ਬਣਾਉਣ, ਨੌਕਰੀਆਂ ਲਈ ਪ੍ਰੀਖਿਆਵਾਂ ਤੇ ਦਾਖ਼ਲਾ ਟੈਸਟ ਮਾਤ ਭਾਸ਼ਾ ਵਿੱਚ ਲੈਣ ਅਤੇ ਪੰਜਾਬ ਦੇ ਸਾਰੇ ਸੂਚਨਾ ਬੋਰਡਾਂ 'ਤੇ ਪੰਜਾਬੀ ਉਪਰ ਲਿਖੀ ਹੋਣ ਸਬੰਧੀ ਮਤੇ ਪਾਸ ਕੀਤੇ ਗਏ। ਇਸ ਮੌਕੇ ਚੇਤਨਾ ਮਾਰਚ ਕੱਢਣ ਮਗਰੋਂ ਪੰਜ ਮੈਂਬਰੀ ਵਫ਼ਦ ਨੇ ਡਿਪਟੀ ਕਮਿਸ਼ਨਰ ਨੂੰ ਪੰਜਾਬ ਸਰਕਾਰ ਦੇ ਨਾਂ ਮੰਗ ਪੱਤਰ ਸੌਂਪਿਆ। ਇਸ ਮੌਕੇ ਰਾਜ ਕਾਕੜਾ, ਯਾਦਵਿੰਦਰ ਸਿੰਘ ਕੋਟਕਪੂਰਾ, ਪਰਮਿੰਦਰਪਾਲ ਸਿੰਘ ਕੌਰ, ਪ੍ਰੋ. ਜਸਵਿੰਦਰ ਬਰਾੜ, ਡਾ. ਜਗਜੀਤ ਚੀਮਾ, ਹਰਦੀਪ ਸਨੌਰ, ਜਸਵਿੰਦਰ ਖਾਰਾ, ਸੁਲਤਾਨਾ ਬੇਗਮ, ਰਮਿੰਦਰਜੀਤ ਵਾਸੂ, ਜਸਵੰਤ ਪੂਨੀਆ, ਗੁਰਦੀਸ਼ ਸਿੰਘ ਤੇ ਡਾ. ਅਰਚਨਾ ਮਹਾਜਨ ਹਾਜ਼ਰ ਸਨ।

# ਪੰਜਾਬੀਏ ਜ਼ੁਬਾਨੇ, ਨੀ ਰਕਾਨੇ...ਫਿੱਕੀ ਪੈ 'ਗੀ ਤੇਰੇ ਚਿਹਰੇ ਦੀ ਨੁਹਾਰ

### *ਪੰਜਾਬ ਭਾਸ਼ਾ ਵਿਭਾਗ 'ਚ ਪੰਜਾਬੀ ਦੇ ਬੋਰਡ ਲਾਹ ਕੇ ਅੰਗਰੇਜ਼ੀ ਦੇ ਲਾਏ*

**ਪਟਿਆਲਾ/ਬਿਊਰੋ ਨਿਊਜ਼ :** ਭਾਸ਼ਾ ਵਿਭਾਗ ਪੰਜਾਬ ਦੇ ਮੁੱਖ ਦਫ਼ਤਰ ਦੇ ਵਿਹੜੇ ਵਿੱਚ ਹੀ ਪੰਜਾਬੀ ਬੇਗ਼ਾਨੀ ਹੋਣ ਲੱਗੀ ਹੈ। ਭਾਸ਼ਾ ਵਿਭਾਗ ਤੋਂ 'ਸਾਹਿਤ ਸਦਨ' ਖੋਹਣ ਮਗਰੋਂ ਇਸ ਉਤੇ ਲੱਗੇ ਪੰਜਾਬੀ ਦੇ ਮੇਨ ਬੋਰਡ ਨੂੰ ਉਤਾਰ ਕੇ ਅੰਗਰੇਜ਼ੀ ਵਿੱਚ ਬੋਰਡ ਲਾ ਦਿੱਤਾ ਗਿਆ ਹੈ। ਮੁੱਖ ਦਫ਼ਤਰ ਦੀ ਚਾਰਦੀਵਾਰੀ ਵਿੱਚ ਬਣੇ ਨਾਰਥ ਜ਼ੋਨ ਕਲਚਰਲ ਸੈਂਟਰ ਦੇ ਸਾਈਨ ਬੋਰਡ 'ਤੇ ਵੀ ਪੰਜਾਬੀ ਨੂੰ ਪਿੱਛੇ ਧੱਕ ਦਿੱਤਾ ਗਿਆ ਹੈ। ਸੈਂਟਰ ਦੇ ਇੱਕ ਸਾਈਨ ਬੋਰਡ ਉਤੇ ਪੰਜਾਬੀ ਤੀਜੇ ਥਾਂ 'ਤੇ ਹੈ ਤੇ ਦੂਜੇ ਸਾਈਨ ਬੋਰਡ ਉਤੇ ਪੰਜਾਬੀ ਵਿੱਚ ਨਾਮ ਲਿਖਿਆ ਹੀ ਨਹੀਂ ਹੈ। ਭਾਸ਼ਾ ਵਿਭਾਗ ਦੇ ਮੁੱਖ ਦਫ਼ਤਰ ਦੀ ਚਾਰਦੀਵਾਰੀ ਵਿੱਚ ਬਣੇ 'ਸਾਹਿਤ ਸਦਨ' ਨੂੰ ਪਿਛਲੇ ਸਮੇਂ ਪੰਜਾਬ ਸਰਕਾਰ ਨੇ '3 ਪੰਜਾਬ ਏਅਰ ਸਕੁਐਡਰਨ ਐਨਸੀਸੀ' ਨੂੰ ਸੌਂਪ ਦਿੱਤਾ। ਐਨਸੀਸੀ ਨੇ ਸਦਨ ਵਿੱਚ ਆਪਣਾ ਦਫ਼ਤਰ ਬਣਾਉਣ ਮਗਰੋਂ ਹੁਣ ਇਸ ਦੀ ਉਪਰਲੀ ਮੰਜ਼ਿਲ 'ਤੇ ਜੋ ਮੁੱਖ ਬੋਰਡ ਟੰਗਿਆ ਹੈ, ਉਸ ਨੇੜੇ ਪੰਜਾਬੀ ਢੁੱਕਣ ਹੀ ਨਹੀਂ ਦਿੱਤੀ। ਇਸ ਤੋਂ ਪਹਿਲਾਂ ਭਾਸ਼ਾ ਵਿਭਾਗ ਦੇ ਮੁੱਖ ਦਫ਼ਤਰ ਦੀ ਚਾਰਦੀਵਾਰੀ ਵਿੱਚ ਬਣੇ ਨਾਰਥ ਜ਼ੋਨ ਕਲਚਰਲ ਸੈਂਟਰ ਦੇ ਦਫ਼ਤਰ ਦੇ ਸਾਈਨ ਬੋਰਡ 'ਤੇ ਵੀ ਪੰਜਾਬੀ ਨੂੰ ਤੀਜੀ ਥਾਂ ਦਿੱਤੀ ਹੋਈ ਹੈ। ਵਿਭਾਗ ਦੇ ਮੁੱਖ ਗੇਟ 'ਤੇ ਲੱਗੇ ਬੋਰਡ ਉਤੇ ਪੰਜਾਬੀ ਤੀਜੇ ਨੰਬਰ 'ਤੇ ਅੰਕਿਤ ਹੈ, ਜਦੋਂਕਿ ਮੁੱਖ ਗੇਟ ਤੋਂ ਅੱਗੇ ਲਾਏ ਬੋਰਡ 'ਤੇ ਪੰਜਾਬੀ ਨੂੰ ਅਸਲੋਂ ਹੀ ਵਿਰਵਾ ਕੀਤਾ ਹੋਇਆ ਹੈ। ਇਸ ਬੋਰਡ ਉਤੇ ਪਹਿਲੇ ਨੰਬਰ 'ਤੇ ਹਿੰਦੀ ਤੇ ਦੂਜੇ ਨੰਬਰ 'ਤੇ ਅੰਗਰੇਜ਼ੀ ਨੂੰ ਜਗ੍ਹਾ ਦਿੱਤੀ ਗਈ ਹੈ, ਪਰ ਪੰਜਾਬੀ ਗਾਇਬ ਹੈ। ਭਾਸ਼ਾ ਵਿਭਾਗ ਦੀ ਡਾਇਰੈਕਟਰ ਗੁਰਸ਼ਰਨ ਕੌਰ ਨੇ ਦੱਸਿਆ ਕਿ ਸਰਕਾਰੀ ਹੁਕਮਾਂ 'ਤੇ ਹੀ ਸਾਹਿਤ ਸਦਨ ਨੂੰ ਐਨਸੀਸੀ ਹਵਾਲੇ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਪ੍ਰੁੱਜੇ ਪੱਤਰ ਅਨੁਸਾਰ ਐਨਸੀਸੀ ਏਅਰ ਸਕੁਐਡਰਨ ਨੂੰ ਇਹ ਇਮਾਰਤ ਆਰਜ਼ੀ ਤੌਰ 'ਤੇ ਦਿੱਤੀ ਹੈ ਤੇ ਐਨਸੀਸੀ ਸਕੁਐਡਰਨ ਭਾਸ਼ਾ ਵਿਭਾਗ ਦੀ ਕੋਈ ਗੱਲ ਮੰਨਣ ਨੂੰ ਤਿਆਰ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਹਿਤ ਸਦਨ ਵਾਲੀ ਇਮਾਰਤ 'ਤੇ ਅੰਗਰੇਜ਼ੀ ਵਿੱਚ ਬੋਰਡ ਲਾਉਣ ਦਾ ਕਾਫ਼ੀ ਵਿਰੋਧ ਕੀਤਾ ਹੈ ਤੇ ਇਸ ਮਾਮਲੇ ਵਿੱਚ ਸਬੰਧਤ ਵਿਭਾਗ ਨੂੰ ਪੱਤਰ ਭੇਜਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਾਰਥ ਜ਼ੋਨ ਕਲਚਰਲ ਸੈਂਟਰ ਨੂੰ ਵੀ ਬੋਰਡਾਂ 'ਤੇ ਪੰਜਾਬੀ ਨੂੰ ਢੁਕਵੀਂ ਜਗ੍ਹਾ ਦੇਣ ਸਬੰਧੀ ਲਿਖਿਆ ਜਾ ਰਿਹਾ ਹੈ। ਉਧਰ, 3 ਪੰਜਾਬ ਏਅਰ ਸਕੁਐਡਰਨ ਐਨਸੀਸੀ ਦੇ ਵਿੰਗ ਕਮਾਂਡੈਂਟ ਜੀ.ਐੱਸ. ਚੀਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਸਾਹਿਤ ਸਦਨ ਵਾਲੀ ਇਮਾਰਤ ਪੱਕੇ ਤੌਰ 'ਤੇ ਦਿੱਤੀ ਹੈ ਤੇ ਇਹ ਫ਼ੈਸਲਾ ਸਕੁਐਡਰਨ ਨੇ ਲੈਣਾ ਹੈ ਕਿ ਸਾਈਨ ਬੋਰਡ ਕਿਹੜੀ ਭਾਸ਼ਾ ਵਿੱਚ ਲਾਉਣੇ ਹਨ।

# ਪੰਜਾਬੀ ਬੋਲੀ ਨਾਲ ਵਿਤਕਰਾ ਕਰਕੇ ਸਭ ਤੋਂ ਹੇਠਾਂ ਥਾਂ ਦੇਣ 'ਤੇ ਸਿੱਖ ਜਥੇਬੰਦੀ ਨੇ ਪ੍ਰਗਟਾਇਆ ਰੋਸ

**ਅੰਮ੍ਰਿਤਸਰ/ ਸਿੱਖ ਸਿਆਸਤ ਬਿਊਰੋ:** ਇਤਿਹਾਸਕ ਜਲ੍ਹਿਆਂਵਾਲਾ ਬਾਗ਼ ਦੇ ਮੁਖ ਦਰਵਾਜ਼ੇ ਅਤੇ ਅੰਦਰ ਲਾਏ ਗਏ ਬੋਰਡਾਂ 'ਤੇ ਪੰਜਾਬੀ ਭਾਸ਼ਾ ਨੂੰ ਤੀਸਰਾ ਦਰਜਾ ਦੇਣ 'ਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਨੇ ਰੋਸ ਪ੍ਰਗਟਾਉਂਦਿਆਂ ਹੱਥਾਂ ਵਿੱਚ ਬੈਨਰ ਫੜ੍ਹਕੇ ਪੰਜਾਬੀ ਨੂੰ ਅੱਵਲ ਥਾਂ ਦੇਣ ਲਈ ਮੁਹਿੰਮ ਚਲਾਈ। ਫ਼ੈਡਰੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਜ਼ਿਲ੍ਹਾ ਪ੍ਰਧਾਨ ਗਿਆਨੀ ਸਿਮਰਨਜੀਤ ਸਿੰਘ ਦੀ ਅਗਵਾਈ 'ਚ ਜਥੇਬੰਦੀ ਦੇ ਨੌਜਵਾਨਾਂ ਨੇ ਆਪਣਾ ਰੋਸ ਪ੍ਰਗਟ ਕੀਤਾ। ਨੌਜਵਾਨਾਂ ਦੇ ਹੱਥਾਂ ਵਿੱਚ ਬੈਨਰ ਫੜੇ ਵੇਖ ਕੇ ਕਈ ਰਾਹਗੀਰ ਅਤੇ ਦਰਬਾਰ ਸਾਹਿਬ ਆਉਣ ਵਾਲੀਆਂ ਸੰਗਤਾਂ ਇਕੱਠੀਆਂ ਹੋ ਗਈਆਂ। ਭਾਈ ਰਣਜੀਤ ਸਿੰਘ ਨੇ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਹੁੰਦਿਆਂ ਕਿਹਾ 1919 ਵਿੱਚ ਇਸ ਅਸਥਾਨ 'ਤੇ ਗੋਲੀਆਂ ਚਲਾ ਕੇ ਸੈਂਕੜੇ ਪੰਜਾਬੀਆਂ ਨੂੰ ਮੌਤ ਦੇ ਘਾਟ ਉਤਾਰਨ ਵਾਲਿਆਂ ਦੀ ਭਾਸ਼ਾ ਅੰਗਰੇਜੀ ਨੂੰ ਪਹਿਲ ਦਿੱਤੀ ਗਈ ਹੈ ਤੇ ਗੋਲੀਆਂ ਖਾਣ ਵਾਲੇ ਪੰਜਾਬੀਆਂ ਦੀ ਭਾਸ਼ਾ ਨੂੰ ਤੀਜਾ ਥਾਂ। ਉਨ੍ਹਾਂ ਕਿਹਾ ਭਾਰਤ ਦੇ ਹਰ ਸੂਬੇ ਵਿੱਚ ਉਥੋਂ ਦੇ ਲੋਕਾਂ ਦੀ ਮਾਤ ਭਾਸ਼ਾ ਨੂੰ ਪਹਿਲ ਦਿੱਤੀ ਜਾਂਦੀ ਹੈ ਅਤੇ ਮਿਲਣੀ ਵੀ ਚਾਹੀਦੀ ਹੈ ਫਿਰ ਇਹ ਪੰਜਾਬ ਵਿੱਚ ਪੰਜਾਬੀ ਭਾਸ਼ਾ ਨਾਲ ਵਿਤਕਰਾ ਕਿਉਂ? ਉਨ੍ਹਾਂ ਕਿਹਾ ਕਿ ਜਲ੍ਹਿਆਂਵਾਲਾ ਬਾਗ ਵਿੱਚ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋਣ ਵਾਲੇ ਸਭ ਤੋਂ ਵੱਧ ਪੰਜਾਬੀ ਲੋਕ ਸਨ ਅਤੇ ਦਰਦਨਾਕ ਸਾਕੇ ਦਾ ਬਦਲਾ ਲੈਣ ਵਾਲਾ ਸੂਰਮਾ ਵੀ ਪੰਜਾਬੀ ਨੌਜਵਾਨ ਸ਼ਹੀਦ ਊਧਮ ਸਿੰਘ ਸੀ। ਫ਼ੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਗਿਆਨੀ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਜਲ੍ਹਿਆਂਵਾਲਾ ਬਾਗ ਦੇ ਅੰਦਰ ਲਾਏ ਗਏ ਹਰ ਬੋਰਡ 'ਤੇ ਪੰਜਾਬੀ ਨੂੰ ਤੀਜੇ ਥਾਂ 'ਤੇ ਰੱਖ ਕੇ ਸਾਡੀ ਬੋਲੀ ਦੀ ਤੌਹੀਨ ਕੀਤੀ ਗਈ ਹੈ ਜਿਸਨੂੰ ਕਿ ਪੰਜਾਬ ਦੇ ਲੋਕ ਹੁਣ ਬਰਦਾਸ਼ਤ ਨਹੀਂ ਕਰਨਗੇ। ਫ਼ੈਡਰੇਸ਼ਨ ਆਗੂਆਂ ਨੇ ਇੱਕ ਘੰਟਾ ਆਪਣਾ ਰੋਸ ਪ੍ਰਗਟ ਕਰਨ ਤੋਂ ਬਾਅਦ ਬਾਗ ਦੀ ਪ੍ਰਬੰਧਕੀ ਕਮੇਟੀ ਦੇ ਸਕੱਤਰ ਮੁਖਰਜੀ ਨੂੰ ਮੰਗ ਪੱਤਰ ਵੀ ਸੌਂਪਿਆ ਤੇ ਮੰਗ ਕੀਤੀ ਕਿ ਪੰਜਾਬੀ ਬੋਲੀ ਨੂੰ ਪਹਿਲਾ ਥਾਂ ਦਿੱਤਾ ਜਾਵੇ। ਜਥੇਬੰਦੀ ਨੇ ਚਿਤਾਵਨੀ ਦਿੱਤੀ ਕਿ ਅਮਲ ਨਾ ਹੋਣ ਦੀ ਸੂਰਤ ਵਿਚ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਹਰਪ੍ਰੀਤ ਸਿੰਘ ਟੋਨੀ,ਪਾਰਸ ਸਿੰਘ, ਗਗਨਦੀਪ ਸਿੰਘ, ਨਵਪ੍ਰੀਤ ਸਿੰਘ, ਮਲਕੀਤ ਸਿੰਘ, ਗੁਰਿੰਦਰ ਸਿੰਘ ਤੇ ਫ਼ੈਡਰੇਸ਼ਨ ਦੇ ਹੋਰ ਕਾਰਜਕਰਤਾ ਹਾਜ਼ਰ ਸਨ।




# ਲਹਿੰਦੇ ਪੰਜਾਬ ਦੀ ਅਸੈਂਬਲੀ 'ਚ ਸਿੱਖ ਮੈਰਿਜ ਐਕਟ 2017 ਨੂੰ ਸਰਬ ਸੰਮਤੀ ਨਾਲ ਪ੍ਰਵਾਨਗੀ




ਲਾਹੌਰ ਅਸੈਂਬਲੀ ਅਤੇ ਸ. ਰਮੇਸ਼ ਸਿੰਘ ਅਰੋੜਾ (ਅਸੈਂਬਲੀ ਮੈਂਬਰ, ਪਾਕਿਸਤਾਨ ਪੰਜਾਬ)

**ਲਾਹੌਰ/ਬਿਊਰੋ ਨਿਊਜ਼:** ਅਪਣੀ ਵੱਖਰੀ ਹਸਤੀ ਲਈ ਜਦੋਜਹਿਦ ਕਰਦੇ ਆ ਰਹੇ ਦੇਸ ਵਿਦੇਸ਼ ਵਿਚਲੇ ਸਿੱਖ ਭਾਈਚਾਰੇ ਲਈ ਲਹਿੰਦੇ ਪੰਜਾਬ ਤੋਂ ਮਿਲੀ ਇੱਕ ਚੰਗੀ ਖ਼ਬਰ ਇਹ ਹੈ ਕਿ ਪਿਛਲੇ ਦਿਨੀਂ ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸਮਾਗਮ ਵਿੱਚ ਸਿੱਖ ਵਿਧਾਇਕ ਸ. ਰਮੇਸ਼ ਸਿੰਘ ਅਰੋੜਾ ਵਲੋਂ ਪਾਕਿਸਤਾਨ ਸਿੱਖ ਮੈਰਿਜ ਐਕਟ 2017 ਲਾਗੂ ਕਰਨ ਲਈ ਬਿੱਲ ਪੇਸ਼ ਕੀਤਾ ਗਿਆ। ਪੰਜਾਬ ਵਿਧਾਨ ਸਭਾ ਦੇ ਸਾਰੇ ਹੀ ਸਿਆਸੀ ਦਲਾਂ ਵਲੋਂ ਇਸ ਬਿੱਲ ਦੀ ਹਮਾਇਤ ਕੀਤੀ ਗਈ।

ਇਸ ਬਿੱਲ ਦੀਆਂ 13 ਮੱਦਾਂ ਹਨ। ਇਸ ਬਿੱਲ ਨੂੰ ਸਿੱਖ ਮੈਰਿਜ ਐਕਟ ਕਮੇਟੀ' ਦੇ ਹਵਾਲੇ ਕਰ ਦਿੱਤਾ ਗਿਆ ਹੈ, ਜਿਹੜੀ ਇਸ ਸਬੰਧੀ ਦੋ ਮਹੀਨੇ ਦੇ ਵਿੱਚ-ਵਿੱਚ ਆਪਣੀ ਰਿਪੋਰਟ ਦੇਵੇਗੀ। ਇਸ ਤੋਂ ਬਾਅਦ ਇਸ ਨੂੰ ਪੰਜਾਬ ਵਿਧਾਨ ਸਭਾ ਤੇ ਫਿਰ ਪਾਕਿਸਤਾਨ ਨੈਸ਼ਨਲ ਅਸੈਂਬਲੀ 'ਚ ਪੇਸ਼ ਕਰਕੇ ਕਾਨੂੰਨ ਦਾ ਰੂਪ ਦਿੱਤਾ ਜਾਵੇਗਾ। ਵਾਸ਼ਿੰਗਟਨ ਖਾਲਿਸਤਾਨ ਅਫੇਅਰਜ ਦੇ ਆਗੂ ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਨੇ ਪਾਕਿਸਤਾਨ ਦੇ ਵਿਧਾਨਕਾਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸਿੱਖ ਕੌਮ ਦੀ ਅੱਡਰੀ ਪਛਾਣ ਨੂੰ ਮਾਨਤਾ ਦਿੰਦਿਆਂ ਇਸ ਬਿੱਲ ਨੂੰ ਸਵੀਕਾਰ ਕੀਤਾ ਹੈ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ॥



# ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ

ਦੀਆਂ



# ਲੱਖ ਲੱਖ ਵਧਾਈਆਂ

ਵਲੋਂ **ਮਨਪ੍ਰੀਤ ਸਿੰਘ ਬਦੇਸ਼ਾ**

**ਗੁਰਦੂਆਰਾ ਸਿੰਘ ਸਭਾ, ਬੇ-ਏਰੀਆ ਮਿਲਪੀਟਸ**



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥ ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਅ ॥

**ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ**
**ਦੀਆਂ ਸਮੂਹ ਭਾਈਚਾਰੇ ਨੂੰ ਲੱਖ ਲੱਖ ਵਧਾਈਆਂ**

**AUTO • PEDESTRIAN • MOTORCYCLE • BICYCLE • BURN INJURIES • DOG ATTACKS**

ਬੀਮਾ ਕੰਪਨੀਆਂ ਅਦਾਇਗੀ ਕਰਨ ਤੋਂ ਕੰਨੀਂ ਕਤਰਾਉਣ, ਤਾਂ ਹੁਣੇ ਫੋਨ ਕਰੋ...

# ਤੁਹਾਡਾ ਹੱਕ ਅਸੀਂ ਦਿਵਾਵਾਂਗੇ



**CALL ANYTIME**
**24Hours / 7Days**

# 408.287.1600



Mohinder Mann

# THE MANN LAW FIRM

**1027 W. TAYLOR STREET • SAN JOSE, CA 95126**
**408.287.1600 • 408.287.1639 fax • Mann@TheMannLawFirm.com**

ਗੁਰਤਾ ਗੱਦੀ ਦਿਵਸ ਤੇ ਵਿਸ਼ੇਸ਼

# ਸ੍ਰੀ ਗੁਰੂ ਗ੍ਰੰਥ ਸਾਹਿਬ



**ਸ੍ਰੀ ਗੁਰੂ ਗ੍ਰੰਥ ਸਾਹਿਬ ਬ੍ਰਹਮ ਗਿਆਨ ਦਾ ਸਾਗਰ ਹੈ ਅਤੇ ਇਹ ਸਮੁਚੀ ਕਾਇਨਾਤ ਲਈ ਸਰਬਸਾਂਝਾ ਹੈ ਲੇਕਿਨ ਇਸਨੂੰ ਆਪਣਾ ਇਸ਼ਟ ਜਾਂ ਪੈਗੰਬਰ ਕੇਵਲ ਸਿੱਖ ਹੀ ਪ੍ਰਵਾਨ ਕਰਦੇ ਹਨ ।ਕੁਪ ਰਹੀੜੇ ਦੇ ਮੈਦਾਨ ਵਿਚ ਜਦੋਂ ਸਿੰਘਾਂ ਨੇ ਹਰਨ ਹੋ ਕੇ ਗੁਰੀਲਾ ਜੰਗ ਲੜਨ ਦਾ ਫੈਸਲਾ ਕੀਤਾ ਤਾਂ ਇਸ ਭੱਜ ਦੌੜ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ ਕਾਇਮ ਨ ਰੱਖੇ ਜਾਣ ਕਾਰਨ ਜਲ ਪ੍ਰਵਾਹ ਕਰਨ ਦਾ ਫੈਸਲਾ ਕੀਤਾ ਤਾਂ ਪੰਥ ਦੇ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ ਨੇ ਜੋ ਅਰਦਾਸ ਕੀਤੀ , ਉਸਨੂੰ ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਭਾਈ ਰਤਨ ਸਿੰਘ ਭੰਗੂ ਨੇ ਇਉਂ ਬਿਆਨ ਕੀਤਾ, ਪੰਥ ਕੀ ਰਹੇਗੀ ਤੋ ਗਰੰਥ ਕੀ ਭੀ ਰਹੇਗੀ ਨਾਥ ਪੰਥ ਨਾ ਰਹਾ ਤੋ ਗਰੰਥ ਕੌਣ ਮਾਨੇਗਾ'।ਹਰ ਸਿੱਖ ਲਈ ਗੁਰੂ ਗ੍ਰੰਥ ਸਾਹਿਬ ਜਾਗਤਿ ਜੋਤਿ, ਹਾਜਰਾ ਹਜ਼ੂਰ ਸਤਿਗੁਰੂ , ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਤੇ ਹਲਤ ਪਲਤ ਦੇ ਸਹਾਇਕ ਹਨ।**

**ਮਨਜੀਤ ਸਿੰਘ ਕਲਕੱਤਾ**
(ਮੋਬਾਇਲ :98140-50679) ਸਾਬਕਾ ਮੰਤਰੀ ਪੰਜਾਬ

ਗੁਰਮਤਿ ਅਨੁਸਾਰ ਸੰਸਾਰੀ ਜੀਆਂ ਲਈ, ਗੁਰੂ ਰੂਪੀ ਖੜਗ ਦੀ ਲੋੜ ਸਦੀਵੀ ਹੈ ਭਾਵ ਹਰ ਕਾਲ, ਹਰ ਸਥਾਨ ਤੇ ਜ਼ਰੂਰੀ ਹੈ। ਲੇਕਿਨ ਇਹ ਵੀ ਅਟੱਲ ਸਚਾਈ ਹੈ ਕਿ ਸਰੀਰਕ ਰੂਪ ਵਿੱਚ ਕੋਈ ਵੀ ਗੁਰੂ-ਪੀਰ,ਅਵਤਾਰ ਪੈਗੰਬਰ ਹਰ ਥਾਂ, ਹਰ ਸਮੇਂ, ਮਨੁੱਖ ਦੀ ਅਗਵਾਈ ਨਹੀਂ ਕਰ ਸਕਦਾ। ਮਨੁਖੀ ਸਰੀਰ ਭਾਵੇਂ ਕਿਸੇ ਪੈਗੰਬਰ ਦਾ ਹੋਵੇ ਜਾਂ ਅਵਤਾਰ ਦਾ, ਉਹ ਜਰਾ ਮਰਾ,ਰੋਗ ਤੋਂ ਮੁਕਤ ਨਹੀ । ਹਰ ਮਨੁਖੀ ਸਰੀਰ ਜੋ ਮਾਤਾ ਦੇ ਗਰਭ ਦੁਆਰਾ ਜਨਮ ਲੈਂਦਾ ਹੈ ਉਸਨੇ ਇਕ ਦਿਨ ਬਿਨਸ ਜਾਣਾ ਹੈ । ਕੋਈ ਵੀ ਗੁਰੂ ਸਰੀਰ ਰੂਪ ਵਿਚ ਕਿਸੇ ਇਕ ਸਮੇਂ, ਇਕ ਸਥਾਨ ਤੇ ਹੀ ਹੋ ਸਕਦਾ ਹੈ ਲੇਕਿਨ ਜੇਕਰ ਉਸਦਾ ਕੋਈ ਪੈਰੋਕਾਰ, ਸੈਂਕੜੇ ਜਾਂ ਹਜਾਰਾਂ ਮੀਲ ਦੂਰ ਕਿਸੇ ਦੇਸ਼ ਵਸਦਾ ਅਗਵਾਈ ਲੋੜਦਾ ਹੈ ਤਾਂ ਉਸਦੇ ਦੇਹ ਧਾਰੀ ਗੁਰੂ ਦਾ ਸਰੀਰ ਉਸਦੀ ਅਗਵਾਈ ਲਈ ਨਹੀਂ ਪਹੁੰਚ ਸਕਦਾ । ਦੁਨੀਆਂ ਦੇ ਭਾਵੇਂ ਹਰ ਧਰਮ ਨੇ ਸਰੀਰ ਦੀ ਨਾਸ਼ਮਾਨਤਾ ਪ੍ਰਵਾਨੀ ਲੇਕਿਨ ਇਹ ਅਜੇ ਵੀ ਦੇਹਧਾਰੀਆਂ, ਜਗਤ ਗੁਰੂਆਂ ਆਦਿ ਸ਼ੰਕਰਾਚਾਰੀਆਂ, ਨਾਥਾਂ, ਜੋਗੀਆਂ, ਕਾਜੀਆਂ ਅਤੇ ਪਾਦਰੀਆਂ ਦਾ ਮਾਨਸਿਕ ਤੌਰ ਤੇ ਗੁਲਾਮ ਹੈ। ਜਾਂ ਫਿਰ ਮੂਰਤੀਆਂ, ਤਸਵੀਰਾਂ ਤੇ ਬੁੱਤਾਂ ਦੀ ਪੂਜਾ ਵਿੱਚ ਲੀਨ ਹੈ । ਵੇਦ, ਸਿਮਰਤੀ, ਸ਼ਾਸ਼ਤਰ, ਕੁਰਾਨ ਸ਼ਰੀਫ, ਅੰਜੀਲ ਜਾਂ ਬਾਈਬਲ ਸਭ ਸਤਿਕਾਰਤ ਪਾਵਨ ਧਰਮ ਗ੍ਰੰਥ ਹਨ, ਲੇਕਿਨ ਇਹਨਾਂ ਨੂੰ ਅਵਤਾਰੀ ਜਾਂ ਪੈਗੰਬਰੀ ਦਰਜਾ ਪ੍ਰਾਪਤ ਨਹੀਂ ਹੈ। ਸਨਾਤਨੀ ਮੱਤ ਦਾ ਵਿਸ਼ਵਾਸ਼ ਹੈ ਕਿ ਜਦੋਂ ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ, ਪ੍ਰਮਾਤਮਾ ਦਾ ਸਰੀਰਕ ਰੂਪ ਵਿੱਚ ਅਵਤਰਨ ਹੁੰਦਾ ਹੈ, ਮੁਸਲਮਾਨ ਕਿਸੇ ਮੀਰ ਮਹਿੰਦੀ ਦੇ ਆਉਣ ਦੀ ਆਸ ਵਿੱਚ ਅਸਮਾਨ ਵੱਲ ਨੀਝ ਲਾ ਕੇ ਵੇਖਦੇ ਹਨ ਅਤੇ ਈਸਾਈਆਂ ਦਾ ਭਰੋਸਾ ਹੈ ਕਿ ਸੂਲੀ ਤੇ ਚੜ੍ਹਿਆ ਈਸਾ ਮਸੀਹ ਮੁੜ ਜੀਵਤ ਹੋ ਕੇ ਸੰਸਾਰ ਦੀ ਅਗਵਾਈ ਕਰੇਗਾ। ਗੁਰਬਾਣੀ ਅਨੁਸਾਰ , ਮਨੁਖਾ ਜੀਵਨ ਜਾਚ ਗੁਰੂ ਗਿਆਨ ਬਿਨ੍ਹਾ ਨਹੀ ਆ ਸਕਦੀ : ਗੁਰ ਬਿਨ ਘੋਰ ਅੰਧਾਰ ਗੁਰੂ ਬਿਨ ਸਮਝ ਨਾ ਆਵੈ

ਇਸੇ ਲਈ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਵਿੱਚ ਹੀ ਸਿੱਖ ਨੂੰ ਇਹ ਦ੍ਰਿੜ ਕਰਵਾ ਦਿੱਤਾ ਕਿ ਗੁਰੂ ਦੇ ਦਰਸ਼ਨ, ਕਿਸੇ ਸਰੀਰ ਦੇ ਦਰਸ਼ਨ ਨਹੀ ਸਗੋਂ ਗੁਰ ਵਿਚਾਰ ਅਥਵਾ ਗੁਰਬਾਣੀ ਨਾਲ ਹੀ ਮਨੁਖਾ ਜੀਵਨ ਸਫਲ ਹੁੰਦਾ ਹੈ । ਸ਼ਬਦ ਰੂਪ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਹਰ ਥਾਂ, ਹਰ ਸਮੇਂ ਮਨੁੱਖ ਦੀ ਅਗਵਾਈ ਕਰਨ ਦੇ ਸਮਰੱਥ ਹਨ। ਸ਼ਬਦ ਜ਼ਰਾ ਮਰਾ, ਰੋਗ ਸੋਗ, ਸਮੇਂ ਤੇ ਸਥਾਨ ਵਿਚ ਸੀਮਤ ਨਹੀ ਹੈ, ਸ਼ਬਦ ਅਬਿਨਾਸ਼ੀ ਪੁਰਖ ਹੈ।

ਸਤਿਗੁਰੂ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥

ਸਤਿਗੁਰੂ ਸ਼ਬਦ ਦਾ ਸਿਧਾਂਤ ਗੁਰੂ ਨਾਨਕ ਸਾਹਿਬ ਨੇ ਇਲਾਹੀ ਬਾਣੀ ਦੇ ਰੂਪ ਵਿੱਚ ਜਾਹਿਰ ਕਰਦਿਆਂ ਇਸ ਰੱਬੀ ਬਾਣੀ ਨੂੰ ਲਿਖਤ ਰੂਪ ਵਿਚ ਸੰਭਾਲਨ ਦਾ ਕਾਰਜ ਆਪ ਹੀ ਆਰੰਭ ਕੀਤਾ। ਗੁਰੂ ਕਾਇਆ ਪਲਟਦੀ ਰਹੀ, ਗੁਰੂ ਅੰਗਦ, ਗੁਰੂ ਅਮਰਦਾਸ, ਗੂਰੂ ਰਾਮਦਾਸ ਵਲੋ ਉਚਾਰੀ ਬਾਣੀ ਵੀ ਪੋਥੀ ਸਾਹਿਬ ਵਿਚ ਸੰਭਾਲੀ ਗਈ, ਜੋ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ ਅਤੇ ਉਨ੍ਹਾਂ ਆਪਣੇ ਵਲੋਂ ਉਚਾਰੀ ਬਾਣੀ ਦੇ ਨਾਲ ਨਾਲ ਜਿਹੜੇ ਭਗਤਾਂ, ਸੰਤਾਂ-ਮਹਾਂਪੁਰਸ਼ਾਂ, ਫਕੀਰਾਂ ਅਤੇ ਆਤਮ ਅਭਲਾਖੀ ਭੱਟਾਂ ਦੀ ਬਾਣੀ ਨੂੰ ਪ੍ਰਵਾਨ ਕੀਤਾ , ਨੂੰ ਭਾਈ ਗੁਰਦਾਸ ਜੀ ਪਾਸੋਂ ਗ੍ਰੰਥ ਸਾਹਿਬ ਦੇ ਰੂਪ ਵਿਚ ਕਾਨੀਬੱਧ ਕਰਵਾ ਕੇ,ਇਸਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਨ-1604 ਈਸਵੀ ਨੂੰ ਕੀਤਾ। ਉਪਰੰਤ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਦੇ ਪਾਵਨ ਅਸਥਾਨ ਤੇ ਭਾਈ ਮਨੀ ਸਿੰਘ ਪਾਸੋਂ ਅੰਕਿਤ ਕਰਵਾ ਸੰਪੂਰਨਤਾ ਬਖਸ਼ੀ । ਸਰਬੰਸਦਾਨੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 42 ਸਾਲ ਪਰਮ ਪੁਰਖ ਦੇ ਦਾਸ ਵਜੋਂ ਜਗਤ ਤਮਾਸ਼ਾ ਵੇਖ, ਧਰਮ ਪੰਥ ਪ੍ਰਚੁਰ ਕਰਨ ਦੀ ਰੱਬੀ ਆਗਿਆ ਪੂਰੀ ਕਰ ਜੀਵਨ ਹਯਾਤੀ ਦੇ ਅੰਤਲੇ ਦੌਰ ਵਿੱਚ ਸਚਖੰਡ ਪਿਆਨਾ ਕਰਨ ਤੋਂ ਪਹਿਲਾਂ ਨਾਦੇੜ ਨਾਮਕ ਅਸਥਾਨ (ਜੋ ਹੁਣ ਸਿੱਖ ਪੰਥ ਲਈ ਅਵੱਚਲ ਨਗਰ ਸ੍ਰੀ ਹਜੁਰ ਸਾਹਿਬ ਹੈ) ਵਿਖੇ ਇਸ ਸੰਪੂਰਣ ਹੋਏ ਗ੍ਰੰਥ ਨੂੰ ਗੁਰੂ ਦੀ ਪਦਵੀ ਪ੍ਰਦਾਨ ਕੀਤੀ । ਸ਼ਖਸ਼ੀ ਗੁਰੂ ਦੀ ਪਰਪਾਟੀ ਖਤਮ ਕਰ ਦਿਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖ ਪੰਥ ਦਾ ਜਾਗਤ ਜੋਤ, ਹਾਜਰਾ ਹਜ਼ੂਰ, ਚਵਰ ਤਖਤ ਦੇ ਮਾਲਕ ਸਦੀਵੀ ਗੁਰੂ ਥਾਪ, ਗੁਰੂ ਨਾਨਕ ਦੇਵ ਜੀ ਵਲੋਂ ਆਰੰਭੇ ਸ਼ਬਦ ਗੁਰੂ ਸਿਧਾਂਤ ਤੇ ਮੋਹਰ ਲਾਉਂਦਿਆਂ ਸਿੱਖ ਸੰਗਤ ਦੇ ਨਾਮ ਹੁਕਮ ਜਾਰੀ ਕੀਤਾ :

ਆਗਿਆ ਭਈ ਅਕਾਲ ਕੀ,
ਤਬੈ ਚਲਾਯੋ ਪੰਥ
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ'

ਗੁਰ ਸਾਖੀ ਦੀ ਰੋਸ਼ਨੀ ਵਿੱਚ ਜੇਕਰ ਵੇਖੀਏ ਤਾਂ ਜ਼ਿਕਰ ਆਉਂਦਾ ਹੈ ਕਿ ਧੁਰ ਪੂਰਬ ਢਾਕਾ ਸ਼ਹਿਰ (ਹੁਣ ਬੰਗਲਾ ਦੇਸ਼ ਦੀ ਰਾਜਧਾਨੀ) ਤੋਂ ਮਹੀਨਿਆਂ ਬਧੀ ਚੱਲ ਕੇ ਸੰਗਤ ਸ੍ਰੀ ਅੰਮ੍ਰਿਤਸਰ ਪੁਜੀ। ਕਈ ਮਹੀਨੇ ਗੁਰ ਭਗਤੀ ਤੇ ਸੇਵ ਕਮਾਈ ਵਿੱਚ ਆਪਣਾ ਜਨਮ ਸਫਲ ਕਰ ਘਰਾਂ ਨੂੰ ਪਰਤਣ ਦੀ ਆਗਿਆ ਲੈਣ ਹਿੱਤ ਗੁਰੂ ਦਰਬਾਰ ਵਿੱਚ ਹਾਜਰ ਹੋਏ। ਜਥੇ ਦੇ ਆਗੂ ਨੇ ਸ਼ੰਕਾ ਨਵਿਰਤੀ ਲਈ ਗੁਰੂ ਜੀ ਪਾਸ ਬੇਨਤੀ ਕੀਤੀ ਕਿ 'ਪਾਤਸ਼ਾਹ ਤੇਰੇ ਦਰਬਾਰ ਵਿੱਚ ਆ ਕੇ ਨਿੱਤ ਸੁਣਦੇ ਰਹੇ ਹਾਂ ਕਿ ਗੁਰੂ ਦੇ ਦਰਸ਼ਨ ਨਿਤ ਨਿਤ ਕਰੀਏ ਪਰ ਤੁਸੀਂ ਅੰਮ੍ਰਿਤਸਰ ਵਿੱਚ ਬਿਰਾਜਮਾਨ ਹੋ, ਅਸੀਂ ਹਜ਼ਾਰਾਂ ਮੀਲ ਦੂਰ ਢਾਕੇ ਵਿੱਚ ਰਹਿੰਦੇ ਹਾਂ ਆਪ ਦੇ ਨਿੱਤ ਦਰਸ਼ਨ ਕਿਵੇਂ ਹੋਣ'। ਧੰਨ ਗੁਰੂ ਰਾਮਦਾਸ ਜੀ ਨੇ ਅਟੱਲ, ਅਥਾਹ ਤੇ ਅਤੋਲ ਬਚਨ ਕਰਦਿਆਂ ਹੋਇਆਂ ਫੁਰਮਾਇਆ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥

ਜੇਕਰ ਇਹੀ ਉਪਦੇਸ਼ ਅੱਜ ਅਸੀਂ ਭੁਲੜ ਲੋਕਾਈ ਨੂੰ ਬਾਰੰਬਾਰ ਸੁਣਾ ਸਕੀਏ ਤਾਂ ਨਕਲੀ ਗੁਰੂਆਂ, ਕਥਿੱਤ ਬ੍ਰਹਮ-ਗਿਆਨੀਆਂ, ਦੇਹਧਾਰੀਆਂ ਅਤੇ ਉਨ੍ਹਾਂ ਦੇ ਡੇਰਿਆਂ ਦੇ ਜਾਲ ਤੋਂ ਲੋਕਾਈ ਨੂੰ ਬਚਾ ਸਕਦੇ ਹਾਂ। ਅਜੋਕੇ ਸਮੇਂ ਵਿਚ ਦੇਸ਼ ਦੀ ਫਿਰਕੂ ਬਹੁਗਿਣਤੀ, ਜੋ ਸਿੱਖ ਧਰਮ ਨੂੰ ਸਨਾਤਨੀ ਧਰਮ ਦੀ ਸ਼ਾਖਾ ਜਾਂ ਸੰਪਰਦਾਇ ਦਸਦੀ ਹੈ, ਉਹ ਗੁਰੂ ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਕਹਿਣ ਤੋਂ ਝਕਦੀ ਨਹੀ । ਲੇਕਿਨ ਗੁਰੂ ਸਾਹਿਬ ਨੇ ਹਰ ਧਰਮ ਗ੍ਰੰਥ ਦਾ ਸਤਿਕਾਰ ਕਰਦਿਆਂ ਸਤਿਕਾਰ ਸਹਿਤ ਗੁਰੂ ਗ੍ਰੰਥ ਸਾਹਿਬ ਦੇ ਨਿਆਰੇ ਤੇ ਸੁਤੰਤਰ ਸਰੂਪ ਅਤੇ ਪੈਗੰਬਰੀ ਕਲਾਮ ਦਾ ਰੂਪ ਵੀ ਪ੍ਰਗਟ ਕੀਤਾ ਹੈ:

'ਜੈਸੀ ਮੈ ਆਵੇ ਖਸਮੁ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ'
ਹਉ ਆਪੇ ਬੋਲ ਨ ਜਾਣਦਾ ਮੈ ਕਿਹਾ ਸਭੁ ਹੁਕਮਾਇ ਜੀਉ'।

'ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਿਫ਼ਤੀ ਰੂਪ ਵਿਚ ਵੇਦ ਬਾਣੀ ਨਾਲੋਂ ਅੱਡਰੀ ਤੇ ਨਿਆਰੀ ਹੈ। ਇਸ ਵਿਚ ਕੋਈ ਕਥਾ-ਕਹਾਣੀ, ਕਰਮ-ਕਾਂਡ ਅਤੇ ਕੋਈ ਮਜ਼੍ਹਬੀ ਸ਼ਰ੍ਹਾ ਦਰਜ ਨਹੀਂ। ਇਸ ਦੀ ਬਿਰਤੀ/ਪ੍ਰਕਿਰਤੀ 'ਲੈ ਲੈ ਦੇਣ' ਵਾਲੀ 'ਵਪਾਰੀ' ਨਹੀਂ, ਨਾ ਹੀ ਇਹ ਕਿਸੇ ਇਕ ਦੇਸ਼, ਕੌਮ, ਨਸਲ, ਰੂਪ, ਰੰਗ, ਧਰਮ, ਭਾਸ਼ਾ ਅਤੇ ਸਥਾਨ ਦੀ ਪ੍ਰਧਾਨਤਾ ਸਵੀਕਾਰ ਕਰਦੀ ਹੈ। ਵੇਦ-ਬਾਣੀ ਅਤੇ ਗੁਰਬਾਣੀ ਦਾ ਨਿਖੇੜਾ ਗੁਰੂ ਨਾਨਕ ਸਾਹਿਬ ਅਤੇ ਗੁਰੂ ਅੰਗਦ ਸਾਹਿਬ ਨੇ ਇਉਂ ਕੀਤਾ ਹੈ:

ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ॥
-----
ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥
------
ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ ॥
ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥

ਦਸਵੇਂ ਪਾਤਸ਼ਾਹ ਨੇ ਜਦੋਂ ਸਰੀਰਕ ਚੋਲਾ ਤਿਆਗਣ ਅਤੇ ਗੁਰੂ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਪਿਤ ਕਰਨ ਦਾ ਫੈਸਲਾ ਸੁਣਾਇਆ ਤਾਂ ਵੈਰਾਗੀ ਤੇ ਬਿਹਬਲ ਹੋਈ ਸੰਗਤ ਨੇ ਕਰੁਣਾਮਈ ਅਵਾਜ਼ ਵਿੱਚ ਪੁਛਿਆ ਕਿ ਅਸੀਂ ਤੁਹਾਡੇ ਦਰਸ਼ਨ ਕਿਵੇਂ ਕਰਾਂਗੇ,

ਲਖੀਏ ਤੁਮਰਾ ਦਰਸ਼ ਕਹਾਂ। ਕਹਹੁੰ ਤੋਹਿ ਸਮਝਾਇ

ਗੁਰੂ ਪਾਤਸ਼ਾਹ ਦੇ ਹਜ਼ੂਰੀ ਅਰਸ਼ੀ ਕਵੀ ਭਾਈ ਨੰਦ ਲਾਲ ਜੀ ਅਨੁਸਾਰ, ਗੁਰੂ ਪਾਤਸ਼ਾਹ ਨੇ ਸਤਿਗੁਰੂ ਦਾ ਸੰਕਲਪ ਸਿਧਾਂਤ ਅਤੇ ਦਰਸ਼ਨ ਇਉਂ ਸਮਝਾਇਆ:

ਤੀਨ ਰੂਪ ਹੈਂ ਮੋਹਿ ਕੇ, ਸੁਨਹੁ ਨੰਦ ਚਿੱਤ ਲਾਇ।
ਨਿਰਗੁਣ, ਸਰਗੁਣ, ਗੁਰਸ਼ਬਦ ਕਹਹੁੰ ਤੋਹਿ ਸਮਝਾਏ।

ਸਤਿਗੁਰ ਦਾ ਪ੍ਰਥਮ ਰੂਪ ਉਹੀ ਦਰਸਾਇਆ ਜਿਸ ਬਾਰੇ ਗੁਰੂ ਨਾਨਕ ਨੇ ਸਿੱਧਾਂ ਦੇ ਜੁਆਬ ਵਿੱਚ ਕਿਹਾ ਸੀ ਕਿ ਪਾਰਬ੍ਰਹਮ ਪ੍ਰਮੇਸ਼ਵਰ ਹੀ ਆਦਿ ਗੁਰੂ ਹੈ

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ

ਗੁਰੂ ਦਸਮੇਸ਼ ਦੇ ਇਸੇ ਵਿਚਾਰ ਨੂੰ ਭਾਈ ਨੰਦ ਲਾਲ ਜੀ ਨੇ ਇਉਂ ਬਿਆਨ ਕੀਤਾ ਹੈ:-

ਏਕੁ ਰੂਪ ਤਿਹ ਗੁਣ ਤੇ ਪਰੈ । ਨੇਤਿ ਨੇਤਿ ਜਿਹ ਨਿਗਮ ਉਚਰੈ।

ਇਹੀ ਪ੍ਰਮਾਤਮਾ ਦਾ ਪ੍ਰਥਮ ਤੇ ਸਦੀਵੀ ਸਰੂਪ ਹੈ ਜਿਸ ਤੋਂ ਸਾਰੇ ਗੁਰੂ ਅਵਤਾਰ ਤੇ ਪੈਗੰਬਰ ਰੌਸ਼ਨੀ ਪ੍ਰਾਪਤ ਕਰਦੇ ਹਨ। ਗੁਰੂ ਪਾਤਸ਼ਾਹ ਨੇ ਦੂਜਾ ਰੂਪ ਇਉਂ ਬਿਆਨ ਕੀਤਾ

ਦੂਸਰ ਰੂਪ ਗ੍ਰੰਥ ਜੀ ਜਾਨਹੁ । ਆਪਨ ਅੰਗ ਮੇਰੇ ਕਰਿ ਮਾਨਹੁ ॥
ਮੇਰਾ ਰੂਪ ਗ੍ਰੰਥ ਜੀ ਜਾਨ। ਇਸ ਮੇਂ ਭੇਦ ਨ ਰੰਚਕ ਮਾਨ ॥

ਜਦੋਂ ਸਿਖਾਂ ਨੇ ਪੁਛਿਆ ਜੇ ਤੁਹਾਡੇ ਦਰਸ਼ਨਾਂ ਦੀ ਚਾਹ ਹੋਵੇ, ਤਾਂ ਗੁਰੂ ਪਾਤਸ਼ਾਹ ਨੇ ਫੁਰਮਾਇਆ, ਜੋ ਸਿਖ ਗੁਰੁ ਦਰਸ਼ਨ ਕੀ ਚਾਹਿ। ਦਰਸ਼ਨ ਕਰੇ ਗ੍ਰੰਥ ਜੀ ਆਹਿ।' ਸਿਖਾਂ ਨੇ ਪੁਛਿਆ ਸਤਿਗੁਰ ਜੀ ਜੇ ਤੁਹਾਡੇ ਨਾਲ ਗੱਲਾਂ ਕਰਨੀਆਂ ਹੋਣ, ਤਾਂ ਗੁਰ ਫੁਰਮਾਇਆ: ਜੋ ਮਮ ਸਾਥ ਚਹੇ ਕਰਿ ਬਾਤ। ਗ੍ਰੰਥ ਜੀ ਪੜਹਿ ਬਿਚਾਰਹਿ ਸਾਥ।' ਜੋ ਸਿੱਖ ਅਗਵਾਈ ਜਾਂ ਆਦੇਸ਼ ਪ੍ਰਾਪਤ ਕਰਨਾ ਚਾਹੁੰਦੇ ਹਨ ਉਨ੍ਹਾਂ ਬਾਰੇ ਗੁਰ ਫੁਰਮਾਇਆ ਜੋ ਮੁਝ ਬਚਨ ਸੁਨਨ ਕੀ ਚਾਇ। ਗ੍ਰੰਥ ਵਿਚਾਰ ਸੁਨਹੁ ਚਿਤ ਲਾਇ' ਅਰਥਾਤ ਜੋ ਗੁਰੂ ਤੋਂ ਮਾਰਗ ਦਰਸ਼ਨ ਪ੍ਰਾਪਤ ਕਰਨਾ ਚਾਹੇ ਉਹ ਗੁਰਬਾਣੀ ਦੀ ਵਿਚਾਰ ਕਰ ਅਗਵਾਈ ਪ੍ਰਾਪਤ ਕਰੇ । ਜਦੋਂ ਸਿੱਖਾਂ ਨੇ ਸਰਗੁਣ ਰੂਪ ਜਾ ਗੁਰ ਸਖਸ਼ੀਅਤ ਦੇ ਪ੍ਰਤੱਖ ਦਰਸ਼ਨ ਕਰਨ ਦੀ ਗੱਲ ਕਹੀ ਤਾਂ ਪਾਤਿਸ਼ਾਹ ਨੇ ਅੰਮ੍ਰਿਤ ਛਕਾਉਣ ਸਮੇਂ ਜੋ ਖਾਲਸਾ ਨੂੰ ਬਖਸ਼ਿਸ਼ ਰੂਪੀ ਵਰਦਾਨ ਦਿੱਤਾ ਸੀ ਕਿ

'ਖਾਲਸਾ ਮੇਰੋ ਰੁਪ ਹੇ ਖਾਸ। ਖਾਲਸੇ ਮਹਿ ਹਉ ਕਰਹੁ ਨਿਵਾਸ'
ਸ੍ਰੀ ਮੁਖਨ ਤੇ ਸਭ ਸਿਖਨ ਕੋ, ਇਮ ਹੁਕਮ ਸੁਨਾਯਾ'
ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ'

ਇਉਂ ਗੁਰੂ ਗ੍ਰੰਥ ਤੇ ਗੁਰੂ ਪੰਥ ਨੂੰ ਗੁਰਿਆਈ ਬਖ਼ਸ਼ ਇਕ ਅਦਭੁੱਤ ਅਤੇ ਅਲੌਕਿਕ, ਅਧਿਆਤਮਕ ਗਣਤੰਤਰ (Spiritual Republic) ਦੀ ਸਥਾਪਨਾ ਕਰ ਦਿੱਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ, ਨਿਰਾ ਫਲਸਫਾ ਜਾਂ ਵਿਚਾਰਾਂ ਦੀ ਉਡਾਰੀ ਹੀ ਨਹੀ ਬਲਕਿ ਧਰਮ ਦਾ ਗਾਡੀ ਮਾਰਗ ਹੈ ਜਿਸ ਅਨੁਸਾਰ ਮਨੁਖ ਆਪਣਾ ਜੀਵਨ ਜੀਅ ਕੇ ਜੀਵਨ ਮੁਕਤ ਹੋ ਸਕਦਾ ਹੈ । ਇਹ ਕਿਸੇ ਨਿਜੀ ਮੁਕਤੀ ਦੀ ਤਲਾਸ਼ ਵਿਚ ਘਰ ਬਾਰ ਤੇ ਸਮਾਜ ਨੂੰ ਤਿਲਾਂਜਲੀ ਦੇ ਕੇ ਜੰਗਲਾਂ, ਪਹਾੜਾਂ ਤੇ ਰੇਗਿਸਤਾਨਾਂ ਵਿਚ ਜਾ ਕੇ ਤਪ ਕਰਨ ਨੂੰ ਨਕਾਰਦਾ ਹੈ । ਇਹ ਸਿਖਾਉਂਦਾ ਹੈ ਕਿ ਪਾਪ, ਜੁਲਮ ਤੇ ਬਦੀ ਤੋਂ ਡਰ ਕੇ ਸਮਾਜ ਤੋਂ ਕਿਨਾਰਾਕਸ਼ੀ ਨਹੀ ਕਰਨੀ ਬਲਕਿ ਪਾਪੀ ਤੇ ਜਾਲਿਮ ਦਾ ਸਫਲਤਾ ਨਾਲ ਮੁਕਾਬਲਾ ਕਿਵੇਂ ਕਰਨਾ ਹੈ । ਸਿੱਖੀ ਜੀਵਨ ਜਾਂ ਗੁਰਸਿੱਖੀ ਇਸ ਦੁਨੀਆ ਵਿਚ ਕਿਸੇ ਕਿਸਮ ਦਾ ਅਨਿਆਏ, ਸ਼ੋਸ਼ਣ ਜਾਂ ਬੇਇਨਸਾਫੀ ਪ੍ਰਵਾਨ ਨਹੀਂ ਕਰਦੀ ਬਲਕਿ ਹੱਕ ਸੱਚ ਇਨਸਾਫ ਲਈ ਜਦੋ ਜਹਿਦ ਦੀ ਪ੍ਰੇਰਣਾ ਦਿੰਦੀ ਹੈ । ਭਗਵਤ ਗੀਤਾ ਦਾ ਸਿਖਰ ਹੈ ਕਿ ਕੁਰਕਸ਼ੇਤਰ ਦੇ ਮੈਦਾਨ ਵਿਚ ਜਦੋਂ ਹਤਾਸ਼ ਤੇ ਨਿਰਾਸ਼ ਹੋ ਕੇ ਅਰਜਨ ਸ਼ਸ਼ਤਰ ਰੱਖ ਦਿੰਦਾ ਹੈ ਤਾਂ ਭਗਵਾਨ ਕ੍ਰਿਸ਼ਨ ਉਸਨੂੰ ਆਪਣਾ ਵਿਰਾਟ ਰੂਪ ਵਿਖਾ ਕੇ ਹੱਕ ਸੱਚ ਤੇ ਇਨਸਾਫ ਲਈ ਯੁਧ ਕਰਨ ਲਈ ਪ੍ਰੇਰਣਾ ਦਿੰਦੇ ਹਨ ਤੇ ਅਰਜਨ ਮੁੜ ਸ਼ਸ਼ਤਰ ਗ੍ਰਹਿਣ ਕਰ ਲੈਂਦਾ ਹੈ । ਸ੍ਰੀ ਗੁਰੁ ਗ੍ਰੰਥ ਸਾਹਿਬ ਨੇ ਤਾਂ ਸਿੱਖੀ ਮਾਰਗ ਅਪਨਾਉਣ ਵਾਲੇ ਹਰ ਵਿਅਕਤੀ ਨੂੰ ਮੁਢ ਤੋਂ ਹੀ ਮਰਨਾ ਸਵੀਕਾਰ ਕਰਨ ਦੀ ਵੰਗਾਰ ਪਾਈ ਹੈ । ਇਸ ਮਾਰਗ ਤੇ ਸਭ ਤੋਂ ਪਹਿਲਾਂ ਗੁਰੂ ਪਾਤਸ਼ਾਹ ਨੇ ਆਪ ਚਲ ਕੇ ਸਾਧਾਰਣ ਲੋਕਾਂ ਲਈ ਇਕ ਆਦਰਸ਼ ਰੂਪਮਾਨ ਕੀਤਾ। ਸਚਿ ਸੁਣਾਇਸੀ ਸਚਿ ਕੀ ਬੇਲਾ' ਦੇ ਅਨੁਕੂਲ ਬਾਬਰ ਨੂੰ ਜਾਬਰ ਕਹਿਣ ਦੀ ਲਲਕਾਰ ਗੁਰੁ ਨਾਨਕ ਦੇਵ ਜੀ ਨੇ ਹੀ ਦਿੱਤੀ । ਤਨਿ ਮਨਿ ਕਾਟਿ ਕਾਟਿ ਤਿਸ ਅਰਪੀ ਵਿਚ ਅਗਨੀ ਆਪ ਜਲਾਈ ਗੁਰਬਾਣੀ ਵਿਚ ਅੰਕਤ ਹੈ । ਸਿੱਖੀ ਵਿਚ ਪ੍ਰਵੇਸ਼ ਦੀ ਸ਼ਰਤ ਸਿਰ ਧਰਿ ਗਲੀ ਮੇਰੀ ਆਉ'ਤੇ 'ਪਹਿਲਾ ਮਰਨ ਕਬੂਲ' ਰੱਖੀ । ਗੁਰਬਾਣੀ ਦੀ ਹਰ ਪੰਗਤੀ ਦਾ ਸੱਚ , ਪਹਿਲਾਂ ਗੁਰੁ ਪਾਤਸ਼ਾਹ ਨੇ ਹੀ ਉਜਾਗਰ ਕੀਤਾ ਤੇ ਪੰਚਮ ਪਾਤਸ਼ਾਹ ਨੇ ਤਤੀਆਂ ਤਵੀਆਂ ਤੇ ਬੈਠ ਕੇ ਦਰਸਾਇਆ ।

ਕੁਰਬਾਨੀ ਤੇ ਬਲੀਦਾਨ ਦਾ ਚਲਣ , ਹਰ ਧਰਮ ਤੇ ਮਜਹਬ ਵਿਚ ਸੀ ਲੇਕਿਨ ਸਨਾਤਨ ਮੱਤ ਬਲੀ ਕਿਸੇ ਦੂਸਰੇ ਦੀ ਦਿੰਦਾ ਸੀ ਤੇ ਇਸਲਾਮ , ਕੁਰਬਾਨੀ ਪਸ਼ੂਆਂ ਦੀ ਦਿੰਦਾ ਸੀ ਜਿਸ ਤਰ੍ਹਾਂ ਬਕਰੀਦ ਮੌਕੇ ਦਿੱਤੀ ਜਾਂਦੀ ਹੈ । ਨੌਵੇਂ ਗੁਰਦੇਵ ਗੁਰੂ ਤੇਗ ਬਹਾਦਰ ਸਾਹਿਬ ਨੇ ਦਿੱਲੀ ਦੇ ਚਾਂਦਨੀ ਚੌਂਕ ਵਿਚ ਧਰਮ ਹੇਤ ਸਾਕਾ ਕਰਕੇ ਸਰਮ ਧਰਮ ਦੀ ਪੱਤ ਰੱਖੀ । ਦਸਮੇਸ਼ ਪਿਤਾ ਅਤੇ ਸਾਹਿਬਜਾਦਿਆਂ ਦੀਆਂ ਸ਼ਹਾਦਤਾਂ ਨੇ ਐਸਾ ਇਨਕਲਾਬ ਪੈਦਾ ਕਰ ਦਿੱਤਾ ਕਿ ਹਜਾਰਾਂ ਲੱਖਾਂ ਸਿੱਖ ਜੁਲਮ ਜਬਰ ਦੀ ਹਨੇਰੀ ਨੂੰ ਠੱਲ ਪਾਉਣ, ਸੈਂਕੜੇ ਸਾਲਾਂ ਦੀ ਗੁਲਾਮੀ ਦਾ ਜੂਲਾ ਉਤਾਰਨ ਅਤੇ ਮਨੁਖੀ ਸਨਮਾਨ ਤੇ ਦੇਸ਼ ਦੀ ਅਜਾਦੀ ਬਹਾਲ ਕਰਨ ਲਈ ਸ਼ਹੀਦੀਆਂ ਪਾ ਗਏ । ਅਸਮਾਨ ਵਿਚ ਐਨੇ ਸਿਤਾਰੇ ਨਹੀਂ, ਜਿਨੀਆਂ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ ਹਨ । ਸਿੱਖ ਹਰ ਰੋਜ ਅਰਦਾਸ ਵਿਚ ਧਰਮ ਹੇਤ ਸ਼ਹੀਦੀਆਂ ਪਾਉਣ ਵਾਲਿਆਂ, ਜਿਨ੍ਹਾਂ ਧਰਮ ਨਹੀ ਹਾਰਿਆ, ਸਿੱਖੀ ਸੁਆਸਾਂ ਸੰਗ ਨਿਭਾਈ ਨੂੰ ਨਤ ਮਸਤਕ ਹੁੰਦਾ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਬ੍ਰਹਮ ਗਿਆਨ ਦਾ ਸਾਗਰ ਹੈ ਅਤੇ ਇਹ ਸਮੁਚੀ ਕਾਇਨਾਤ ਲਈ ਸਰਬਸਾਂਝਾ ਹੈ ਲੇਕਿਨ ਇਸਨੂੰ ਆਪਣਾ ਇਸ਼ਟ ਜਾਂ ਪੈਗੰਬਰ ਕੇਵਲ ਸਿੱਖ ਹੀ ਪ੍ਰਵਾਨ ਕਰਦੇ ਹਨ । ਕੁਪ ਰਹੀੜੇ ਦੇ ਮੈਦਾਨ ਵਿਚ ਜਦੋਂ ਸਿੰਘਾਂ ਨੇ ਹਰਨ ਹੋ ਕੇ ਗੁਰੀਲਾ ਜੰਗ ਲੜਨ ਦਾ ਫੈਸਲਾ ਕੀਤਾ ਤਾਂ ਇਸ ਭੱਜ ਦੌੜ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ ਕਾਇਮ ਨ ਰੱਖੇ ਜਾਣ ਕਾਰਨ ਜਲ ਪ੍ਰਵਾਹ ਕਰਨ ਦਾ ਫੈਸਲਾ ਕੀਤਾ ਤਾਂ ਪੰਥ ਦੇ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ ਨੇ ਜੋ ਅਰਦਾਸ ਕੀਤੀ , ਉਸਨੂੰ ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਭਾਈ ਰਤਨ ਸਿੰਘ ਭੰਗੂ ਨੇ ਇਉਂ ਬਿਆਨ ਕੀਤਾ, ਪੰਥ ਕੀ ਰਹੇਗੀ ਤੋ ਗਰੰਥ ਕੀ ਭੀ ਰਹੇਗੀ ਨਾਥ ਪੰਥ ਨਾ ਰਹਾ ਤੋ ਗਰੰਥ ਕੌਣ ਮਾਨੇਗਾ'। ਹਰ ਸਿੱਖ ਲਈ ਗੁਰੂ ਗ੍ਰੰਥ ਸਾਹਿਬ ਜਾਗਤਿ ਜੋਤਿ, ਹਾਜਰਾ ਹਜ਼ੂਰ ਸਤਿਗੁਰੂ , ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਤੇ ਹਲਤ ਪਲਤ ਦੇ ਸਹਾਇਕ ਹਨ । ਸਿੱਖ ਉਹੀ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਪੂਰੀ ਆਸਥਾ ਰੱਖਦਾ ਹੈ, ਥਾਂ ਥਾਂ ਮੜੀਆਂ ਮਸਾਣਾਂ, ਦੇਹ ਧਾਰੀਆਂ ਦੇ ਕੋਲ ਨਹੀ ਜਾਂਦਾ । ਡਾ:ਸਰ ਮੁਹੰਮਦ ਇਕਬਾਲ ਨੇ ਬਾਖੂਬ ਕਿਹਾ ਹੈ :

ਜਿਸ ਦਰ ਪੇ ਨਾ ਹੋ ਸਜਦੇ ਉਸੇ ਦਰ ਨਹੀ ਕਹਿਤੇ
ਹਰ ਦਰ ਪੇ ਜੋ ਝੁਕ ਜਾਏ ਉਸੇ ਸਰ ਨਹੀ ਕਹਿਤੇ

ਦਸਮ ਪਿਤਾ ਗੁਰੂ ਗੋਬਿੰਦ ਸਾਹਿਬ ਵਲੋਂ ਨੰਦੇੜ ਸਾਹਿਬ ਵਿਖੇ ਕੀਤੇ 52 ਸਿਖਰ ਦੇ ਹੁਕਮਾਂ ਵਿਚ ਮੁਖ ਤੌਰ ਤੇ 'ਪੂਜਾ ਅਕਾਲ ਕੀ , ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ ਤੇ ਲੋਚਾ ਗੁਰੂ ਪੰਥ ਦੇ ਵਾਧੇ ਦੀ' ਹੈ । ਹਰ ਸਿੱਖ ਦਾ ਜੀਵਨ ਇਸ ਇਲਾਹੀ ਹੁਕਮ ਦੇ ਅਨੁਕੂਲ ਹੋਵੇ, ਇਹੀ ਅਰਦਾਸ ਹੈ ।

ਅੰਮ੍ਰਿਤਸਰ ਟਾਈਮਜ਼
AMRITSAR TIMES
01 ਨਵੰਬਰ 2017 ਤੋਂ 07 ਨਵੰਬਰ 2017

# ਹਰ ਪਾਸੇ ਹਿੰਸਾ ਹੀ ਹਿੰਸਾ

## ਵਿਸ਼ਵ ਭਰ ਵਿੱਚ ਆਮ ਲੋਕ ਨੂੰ ਝੱਲਣੀ ਪੈ ਰਹੀ ਹੈ ਦੂਹਰੀ ਮਾਰ

ਅਮਰੀਕਾ ਦੇ ਉੱਘੇ ਅਤੇ ਸਦਾ ਸਰਗਰਮ ਸ਼ਹਿਰ ਨਿਊਯਾਰਕ 'ਚ ਮੰਗਲਵਾਰ ਨੂੰ ਇੱਕ ਸਿਰਫਿਰੇ ਅੱਤਵਾਦੀ ਵਲੋਂ ਸੜਕ ਕਿਨਾਰੇ ਜਾ ਰਹੇ ਆਮ ਲੋਕਾਂ ਉੱਤੇ ਟਰੱਕ ਚੜ੍ਹਾ ਕੇ ਜਾਨੋਂ ਮਾਰਨ ਦੀ ਘਿਣਾਉਣੀ ਘਟਨਾ ਭਾਵੇਂ ਨਵੀਂ ਨਹੀਂ ਪਰ ਇਹ ਦੁਨੀਆ ਦੇ ਹਰ ਕੋਨੇ ਨੂੰ ਦਿਨੋਂ ਦਿਨ ਅਪਣੀ ਜਕੜ ਵਿੱਚ ਲੈ ਰਹੀ ਹਿੰਸਾ ਦੀ ਕੜੀ ਦੀ ਭਿਆਨਕਤਾ ਪ੍ਰਤੀ ਗੰਭੀਰ ਚਿੰਤਾ ਖੜ੍ਹੀ ਕਰਦੀ ਹੈ। ਵੈਸੇ ਤਾਂ ਰੋਜ਼ਾਨਾ ਅਖ਼ਬਾਰਾਂ ਸਵੇਰੇ ਸਵੇਰੇ ਪਾਠਕਾਂ ਦੇ ਘਰੀਂ ਸੁਰਖੀਆਂ ਵਜੋਂ ਹੁਣ ਸੁਖਾਵੀਆਂ ਨਹੀਂ ਬਲਕਿ ਭਿਆਨਕ ਘਟਨਾਵਾਂ, ਬੰਬ ਧਮਾਕਿਆਂ, ਕਤਲਾਂ, ਬਲਾਤਕਾਰਾਂ ਅਤੇ ਅਜਿਹੀਆਂ ਹੀ ਹੋਰ ਦਿਲ ਕੰਬਾਊ ਖ਼ਬਰਾਂ ਸਮੇਤ ਦਸਤਕ ਦਿੰਦੀਆਂ ਹਨ। ਮਨੁੱਖਤਾ ਦਾ ਘਾਣ ਕਰਨ ਵਾਲੇ ਬੰਬ ਅਤੇ ਹੋਰ ਹਥਿਆਰ ਭਾਵੇਂ ਜ਼ਿਆਦਾਤਰ ਕੇਵਲ ਅੱਤਵਾਦੀਆਂ ਵਲੋਂ ਚਲਾਏ ਜਾਂਦੇ ਹਨ ਪਰ ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਅਜਿਹੀ ਹਿੰਸਾ ਤੋਂ ਅਪਣੇ ਆਪ ਨੂੰ ਪੂਰੀ ਤਰ੍ਹਾਂ ਬਰੀ ਨਹੀਂ ਕਰ ਸਕਦੀਆਂ। ਬੇਸ਼ੱਕ ਹਿੰਸਾ ਖ਼ਾਸ ਕਰ ਸੱਤਾ ਪ੍ਰਾਪਤੀ ਲਈ ਆਮ ਲੋਕਾਈ ਉੱਤੇ ਜਬਰ ਜੁਲਮ ਅਤੇ ਇਸਦੇ ਵਿਰੋਧ ਵਿੱਚ ਅੱਗੋਂ ਹਿੰਸਾ ਦਾ ਦੌਰ ਸਦੀਆਂ ਤੋ ਚਲਿਆ ਆ ਰਿਹਾ ਹੈ ਪਰ ਪੁਰਾਣੇ ਵੇਲਿਆਂ 'ਚ ਬੇਕਸੂਰ ਲੋਕ ਇਸ ਤਰ੍ਹਾਂ ਹਿੰਸਾ ਦਾ ਸ਼ਿਕਾਰ ਘੱਟ ਹੁੰਦੇ ਸਨ। ਵੱਖ ਵੱਖ ਖੇਤਰਾਂ 'ਚ ਵੱਡਮੁੱਲੇ ਵਿਕਾਸ ਅਤੇ ਅਖੌਤੀ ਉੱਨਤੀ ਦੇ ਆਧੁਨਿਕ ਯੁੱਗ ਵਿੱਚ ਮਾਨਵ ਜੀਵਾਂ ਦਾ ਜਿਹੜਾ ਪੱਖ ਗੱਲ ਸਭ ਤੋਂ ਮਾਰੂ ਸਿੱਧ ਹੋ ਰਿਹਾ ਹੈ, ਉੱਹ ਲੋਕਾਂ ਦੀ ਲੁੱਟ 'ਚ ਅਥਾਹ ਵਾਧਾ ਅਤੇ ਵਿਚਾਰਾਂ ਦੀ ਸਹਿਨਸ਼ੀਲਤਾ ਦਾ ਹਰ ਪਲ ਹੋ ਰਿਹਾ ਖ਼ਾਤਮਾ। ਕਿਸੇ ਮੌਕੇ ਬਾਕੀ ਦੀ ਦੁਨੀਆਂ ਨੂੰ ਅਪਣੇ ਇਸ਼ਾਰਿਆਂ ਉੱਤੇ ਨਚਾਉਂਦੇ/ਚਲਾਉਂਦੇ ਦੋ ਵੱਡੀਆਂ ਸ਼ਕਤੀਆਂ ਵਾਲੇ ਮੁਲਕਾਂ ਅਮਰੀਕਾ ਅਤੇ ਸੋਵੀਅਤ ਯੂਨੀਅਨ (ਰੂਸ) ਨੇ ਆਪੋ ਅਪਣੀ ਸਰਦਾਰੀ ਕਾਇਮ ਕਰਨ ਲਈ ਜਿਹੜੀਆਂ ਖੇਡਾਂ ਖੇਡੀਆਂ ਸਨ, ਉਹ ਰਣਨੀਤੀ ਮੌਜੂਦਾ ਸਮੇਂ ਦੀ ਵਿਸ਼ਵਵਿਆਪੀ ਅੱਤਵਾਦੀ ਹਿੰਸਾ ਦੇ ਰੂਪ ਵਿੱਚ ਨਿੱਤ ਦਿਨ ਸਾਹਮਣੇ ਆ ਰਹੀ ਹੈ। ਬੇਸ਼ੱਕ ਕਰਮਵਾਰ ਪੂੰਜੀਵਾਦੀ ਤੇ ਸਮਾਜਵਾਦੀ ਢਾਂਚੇ ਦੀ ਪ੍ਰਤੀਨਿਧਤਾ ਕਰਦੇ ਅਮਰੀਕਾ ਤੇ ਰੂਸ ਦਾ ਨਿਸ਼ਾਨਾ ਤੇ ਦਾਅਵਾ ਇੱਕ ਦੂਜੇ ਨੂੰ ਰਾਜਸੀ ਤੌਰ ਉੱਤੇ ਹਰਾ ਕੇ ਲੋਕਪੱਖੀ ਦੁਨੀਆ ਸਿਰਜਣ ਦਾ ਸੀ। ਇਸ ਲਈ ਦੋਵਾਂ ਨੇ ਦੁਨੀਆ ਦੇ ਹਰ ਕੋਨੇ ਵਿੱਚ ਅਪਣੀ ਮੌਜੂਦਗੀ ਵਧਾਉਣ, ਹੋਰਨਾਂ ਮੁਲਕਾਂ ਨਾਲ ਮਜਬੂਤ ਭਾਈਵਾਲੀ ਤੇ ਜੇ ਸੰਭਵ ਹੋਵੇ ਤਾਂ ਫ਼ੌਜੀ ਅੱਡੇ ਕਾਇਮ ਕਰਨ ਲਈ ਹਰ ਹੀਲਾ/ਵਸੀਲਾ ਵਰਤਿਆ। ਹਿੰਸਾ ਦੀਆਂ ਮੌਜੂਦਾ ਘਟਨਾਵਾਂ ਦੀ ਘੋਖ ਬਾਅਦ ਅਜਿਹੇ ਬਹੁਤ ਪੱਖ ਸਾਹਮਣੇ ਆਉਂਦੇ ਹਨ ਜਿਨ੍ਹਾਂ ਨਾਲ ਇਸ ਅਬੁੱਝ ਅੱਗ 'ਚ ਦੋਵੇਂ ਮਹਾਂ ਸ਼ਕਤੀਆਂ ਦਾ ਯੋਗਦਾਨ ਸਪੱਸ਼ਟ ਸਾਹਮਣੇ ਆ ਜਾਂਦਾ ਹੈ। ਬੇਸ਼ੱਕ ਇਸ ਤੱਥ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਦੋਵਾਂ ਧਿਰਾਂ ਨੂੰ ਘੱਟ ਜਾਂ ਵੱਧ ਖੁਦ ਇਸ ਹਿੰਸਾ ਦਾ ਸੇਕ ਸਹਿਣਾ ਪੈ ਰਿਹਾ ਹੈ। ਉਪਰੋਕਤ ਸਾਰੇ ਜ਼ਿਕਰ ਦਾ ਮਤਲਬ ਕਿਸੇ ਵੀ ਤਰ੍ਹਾਂ ਅੱਤਵਾਦੀ ਹਿੰਸਾ ਨੂੰ ਜਾਇਜ਼ ਠਹਿਰਾਉਣ ਦਾ ਨਹੀਂ। ਨਾ ਹੀ ਕਿਸੇ ਇੱਕ ਧਿਰ ਦੀ ਵਧੀਕੀ ਕਿਸੇ ਦੂਸਰੀ ਧਿਰ ਨੂੰ ਉਸਤੋਂ ਵੀ ਭਿਆਨਕ ਤੇ ਹਿੰਸਕ ਪ੍ਰਗਟਾ ਦਾ ਨੈਤਿਕ ਅਧਿਕਾਰ ਦਿੰਦੀ ਹੈ। ਹਾਂ ਇਸਦੇ ਪਿਛੋਕੜ ਅਤੇ ਕਾਰਨਾਂ ਨੂੰ ਜਾਣੇ/ਸਮਝੇ ਬਿਨਾਂ ਅਜਿਹੇ ਹਿੰਸਕ ਟਕਰਾਅ ਰੋਕਣੇ ਸੰਭਵ ਨਹੀਂ ਜਾਪਦੇ।

ਦੋ ਸ਼ਕਤੀਆਂ/ਵਿਅਕਤੀਆਂ ਦੀ ਹਿੰਸਕ ਝੜਪ ਵਿੱਚ ਇੱਕ ਦੂਜੇ ਦੇ ਜਾਨੀ ਤੇ ਮਾਲੀ ਨੁਕਸਾਨ ਦੇ ਮੱਦੇਨਜ਼ਰ ਆਮ ਲੋਕਾਂ ਦੀ ਸਹਿਜ ਚਲਦੀ ਜਿੰਦਗੀ ਉੱਤੇ ਟੁੱਟਦੇ ਦੁੱਖ ਦੇ ਪਹਾੜਾਂ ਦੀ ਜੁੰਮੇਵਾਰੀ ਕਿਸਦੇ ਸਿਰ ਨਿਰਧਾਰਤ ਕੀਤੀ ਜਾਵੇ। ਇਸ ਪਹਿਲੂ ਨੂੰ ਸੱਤਧਾਰੀ ਧਿਰਾਂ ਤੇ ਸਰਕਾਰਾਂ ਜੇ ਸੁਹਿਰਦਤਾ ਨਾਲ ਸਮਝਣ ਤਾਂ ਬਹੁਤ ਸਾਰੇ ਮਸਲਿਆਂ ਤੇ ਟਕਰਾਆਂ ਨੂੰ ਹਿੰਸਕ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਵਰ੍ਹਿਆਂ ਤੋਂ ਅੱਗ ਦੀ ਭੱਠੀ ਵਿੱਚ ਬਲ ਰਹੇ ਅਫ਼ਗਾਨਿਸਤਾਨ, ਇਰਾਕ, ਸੀਰੀਆ, ਇਸਰਾਈਲ ਅਤੇ ਫਲਸਤੀਨ ਵਿਚਾਲੇ ਅਮੁੱਕ ਲੜਾਈ ਅਤੇ ਦਹਾਕਿਆਂ ਤੋਂ ਭਖਦੇ ਕਸ਼ਮੀਰ ਮਸਲੇ ਦੇ ਨਾਲ ਨਾਲ ਇਰਾਕ 'ਚ ਕੁਰਦਾਂ ਤੇ ਸਪੇਨ 'ਚ ਕੈਟੇਲੋਈਅਨਾਂ ਦੀ ਖੁਦਮੁੱਖਤਾਰੀ ਤਾਂ ਲਗਾਤਾਰ ਉਭਰ ਕੇ ਸਾਹਮਣੇ ਆ ਰਹੇ ਵਰਤਾਰੇ ਹਨ। ਵੈਸੇ ਨਿੱਤ ਦਿਨ ਅਜਿਹੀਆਂ ਅਣਗਿਣਤ ਹਿੰਸਕ ਘਟਨਾਵਾਂ ਲੋਕਾਂ ਲਈ ਜਾਨ ਦਾ ਖ਼ੌਅ ਬਣ ਰਹੀਆਂ ਹਨ, ਜਿਨ੍ਹਾਂ ਦੀ ਜਾਣਕਾਰੀ ਤੇ ਚਰਚਾ ਸਥਾਨਕ ਪੱਧਰ ਉੱਤੇ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ।

ਅਮਰੀਕਾ ਵਿੱਚ ਹਿੰਸਾ ਦੇ ਆਮ ਲੋਕਾਂ ਨੂੰ ਅਪਣੀ ਲਪੇਟ ਵਿੱਚ ਲੈਣ ਦੀਆਂ ਵਾਰਦਾਤਾਂ ਬਾਰੇ ਦੁੱਖ ਅਤੇ ਚਿੰਤਾ ਕਰਨੀ ਬਣਦੀ ਹੈ। ਲਾਸ ਵੇਗਸ ਦੀ ਘਟਨਾ ਦੇ ਸਦਮੇ ਤੋਂ ਹਾਲੇ ਲੋਕ ਸੰਭਲੇ ਨਹੀਂ ਸਨ ਕਿ ਮੈਨਹਟਨ ਵਿੱਚ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ। ਲਾਸ ਵੇਗਸ ਦੀ ਵਾਰਦਾਤ ਭਾਵੇਂ ਬੀਮਾਰ ਮਾਨਸਿਕਤਾ ਵਾਲੇ ਸਖ਼ਸ਼ ਦੀ ਕੋਝੀ ਕਾਰਵਾਈ ਸੀ ਪਰ ਟਰੰਪ ਸਰਕਾਰ ਲਈ ਮੁਲਕ ਵਿੱਚ ਹਥਿਆਰਾਂ ਉੱਤੇ ਰੋਕ ਲਈ ਕਾਰਵਾਈ ਬਾਰੇ ਗੰਭੀਰਤਾ ਨਾਲ ਵਿਚਾਰ ਕਰਨੀ ਸਮੇਂ ਦੀ ਲੋੜ ਹੈ। ਨਿਊਯਾਰਕ ਜਿਹੀਆਂ ਘਟਨਾਵਾਂ ਨਾਲ ਸਿੱਝਣ ਲਈ ਸਿਰਫ਼ ਸਰਕਾਰਾਂ ਹੀ ਨਹੀਂ ਸਭਨਾਂ ਅਮਨ ਪਸੰਦ ਧਿਰਾਂ ਤੇ ਲੋਕਾਂ ਨੂੰ ਯਤਨ ਤੇਜ ਕਰਨੇ ਪੈਣਗੇ।

# ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਨੂੰ ਯਾਦ ਕਰਦਿਆਂ...



ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਕੇਹਰ ਸਿੰਘ, ਭਾਈ ਸਤਵੰਤ ਸਿੰਘ, ਬੀਬੀ ਸੁਰਿੰਦਰ ਕੌਰ ਦੀਆਂ ਤਸਵੀਰਾਂ

**ਡਾ. ਅਮਰਜੀਤ ਸਿੰਘ ਵਾਸ਼ਿੰਗਟਨ**



ਯੂਨਾਨੀ ਮਿਥਿਹਾਸ ਦੇ ਅੰਦਰ ਇੱਕ ਫੀਨਿਕਸ ਪੰਛੀ ਦਾ ਜ਼ਿਕਰ ਆਉਂਦਾ ਹੈ। ਕਹਿੰਦੇ ਨੇ ਕਿ ਜਦੋਂ ਇਸ ਪੰਛੀ ਦਾ ਅੰਤ ਸਮਾਂ ਆਉਂਦਾ ਹੈ ਤਾਂ ਇਹ ਆਪ ਹੀ ਆਪਣੇ ਖੰਭਾਂ ਨੂੰ ਅੱਗ ਲਾ ਲੈਂਦਾ ਹੈ ਤੇ ਇਵੇਂ ਸੜ ਕੇ ਸੁਆਹ ਹੋ ਜਾਂਦਾ ਹੈ। ਜਦੋਂ ਉਸ ਦੀ ਸੁਆਹ ਨੂੰ ਫਰੋਲਿਆ ਜਾਂਦਾ ਹੈ ਤਾਂ ਉਸ ਵਿੱਚੋਂ ਇੱਕ ਅੰਡਾ ਨਿੱਕਲਦਾ ਹੈ ਜਿਸ ਵਿੱਚੋਂ ਫੀਨਿਕਸ ਪੰਛੀ ਨਿੱਕਲ ਕੇ ਅਕਾਸ਼ ਵਿੱਚ ਉਡਾਰੀ ਮਾਰ ਜਾਂਦਾ ਹੈ। ਇਹ ਕਹਾਣੀ ਤਾਂ ਮਿਥਿਹਾਸਕ ਹੈ ਪਰ ਦੁਨੀਆਂ ਦੇ ਇਤਿਹਾਸ ਦੇ ਅੰਦਰ ਇੱਕ ਜਿਊਂਦੀ ਜਾਗਦੀ ਕੌਮ-ਸਿੱਖ ਕੌਮ ਹੈ, ਜਿਸ ਦਾ ਜਨਮ ਹੀ ਖੰਡੇ ਦੀ ਧਾਰ ਤੋਂ ਹੋਇਆ ਹੈ। ਜਿਸ ਸਿੱਖੀ ਸਕੂਲ ਅੰਦਰ ਦਾਖਲੇ ਦੀ ਫੀਸ ਸੀਸ ਭੇਟ ਹੈ, ਭਾਵ ਜ਼ਿੰਦਗੀ ਦੀ ਕੁਰਬਾਨੀ ਦੇ ਸੰਕਲਪ 'ਚੋਂ ਹੀ ਸਿੱਖ ਦੀ ਅਸਲ ਜ਼ਿੰਦਗੀ ਦੀ ਸ਼ੁਰੂਆਤ ਹੁੰਦੀ ਹੈ। ਵੈਸੇ ਤਾਂ ਵਰ੍ਹੇ ਦਾ ਕੋਈ ਦਿਨ, ਕੋਈ ਪਲ ਐਸਾ ਨਹੀਂ ਹੋਵੇਗਾ, ਜਿਸ ਸਮੇਂ ਕਿਸੇ ਨਾ ਕਿਸੇ ਸਿੰਘ-ਸਿੰਘਣੀ ਨੇ ਆਪਣੀ ਕੁਰਬਾਨੀ ਨਾ ਦਿੱਤੀ ਹੋਵੇ ਪਰ ਪਿਛਲੇ ਲਗਭਗ ਤਿੰਨ ਦਹਾਕਿਆਂ ਦੌਰਾਨ ਤਾਂ ਸੱਚ ਸ਼ਮਾਂ 'ਤੇ ਕੁਰਬਾਨ ਹੋਣ ਵਾਲੇ ਸਿੱਖ ਪਰਵਾਨਿਆਂ ਦੀ ਨਾ ਮੁੱਕਣ ਵਾਲੀ ਲੰਮੀ ਲਾਈਨ ਹੈ। ਜ਼ੁਲਮ ਕਰਨ ਵਾਲਿਆਂ ਨੇ ਜ਼ੁਲਮ ਦੀ ਅਖੀਰ ਕੀਤੀ ਹੋਈ ਹੈ ਪਰ ਧੰਨ ਹਨ ਗੁਰੂ ਕਲਗੀਧਰ ਦੇ ਲਾਡਲੇ ਸਪੁੱਤਰ-ਸਪੁੱਤਰੀਆਂ, ਜਿਨ੍ਹਾਂ ਨੇ ਖ਼ਾਲਸਾਈ ਨਿਸ਼ਾਨ ਸਾਹਿਬ ਨੂੰ ਉਚਾ ਹੀ ਉਚਾ ਰੱਖਿਆ ਹੋਇਆ ਹੈ। 31 ਅਕਤੂਬਰ, 1984 ਨੂੰ ਭਾਈ ਬੇਅੰਤ ਸਿੰਘ ਨੇ ਸ਼ਹੀਦੀ ਜਾਮ ਪੀਤਾ ਅਤੇ 6 ਜਨਵਰੀ, 1989 ਨੂੰ ਕੌਮ ਦੇ ਮਹਾਨ ਸੂਰਬੀਰਾਂ ਭਾਈ ਸਤਵੰਤ ਸਿੰਘ ਤੇ ਭਾਈ ਕਿਹਰ ਸਿੰਘ ਨੇ ਤਿਹਾੜ ਜੇਲ੍ਹ ਵਿੱਚ ਹੱਸ-ਹੱਸ ਕੇ ਫਾਂਸੀ ਦੇ ਰੱਸਿਆਂ ਨੂੰ ਆਪਣੇ ਗਲੇ ਵਿੱਚ ਪਾ ਕੇ, ਖਾਲਿਸਤਾਨ ਦੇ ਨਿਸ਼ਾਨੇ ਨੂੰ ਹੋਰ ਵੀ ਪ੍ਰਪੱਕ ਕੀਤਾ।

ਭਾਈ ਬੇਅੰਤ ਸਿੰਘ, ਸਤਵੰਤ ਸਿੰਘ ਦੀ ਜੋੜੀ ਸਿੱਖ ਇਤਿਹਾਸ ਦੇ ਪੰਨਿਆਂ ਵਿੱਚ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਦੀ ਲੜੀ ਵਿੱਚ ਪਰੋਈ ਗਈ ਹੈ। ਜੂਨ 1984 ਦੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ 37 ਹੋਰ ਇਤਿਹਾਸਕ ਗੁਰਧਾਮਾਂ 'ਤੇ ਟੈਂਕਾਂ-ਤੋਪਾਂ ਨਾਲ ਹਮਲੇ ਨੇ ਸਿੱਖ ਮਾਨਸਿਕਤਾ ਨੂੰ ਬੜਾ ਦੁਖਦਾਈ ਅਨੁਭਵ ਕਰਵਾਇਆ। ਸਿੱਖ ਕੌਮ ਦਾ ਬੱਚਾ-ਬੱਚਾ ਅੱਖਾਂ ਵਿੱਚੋਂ ਹੰਝੂ ਕੇਰਦਾ, ਇਸ ਸਿੱਖੀ ਅਪਮਾਨ ਦਾ ਬਦਲਾ ਲੈਣ ਦੇ ਰੌਂਅ ਵਿੱਚ ਸੀ। 31 ਅਕਤੂਬਰ ਨੂੰ ਗੁਰੂ ਕੇ ਲਾਲਾਂ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਨੇ ਦਿੱਲੀ ਸਾਮਰਾਜ ਦੀ ਪਟਰਾਣੀ ਇੰਦਰਾ ਗਾਂਧੀ ਨੂੰ ਉਸ ਦਾ ਬਣਦਾ ਹੱਕ ਅਦਾ ਕੀਤਾ। ਇੰਦਰਾ ਗਾਂਧੀ ਨੂੰ ਇਨਸਾਫ ਦੇਣ ਵਾਲੇ ਇਹ ਦੋ ਯੋਧੇ, ਸ਼ਾਂਤਚਿੱਤ ਆਪਣੀ ਥਾਂ 'ਤੇ ਖੜ੍ਹੇ ਰਹੇ, ਗੁਰੂ ਦੀ ਸ਼ੁਕਰਗੁਜ਼ਾਰੀ ਵਿੱਚ, ਜਿਸ ਨੇ ਕਿ ਉਨ੍ਹਾਂ ਤੋਂ ਮਹਾਨ ਇਤਿਹਾਸਕ ਸੇਵਾ ਲਈ ਸੀ। ਇੰਦਰਾ ਗਾਂਧੀ ਦੇ ਨਾਲ ਜਾ ਰਹੇ ਕਿਸੇ ਨੂੰ ਕੋਈ ਗੋਲੀ ਨਹੀਂ ਲੱਗੀ, ਕਿਸੇ ਹੋਰ ਬੇਗੁਨਾਹ ਨੂੰ ਨਹੀਂ ਮਾਰਿਆ ਗਿਆ। ਇਹ ਸੀ ਸਿੱਖ ਇਨਸਾਫ਼ ਦਾ ਤਰਾਜੂ। ਦੋਨੋਂ ਸਿੰਘਾਂ ਨੂੰ ਕਮਰੇ ਅੰਦਰ ਲਿਜਾ ਕੇ, ਕਿਸੇ ਖਾਸ ਹੁਕਮ ਨਾਲ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਭਾਈ ਬੇਅੰਤ ਸਿੰਘ ਤਾਂ ਮੌਕੇ 'ਤੇ ਹੀ ਸ਼ਹੀਦੀ ਪਾ ਗਏ ਜਦੋਂਕਿ ਭਾਈ ਸਤਵੰਤ ਸਿੰਘ ਹੋਰਾਂ ਨੂੰ ਡਾਕਟਰਾਂ ਨੇ ਕਾਫੀ ਜੱਦੋਜਹਿਦ ਤੋਂ ਬਾਅਦ ਬਚਾ ਲਿਆ। ਇੱਕ ਗੋਲੀ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਵਿੱਚ ਅਖੀਰ ਤੱਕ ਰਹੀ, ਜਿਸ ਨੂੰ ਜਾਣਬੁੱਝ ਕੇ ਨਹੀਂ ਕੱਢਿਆ ਗਿਆ ਤਾਂਕਿ ਉਸ ਦੀ ਪੀੜ ਲਗਾਤਾਰ ਬਣੀ ਰਹੇ।

ਹੁਣ ਇਨਸਾਫ ਦਾ ਜਨਾਜ਼ਾ ਕੱਢਣ ਵਾਲਾ, ਇੰਦਰਾ ਗਾਂਧੀ ਕਤਲ ਕਾਂਡ ਮੁਕੱਦਮਾ ਸ਼ੁਰੂ ਹੋਇਆ। ਬ੍ਰਾਹਮਣ ਸਰਕਾਰ ਨੂੰ ਲੱਗਾ ਕਿ ਸਿਰਫ ਦੋ ਸਧਾਰਨ ਜਿਹੇ ਪੁਲਿਸ ਮੁਲਾਜ਼ਮਾਂ ਦੇ ਹੱਥੋਂ ਮਾਰੇ ਜਾਣ ਨਾਲ ਇੰਦਰਾ ਗਾਂਧੀ ਦੀ ਮਹਾਨਤਾ' ਪ੍ਰਗਟ ਨਹੀਂ ਹੁੰਦੀ, ਇਸ ਲਈ ਇਸ ਨੂੰ ਡੂੰਘੀ ਸਾਜ਼ਿਸ਼ ਬਣਾਇਆ ਜਾਵੇ। ਅਮਰੀਕਨ ਖੁਫੀਆ ਏਜੰਸੀ ਸੀ.ਆਈ.ਏ. ਨੂੰ ਇੰਦਰਾ ਗਾਂਧੀ ਦੇ ਕਤਲ ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਬਜ਼ੁਰਗ ਕਿਹਰ ਸਿੰਘ, ਜੋ ਭਾਈ ਬੇਅੰਤ ਸਿੰਘ ਹੋਰਾਂ ਦੇ ਰਿਸ਼ਤੇਦਾਰ ਸਨ ਤੇ ਦਿੱਲੀ ਪੁਲਿਸ ਦੇ ਇੰਸਪੈਕਟਰ ਬਲਬੀਰ ਸਿੰਘ ਨੂੰ ਵੀ ਸਾਜ਼ਿਸ਼ 'ਚ ਸ਼ਾਮਲ ਕਰਕੇ ਦਿੱਲੀ ਹਾਈਕੋਰਟ ਨੇ ਉਨ੍ਹਾਂ ਨੂੰ ਵੀ ਸਜ਼ਾਇ-ਮੌਤ ਸੁਣਾ ਦਿੱਤੀ। ਭਾਈ ਕੇਹਰ ਸਿੰਘ 'ਤੇ ਦੋਸ਼ ਲਾਇਆ ਗਿਆ ਕਿ ਉਸ ਨੇ ਭਾਈ ਬੇਅੰਤ ਸਿੰਘ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿੱਤੀ ਤੇ ਇਸ ਤਰ੍ਹਾਂ ਕਰਕੇ ਉਹ "ਦਹਿਸ਼ਤਗਰਦ" ਬਣ ਗਿਆ। ਸਾਰੇ ਮੁਕੱਦਮੇ ਦੀ ਸੁਣਵਾਈ ਦੌਰਾਨ ਜੱਜਾਂ ਵਲੋਂ ਇੱਕ ਪਾਸੜ ਰੁਝਾਨ ਹੀ ਸੀ। ਸਫਾਈ ਪੱਖ ਦੇ ਵਕੀਲ ਨੂੰ ਉਸ ਵਲੋਂ ਮੰਗੀ ਗਈ ਜਾਣਕਾਰੀ ਕਦੇ ਵੀ ਮੁਹੱਈਆ ਨਹੀਂ ਕੀਤੀ ਗਈ। ਸੁਪਰੀਮ ਕੋਰਟ ਨੇ ਭਾਈ ਬਲਬੀਰ ਸਿੰਘ ਨੂੰ ਬਰੀ ਕਰ ਦਿੱਤਾ ਪਰ ਮੁੜ ਉਸ ਨੂੰ ਨੌਕਰੀ 'ਤੇ ਬਹਾਲ ਨਹੀਂ ਕੀਤਾ ਗਿਆ ਅਤੇ ਨਾ ਹੀ ਉਸ ਦੀ ਪਿਛਲੀ ਬਣਦੀ ਤਨਖਾਹ ਉਸ ਨੂੰ ਦਿੱਤੀ ਗਈ।

ਦੁਨੀਆਂ ਦੇ ਪ੍ਰਮੁੱਖ ਕਾਨੂੰਨਦਾਨਾਂ ਦੀ ਰਾਇ ਸੀ ਕਿ ਭਾਈ ਕਿਹਰ ਸਿੰਘ ਨੂੰ ਫਾਂਸੀ ਬਿਲਕੁਲ ਨਜਾਇਜ਼ ਦਿੱਤੀ ਗਈ ਜਦੋਂ ਕਿ ਉਹਨਾਂ ਦਾ ਇੰਦਰਾ ਗਾਂਧੀ ਕਤਲ ਵਿੱਚ ਕੋਈ ਹੱਥ ਸਾਬਤ ਨਹੀਂ ਹੁੰਦਾ ਪਰ ਉਹ ਬ੍ਰਾਹਮਣਵਾਦ ਕਾਹਦਾ, ਜੇ ਉਹ ਬੇਗੁਨਾਹਾਂ ਨੂੰ ਫਾਹੇ ਨਾ ਲਾਏ। ਹਜ਼ਾਰਾਂ ਸਿੱਖਾਂ ਦੇ ਖੂਨ ਵਿੱਚ ਹੱਥ ਰੰਗਣ ਵਾਲੀ ਇੰਦਰਾ ਗਾਂਧੀ, ਬ੍ਰਾਹਮਣਾਂ ਲਈ ਦੁਰਗਾ ਮਾਤਾ' ਜੁ ਸੀ ਅਤੇ ਦੁਰਗਾ ਦੇ ਮਰ ਜਾਣ ਬਾਅਦ ਵੀ ਉਹਨੂੰ ਖੁਸ਼ ਕਰਨ ਲਈ ਨਰ ਬਲੀ' ਦੀ ਲੋੜ ਸੀ। ਭਾਈ ਕਿਹਰ ਸਿੰਘ ਹੋਰਾਂ ਨੇ ਕਮਾਲ ਦਾ ਸਿਦਕ, ਸਬਰ ਦਿਖਾਉਂਦਿਆਂ, ਗੁਰੂ ਦਾ ਭਾਣਾ ਸਮਝ ਕੇ ਹੱਸ ਕੇ ਮੌਤ ਨੂੰ ਗਲ ਨਾਲ ਲਾਇਆ।

ਭਾਈ ਸਤਵੰਤ ਸਿੰਘ ਆਪਣੇ ਜੇਲ੍ਹ ਵਿੱਚ ਬਿਤਾਏ ਸਮੇਂ ਦੌਰਾਨ, ਕੇਸਰੀ ਦਸਤਾਰ ਸਜਾ ਕੇ, ਖਾਲਿਸਤਾਨ ਦੀ ਲਹਿਰ ਦੇ ਥੰਮ੍ਹ ਬਣੇ। ਦਿਨ ਰਾਤ, ਨਾਮ-ਬਾਣੀ ਦਾ ਪ੍ਰਵਾਹ ਤਿਹਾੜ ਜੇਲ੍ਹ ਵਿੱਚ ਆਪ ਨੇ ਚਲਾਇਆ। ਗੁਰੂ ਉਹ ਸਮਾਂ ਲਿਆਵੇ ਜਦੋਂ ਦਿੱਲੀ ਸਰ ਕਰਕੇ ਸਿੰਘ ਤਿਹਾੜ ਜੇਲ੍ਹ ਨੂੰ ਆਪਣੇ ਪਵਿੱਤਰ ਇਤਿਹਾਸਕ ਥਾਂ ਦਾ ਦਰਜਾ ਦੇ ਸਕਣ। ਭਾਈ ਸਤਵੰਤ ਸਿੰਘ ਦਾ ਜ਼ਿਕਰ ਕਰਦਿਆਂ ਅਲੋਕਾਰ ਸੁਹਾਗਣ ਬੀਬੀ ਸੁਰਿੰਦਰ ਕੌਰ ਦਾ ਜ਼ਿਕਰ ਕਰਨਾ ਜ਼ਰੂਰੀ ਹੈ, ਜਿਸ ਦੀ ਮੰਗਣੀ ਭਾਈ ਸਤਵੰਤ ਸਿੰਘ ਹੋਰਾਂ ਨਾਲ ਹੋਈ ਹੋਈ ਸੀ ਜਦੋਂ ਸੂਰਮਿਆਂ ਨੇ ਇਹ ਇਤਿਹਾਸਕ ਕਾਰਨਾਮਾ ਕਰ ਵਿਖਾਇਆ। ਮਾਤਾ-ਪਿਤਾ, ਸੱਸ-ਸਹੁਰਾ ਤੇ ਧਾਰਮਿਕ ਸ਼ਖਸੀਅਤਾਂ ਵਲੋਂ ਮਨ੍ਹਾਂ ਕਰਨ ਦੇ ਬਾਵਜੂਦ ਬੀਬੀ ਜੀ ਆਪਣੇ ਇਸ ਪ੍ਰਣ 'ਤੇ ਡਟੇ ਰਹੇ ਕਿ ਉਹ ਭਾਈ ਸਤਵੰਤ ਸਿੰਘ ਨੂੰ ਪਤੀ ਮੰਨਦੇ ਹਨ ਅਤੇ ਉਨ੍ਹਾਂ ਦੇ ਨਾਂ 'ਤੇ ਹੀ ਜ਼ਿੰਦਗੀ ਗੁਜ਼ਾਰਨਗੇ। ਜੇਲ੍ਹ ਅਧਿਕਾਰੀਆਂ ਵਲੋਂ ਵਿਆਹ ਦੀ ਆਗਿਆ ਨਾ ਮਿਲਣ 'ਤੇ ਬੀਬੀ ਜੀ ਨੇ ਭਾਈ ਸਤਵੰਤ ਸਿੰਘ ਦੀ ਫੋਟੋ ਨਾਲ ਚਾਰ ਲਾਵਾਂ ਲੈ ਕੇ ਸਿੱਖ ਇਤਿਹਾਸ ਅੰਦਰ ਅਲੋਕਾਰ ਸੁਹਾਗਣ' ਹੋਣ ਦਾ ਮਾਣ ਹਾਸਲ ਕੀਤਾ। ਅੱਜ ਬੀਬੀ ਸੁਰਿੰਦਰ ਕੌਰ ਵੀ ਕੈਂਸਰ ਦੀ ਬਿਮਾਰੀ ਨਾਲ ਜਦੋਜਹਿਦ ਕਰਦਿਆਂ ਗੁਰਪੁਰੀ ਸਿਧਾਰ ਚੁੱਕੇ ਹਨ।

ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ, ਖਾਲਿਸਤਾਨ ਜ਼ਿੰਦਾਬਾਦ' ਦੇ ਅਕਾਸ਼ ਗੁੰਜਾਊ ਨਾਹਰਿਆਂ ਨਾਲ 6 ਜਨਵਰੀ, 1989 ਦੀ ਸਵੇਰ ਨੂੰ ਤਿਹਾੜ ਜੇਲ੍ਹ ਵਿਚਲੇ ਫਾਂਸੀ ਘਰ ਵੱਲ ਵਧੇ। ਉਹਨਾਂ ਦੀ ਦਲੇਰੀ ਤੇ ਨਿਰਭੈਅਤਾ ਦੇਖ ਕੇ ਜੇਲ੍ਹ ਅਧਿਕਾਰੀਆਂ ਨੇ ਮੂੰਹ ਵਿੱਚ ਉਂਗਲਾਂ ਪਾਈਆਂ। ਭਾਈ ਸਤਵੰਤ ਸਿੰਘ ਨੇ ਆਪਣੇ ਪਿਤਾ ਰਾਹੀਂ ਦਿੱਤੇ ਕੌਮ ਨੂੰ ਸੰਦੇਸ਼ ਵਿੱਚ ਇਹ ਇੱਛਾ ਜ਼ਾਹਿਰ ਕੀਤੀ ਕਿ "ਮੈਂ ਮੁੜ ਸਿੱਖਾਂ ਦੇ ਘਰ ਜਨਮ ਲੈ ਕੇ, ਪੰਥ ਦੇ ਵੈਰੀਆਂ ਨੂੰ ਸੋਧਾਂ।" ਕਿਸੇ ਅਜ਼ਬ ਮਸਤੀ ਵਿੱਚ ਦੋਨੋਂ ਸਿੰਘ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਦਿੱਲੀ ਦਰਬਾਰ ਨੇ ਗੁਰੂ ਚਰਨਾਂ ਦੇ ਭੌਰਿਆਂ ਦਾ ਆਪ ਹੀ ਸਸਕਾਰ ਕਰਕੇ ਉਨ੍ਹਾਂ ਦੀ ਭਸਮ ਹਰਦਵਾਰ, ਗੰਗਾ ਨਦੀ ਵਿੱਚ ਪਾਈ ਜਦੋਂ ਕਿ ਰਿਸ਼ਤੇਦਾਰਾਂ ਵਲੋਂ ਕੀਰਤਪੁਰ ਸਾਹਿਬ ਦੀ ਬੇਨਤੀ ਕੀਤੀ ਗਈ ਸੀ। ਇਹਨਾਂ ਯੋਧਿਆਂ ਦੀ ਚਿਤਾ ਦੀ ਸਵਾਹ ਵੀ ਜ਼ਾਲਮ ਸਰਕਾਰ ਨੂੰ ਦੰਦਲਾਂ ਪਾ ਰਹੀ ਸੀ। ਸ਼ਹੀਦ ਭਾਈ ਬੇਅੰਤ ਸਿੰਘ ਦੇ 31ਵੇਂ ਸ਼ਹੀਦੀ ਦਿਵਸ ਮੌਕੇ ਖਾਲਸਾ ਪੰਥ ਆਪਣੇ ਮਹਾਨ ਸੂਰਬੀਰਾਂ ਦੀ ਕੁਰਬਾਨੀ ਨੂੰ ਸਿਜਦਾ ਕਰਦਾ ਹੈ।

**"ਸ਼ਹੀਦ ਕੀ ਜੋ ਮੌਤ ਹੈ,**
**ਵੋਹ ਕੌਮ ਕੀ ਹਿਆਤ (ਜ਼ਿੰਦਗੀ) ਹੈ।**
**ਹਿਆਤ ਤੋ ਹਿਆਤ ਹੈ,**
**ਮੌਤ ਭੀ ਹਿਆਤ ਹੈ।"**

# ਸਿੱਖ ਕਤਲੇਆਮ: 33 ਸਾਲਾਂ ਬਾਅਦ ਵੀ ਨਿਆਂ ਨਹੀਂ

**ਪੱਤਰਕਾਰ ਰਾਹੁਲ ਬੇਦੀ ਦਿੱਲੀ ਦੇ ਉਨ੍ਹਾਂ ਤਿੰਨ ਪੱਤਰਕਾਰਾਂ ਵਿਚੋਂ ਇੱਕ ਸੀ ਜਿਨ੍ਹਾਂ ਨੇ ਦਿੱਲੀ ਦੰਗਿਆਂ ਦੀ ਅੱਖੀਂ ਦੇਖੀ ਰਿਪੋਰਟਿੰਗ ਕਰਕੇ 'ਦੋਸ਼ੀ ਕੌਣ' ਨਾਮ ਦੀ ਜਾਰੀ ਰਿਪੋਰਟ ਰਾਹੀਂ ਵਿਸਥਾਰ ਨਾਲ ਘਟਨਾਵਾਂ, ਕਤਲੇਆਮ ਵਿੱਚ ਸ਼ਾਮਲ ਰਾਜਨੇਤਾਵਾਂ, ਦੰਗਈਆਂ ਅਤੇ ਪੁਲੀਸ ਦੀ ਸੂਚੀ ਜਾਰੀ ਕੀਤੀ ਸੀ। ਇਸ ਅਹਿਮ ਦਸਤਾਵੇਜ਼ ਵਿੱਚ ਦਰਜ ਵੇਰਵਿਆਂ ਨੂੰ ਜਾਚਣ ਦੀ ਬਜਾਏ ਰਾਜੀਵ ਸਰਕਾਰ ਵਲੋਂ ਰਿਪੋਰਟ ਦੀਆਂ ਕਾਪੀਆਂ ਜ਼ਬਤ ਕਰ ਲਈਆਂ ਗਈਆਂ।**




**ਹੇਮਜੀਤ ਸਿੰਘ (ਪ੍ਰਿੰ.)**
ਮੋਬਾਈਲ : 98725- 68216

ਭਾਰਤ ਅੰਦਰ 1984 ਵਿੱਚ ਹੋਏ ਸਿੱਖ ਵਿਰੋਧੀ ਕਤਲੇਆਮ ਦੀ ਜਾਂਚ ਅਤੇ ਨਿਆਂ ਦੇਣ ਵਿੱਚ ਹੋਈ ਨਾਕਾਮੀ ਭਾਰਤੀ ਲੋਕਤੰਤਰ ਦੇ ਮੱਥੇ ਦਾ ਅਮਿਟ ਕਲੰਕ ਹੈ। ਇਸ ਕਤਲੇਆਮ ਦੀ ਜਾਂਚ ਲਈ ਬਣੇ ਕਮਿਸ਼ਨ ਅਤੇ ਕਮੇਟੀਆਂ ਵਲੋਂ ਦੋਸ਼ੀ ਠਹਿਰਾਏ ਰਾਜਨੇਤਾਵਾਂ, ਪੁਲੀਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਬਚਾਉਣ ਲਈ ਸਮੇਂ ਦੀਆਂ ਸਰਕਾਰਾਂ ਨੇ ਸੀਬੀਆਈ ਦੀ ਦੁਰਵਰਤੋਂ ਕਰਨ ਦੇ ਨਾਲ-ਨਾਲ ਅਦਾਲਤੀ ਕਾਰਵਾਈ ਨੂੰ ਕਾਨੂੰਨੀ ਪੇਚੀਦਗੀਆਂ ਵਿੱਚ ਉਲਝਾਈ ਰੱਖਿਆ। 33 ਸਾਲ ਦੇ ਲੰਮੇ ਸਮੇਂ ਦੌਰਾਨ ਕਈ ਵੱਡੇ ਮੁਲਜ਼ਮ ਆਪਣਾ ਪੂਰਾ ਜੀਵਨ ਐਸ਼ੋ-ਆਰਾਮ ਨਾਲ ਭੋਗ ਗਏ। ਪੀੜਤ ਮਾਵਾਂ, ਜਿਨ੍ਹਾਂ ਦੇ ਪੁੱਤ ਅੱਖਾਂ ਸਾਹਮਣੇ ਜਿਊਂਦੇ ਸਾੜੇ ਗਏ ਤੇ ਉਨ੍ਹਾਂ ਦੀਆਂ ਧੀਆਂ ਦੀ ਇੱਜ਼ਤ ਤਾਰ-ਤਾਰ ਕਰ ਦਿੱਤੀ ਗਈ ਸੀ, ਸਮੇਤ ਅਹਿਮ ਚਸ਼ਮਦੀਦ ਗਵਾਹ ਤੇ ਹੋਰ ਪੀੜਤ ਨਿਆਂ ਦੀ ਉਡੀਕ ਵਿੱਚ ਇਸ ਜਹਾਨ ਤੋਂ ਕੂਚ ਕਰ ਗਏ। ਚਸ਼ਮਦੀਦਾਂ ਦੇ ਹਲਫ਼ਨਾਮਿਆਂ ਅਤੇ ਜਾਂਚ ਦੇ ਆਧਾਰ 'ਤੇ ਠਹਿਰਾਏ ਗਏ ਦੋਸ਼ੀਆਂ ਨੂੰ ਸਜ਼ਾ ਤਕ ਨਹੀਂ ਪਹੁੰਚਾਇਆ ਜਾ ਸਕਿਆ।

ਸਿੱਖ ਵਿਰੋਧੀ ਕਤਲੇਆਮ ਵਿੱਚ ਐਚ.ਕੇ.ਐਲ. ਭਗਤ, ਸੱਜਣ ਕੁਮਾਰ, ਜਗਦੀਸ਼ ਟਾਈਟਲਰ ਅਤੇ ਧਰਮਦਾਸ ਸ਼ਾਸਤਰੀ ਵਰਗੇ ਅਜਿਹੇ ਕਈ ਨਾਮ ਸਾਹਮਣੇ ਆਏ ਜਿਨ੍ਹਾਂ ਖਿਲਾਫ਼ ਕਿੰਨੇ ਹੀ ਪੀੜਤਾਂ ਅਤੇ ਚਸ਼ਮਦੀਦਾਂ ਦੇ ਬਿਆਨ ਜਾਂਚ ਕਮਿਸ਼ਨਾਂ ਨੇ ਦਰਜ ਕਰਕੇ ਦੋਸ਼ੀਆਂ ਖਿਲਾਫ਼ ਕਾਰਵਾਈ ਦੀ ਸਿਫ਼ਾਰਿਸ਼ ਕੀਤੀ ਪਰ ਇਨ੍ਹਾਂ ਬਾਹੂਬਲੀਆਂ ਨੇ ਆਪਣੇ ਰਾਜਨੀਤਿਕ ਦਾਬੇ ਨਾਲ ਗਵਾਹਾਂ ਨੂੰ ਡਰਾਉਣ ਅਤੇ ਖ਼ਰੀਦਣ ਦੀਆਂ ਕੁਚਾਲਾਂ ਦੇ ਨਾਲ-ਨਾਲ ਸੀਬੀਆਈ ਨੂੰ ਵੀ ਕਠਪੁਤਲੀ ਵਾਂਗ ਵਰਤਿਆ। ਇਸ ਦੌਰਾਨ ਕਈ ਅਹਿਮ ਗਵਾਹ ਆਪਣੀ ਜਾਨ ਦੇ ਖ਼ਤਰੇ ਨੂੰ ਭਾਂਪਦੇ ਹੋਏ ਦਿੱਲੀ ਛੱਡ ਕੇ ਪੰਜਾਬ ਜਾ ਵਿਦੇਸ਼ਾਂ ਵਿੱਚ ਜਾ ਵੱਸੇ। ਗਵਾਹਾਂ ਦੇ ਲਾਪਤਾ ਹੋਣ ਅਤੇ ਗਵਾਹੀ ਤੋਂ ਮੁੱਕਰਨ ਦਾ ਬਹਾਨਾ ਲਾ ਕੇ ਸੀਬੀਆਈ ਜਗਦੀਸ਼ ਟਾਈਟਲਰ ਖ਼ਿਲਾਫ਼ ਦਰਜ ਕੇਸ ਦੀ ਦੋ ਵਾਰ ਕਲੋਜ਼ਰ ਰਿਪੋਰਟ ਪੇਸ਼ ਕਰ ਚੁੱਕੀ ਹੈ। 2005 ਵਿੱਚ ਨਾਨਾਵਟੀ ਕਮਿਸ਼ਨ ਨੇ ਆਪਣੀ ਜਾਂਚ ਵਿੱਚ ਪਹਿਲੀ ਨਵੰਬਰ ਨੂੰ ਪੁਲਬੰਗਸ਼ ਗੁਰਦੁਆਰੇ ਕੋਲ ਟਾਈਟਲਰ ਦੇ ਭੜਕਾਊ ਭਾਸ਼ਣ ਤੋਂ ਬਾਅਦ ਤਿੰਨ ਸਿੱਖਾਂ ਦੀ ਹੱਤਿਆ ਦੇ ਦੋਸ਼ ਵਜੋਂ ਟਾਈਟਲਰ 'ਤੇ ਕੇਸ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ। ਸੀਬੀਆਈ ਨੇ ਟਾਈਟਲਰ ਖ਼ਿਲਾਫ਼ ਐਫਆਈਆਰ ਦਰਜ ਕਰਨ ਉਪ੍ਰੰਤ ਜਾਂਚ ਵਜੋਂ ਮੁੱਖ ਗਵਾਹ ਜਸਵੀਰ ਸਿੰਘ ਦੇ ਲਾਪਤਾ ਹੋਣ ਦੇ ਬਹਾਨੇ 2007 ਵਿੱਚ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ। ਕੋਰਟ ਨੇ ਸੀਬੀਆਈ ਦੀ ਅਰਜ਼ੀ ਖ਼ਾਰਜ ਕਰਦੇ ਹੋਏ ਮੁੜ ਜਾਂਚ ਦੇ ਨਿਰਦੇਸ਼ ਦਿੱਤੇ। ਕੈਲੀਫੋਰਨੀਆ ਤੋਂ ਜਸਵੀਰ ਸਿੰਘ ਨੂੰ ਲੱਭ ਕੇ ਛੇ ਗਵਾਹਾਂ ਦੇ ਬਿਆਨ ਦਰਜ ਕੀਤੇ ਗਏ। ਕਈ ਅਹਿਮ ਗਵਾਹਾਂ ਦੇ ਮੁੱਕਰਨ ਦੇ ਆਧਾਰ 'ਤੇ ਸੀਬੀਆਈ ਨੇ 2009 ਵਿੱਚ ਮੁੜ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ। ਟਾਈਟਲਰ ਦੇ ਹੀ ਕੇਸ ਵਿੱਚ ਸੀਬੀਆਈ ਅੱਗੇ ਹਥਿਆਰ ਕਾਰੋਬਾਰੀ ਅਭਿਸ਼ੇਕ ਵਰਮਾ ਨੇ ਇਕਬਾਲ ਕੀਤਾ ਕਿ ਟਾਈਟਲਰ ਖ਼ਿਲਾਫ਼ ਗਵਾਹਾਂ ਨੂੰ ਖ਼ਰੀਦਣ ਲਈ ਉਸ ਨੇ ਵਿਚੋਲਗੀ ਕੀਤੀ ਸੀ ਜਿਸ ਵਜੋਂ ਕੈਨੇਡਾ ਜਾ ਵੱਸੇ ਇਕ ਚਸ਼ਮਦੀਦ ਗਵਾਹ ਨੂੰ ਇੱਕ ਕਰੋੜ ਰੁਪਏ ਤੇ ਦੂਜੇ ਗਵਾਹ ਉਸ ਦੇ ਬੇਟੇ ਨੂੰ ਪੰਜਾਹ ਹਜ਼ਾਰ ਡਾਲਰ ਦਿੱਤੇ ਗਏ। ਇਹ ਮਾਮਲਾ ਵੀ ਹਾਲੇ ਜਾਂਚ ਅਧੀਨ ਹੈ।

ਪੱਤਰਕਾਰ ਰਾਹੁਲ ਬੇਦੀ ਦਿੱਲੀ ਦੇ ਉਨ੍ਹਾਂ ਤਿੰਨ ਪੱਤਰਕਾਰਾਂ ਵਿਚੋਂ ਇੱਕ ਸੀ ਜਿਨ੍ਹਾਂ ਨੇ ਦਿੱਲੀ ਦੰਗਿਆਂ ਦੀ ਅੱਖੀਂ ਦੇਖੀ ਰਿਪੋਰਟਿੰਗ ਕਰਕੇ 'ਦੋਸ਼ੀ ਕੌਣ' ਨਾਮ ਦੀ ਜਾਰੀ ਰਿਪੋਰਟ ਰਾਹੀਂ ਵਿਸਥਾਰ ਨਾਲ ਘਟਨਾਵਾਂ, ਕਤਲੇਆਮ ਵਿੱਚ ਸ਼ਾਮਲ ਰਾਜਨੇਤਾਵਾਂ, ਦੰਗਈਆਂ ਅਤੇ ਪੁਲੀਸ ਦੀ ਸੂਚੀ ਜਾਰੀ ਕੀਤੀ ਸੀ। ਇਸ ਅਹਿਮ ਦਸਤਾਵੇਜ਼ ਵਿੱਚ ਦਰਜ ਵੇਰਵਿਆਂ ਨੂੰ ਜਾਚਣ ਦੀ ਬਜਾਏ ਰਾਜੀਵ ਸਰਕਾਰ ਵਲੋਂ ਰਿਪੋਰਟ ਦੀਆਂ ਕਾਪੀਆਂ ਜ਼ਬਤ ਕਰ ਲਈਆਂ ਗਈਆਂ।

ਪਾਲਮ ਦੇ ਰਾਜਨਗਰ ਦੀ ਨਿਰਪ੍ਰੀਤ ਕੌਰ ਦੇ ਪਿਤਾ ਨਿਰਮਲ ਸਿੰਘ, ਜੋ ਸਵੈ ਰੱਖਿਆ ਲਈ ਦੰਗਕਾਰੀਆਂ ਦਾ ਮੁਕਾਬਲਾ ਕਰ ਰਹੇ ਸਨ, ਨੂੰ ਤਤਕਾਲੀ ਸਥਾਨਕ ਪੁਲੀਸ ਅਧਿਕਾਰੀ ਕੌਸ਼ਿਕ ਨੇ ਸਮਝੌਤੇ ਦੇ ਬਹਾਨੇ ਬਾਹਰ ਬੁਲਾ ਕੇ ਖ਼ੁਦ ਦੰਗਾਈਆਂ ਨੂੰ ਅੱਗ ਲਾਉਣ ਲਈ ਮਾਚਿਸ ਦਿੱਤੀ। ਨਿਰਮਲ ਸਿੰਘ ਨੂੰ ਪਰਿਵਾਰ ਸਾਹਮਣੇ ਜਿਉਂਦੇ ਸਾੜ ਦਿੱਤਾ ਗਿਆ। ਨਿਰਪ੍ਰੀਤ ਕੌਰ ਨੇ ਕੋਰਟ ਵਿੱਚ ਸਜੱਣ ਕੁਮਾਰ ਖਿਲਾਫ ਗਵਾਹੀ ਦਿੱਤੀ। ਸੱਜਣ ਕੁਮਾਰ ਸਮੇਤ ਛੇ ਲੋਕਾਂ 'ਤੇ ਕੈਂਟ ਏਰੀਆ ਵਿੱਚ ਪੰਜ ਸਿੱਖਾ ਦੀ ਹੱਤਿਆ ਦਾ ਮਾਮਲਾ ਦਰਜ ਹੋਇਆ। ਟ੍ਰਾਇਲ ਕੋਰਟ ਨੇ ਪੰਜ ਨੂੰ ਦੋਸ਼ੀ ਮੰਨਦੇ ਹੋਏ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ। ਆਹੂਜਾ ਕਮੇਟੀ ਅਨੁਸਾਰ ਛਾਉਣੀ ਦੇ ਇਲਾਕੇ ਰਾਜਨਗਰ, ਸਾਗਰਪੁਰ, ਮਹਾਵੀਰ ਐਨਕਲੇਵ ਅਤੇ ਦਵਾਰਕਾ ਪੁਰੀ ਵਿੱਚ 341 ਸਿੱਖ ਮਾਰੇ ਗਏ, ਜਦੋਂਕਿ ਪੁਲੀਸ ਨੇ ਸਿਰਫ ਪੰਜ ਐਫਆਈਆਰਜ਼ ਦਰਜ ਕੀਤੀਆਂ। ਦਰਅਸਲ, ਇਸ ਕਤਲੇਆਮ ਦੌਰਾਨ ਤੇ ਬਾਅਦ ਵਿੱਚ ਜਾਂਚ ਦੇ ਨਾਮ ਉਪਰ ਐਨਾ ਕੁਝ ਵਾਪਰਿਆ ਹੈ ਕਿ ਸਾਰਾ ਇਥੇ ਲਿਖਣਾ ਸੰਭਵ ਨਹੀਂ ਹੈ।

ਮੋਦੀ ਸਰਕਾਰ ਵਲੋਂ 2015 ਵਿੱਚ ਜਾਂਚ ਲਈ ਬਣਾਈ 'ਸਿਟ', ਦਿੱਲੀ ਅਤੇ ਪੰਜਾਬ ਦੀਆਂ ਅਸੈਂਬਲੀ ਚੋਣਾਂ ਵਿੱਚ ਸਿੱਖ ਸਮੁਦਾਇ ਦਾ ਲਾਹਾ ਲੈਣ ਤੱਕ ਸੀਮਤ ਰਹਿ ਗਈ ਜਾਪਦੀ ਹੈ। ਹੁਣ ਗ੍ਰਹਿ ਮੰਤਰਾਲੇ ਵਲੋਂ ਅਦਾਲਤ ਵਿੱਚ ਦਰਜ ਕਰਾਏ ਹਲਫ਼ਨਾਮੇ ਵਿੱਚ ਸਬੂਤਾਂ ਦੇ ਨਸ਼ਟ ਹੋਣ ਅਤੇ ਉਪਲਬੱਧ ਕਰਾਉਣ ਪ੍ਰਤੀ ਅਸਮਰੱਥਾ ਜਤਾਉਣਾ ਦੁਖਦਾਈ ਹੈ। ਸੀਬੀਆਈ ਪਹਿਲਾਂ ਹੀ ਜਨਕਪੁਰੀ ਦੰਗਿਆਂ ਵਿੱਚ ਸੱਜਣ ਕੁਮਾਰ ਨੂੰ ਸਬੂਤਾਂ ਦੀ ਘਾਟ ਦਾ ਤੋਹਫਾ ਦੇ ਚੁੱਕੀ ਹੈ। ਸੀਬੀਆਈ ਵਲੋਂ ਸਬੂਤਾਂ ਦੀ ਘਾਟ ਬਹਾਨੇ ਬੰਦ ਕੀਤੇ 293 ਕੇਸਾਂ ਉਤੇ ਅਦਾਲਤ ਨੇ ਸਖ਼ਤ ਨਾਰਾਜ਼ਗੀ ਜਤਾਉਂਦੇ ਹੋਏ 199 ਕੇਸ ਮੁੜ ਖੋਲ੍ਹਣ ਦੇ ਨਿਰਦੇਸ਼ ਦਿੱਤੇ ਹਨ। ਅਭਿਸ਼ੇਕ ਵਰਮਾ ਵਲੋਂ ਜਗਦੀਸ਼ ਟਾਈਟਲਰ ਖ਼ਿਲਾਫ਼ ਚਸ਼ਮਦੀਦਾਂ ਨੂੰ ਗਵਾਹੀਆਂ ਤੋਂ ਮੁਕਰਨ ਲਈ ਕਰੋੜਾਂ ਰੁਪਏ ਦੇਣ ਦਾ ਕਬੂਲਨਾਮਾ ਬਾਹੂਬਲੀਆਂ ਅੱਗੇ ਨਿਆਂ ਪ੍ਰਕਿਰਿਆ ਦੇ ਵਿਕਲਾਂਗ ਹੋਣ ਦਾ ਪ੍ਰਤੱਖ ਸਬੂਤ ਹੈ। ਜੇ ਸਾਡੇ ਦੇਸ਼ ਦੀ ਜਾਂਚ ਅਤੇ ਨਿਆਂ ਪ੍ਰਣਾਲੀ ਗੁੰਮਨਾਮ ਚਿੱਠੀ ਦੀ ਪੜਤਾਲ ਕਰਕੇ ਦੋਸ਼ੀ ਨੂੰ ਸਜ਼ਾ ਦੇਣ ਦੀ ਕਾਬਲੀਅਤ ਅਤੇ ਸਮਰੱਥਾ ਰੱਖਦੀ ਹੈ ਤਾਂ ਹਜ਼ਾਰਾਂ ਬੇਦੋਸ਼ਿਆਂ ਦੀ ਕਤਲੋਗਾਰਤ ਦੇ ਪੀੜਤਾਂ ਤੇ ਚਸ਼ਮਦੀਦਾਂ ਨੂੰ ਕਿਸ ਮਜਬੂਰੀ ਕਾਰਨ ਵਿਸਾਰ ਦਿੱਤਾ ਗਿਆ ਹੈ ? ਤਵਾਰੀਖ਼ ਇਹ ਸੁਆਲ ਕਰਦੀ ਹੀ ਰਹੇਗੀ।

---

# ਸਾਕਾ ਪੰਜਾ ਸਾਹਿਬ

**ਪ੍ਰਮਿੰਦਰ ਸਿੰਘ ਪ੍ਰਵਾਨਾ**
(ਫੋਨ: 510-781-0487)

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਪਿਆਰ ਸੇਵਾ ਅਤੇ 'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਸੁਨੇਹਾ ਮਨੁੱਖਤਾ ਨੂੰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਰਧਾਲੂਆਂ ਨੂੰ ਜਾਤ ਪਾਤ ਤੋਂ ਉਪਰ ਉੱਠ ਕੇ ਜੁਅਤੇ ਅਨਿਆ ਦੇ ਵਿਰੁੱਧ ਕੁਰਬਾਨੀ ਅਤੇ ਸੇਵਾ ਦੀ ਭਾਵਨਾ ਦੀ ਜਾਂਚ ਸਿਖਾਈ। ਇਨ੍ਹਾਂ ਉਪਦੇਸ਼ਾਂ ਤੇ ਚਲਦੇ ਹੋਏ ਬਹੁਤ ਸਾਰੇ ਦੂਸਰੇ ਧਰਮਾਂ ਦੇ ਲੋਕ ਵੀ ਸਿੱਖ ਧਰਮ ਵਿਚ ਸ਼ਾਮਲ ਹੋਣ ਲੱਗ ਪਏ। ਸਿੱਖ ਧਰਮ ਦੀ ਇਸ ਲੋਕ ਪ੍ਰੀਅਤਾ ਨੂੰ ਵੇਖ ਕੇ ਮੁਗਲ ਹਾਕਮਾਂ ਨੇ ਜਬਰੀ ਧਰਮ ਪ੍ਰੀਵਰਤਨ ਹੇਠ ਜੁਲਮ ਢਾਹੇ। ਸਿੱਖਾਂ ਦਾ ਖੁਰਾ ਖੋਜ਼ ਮਿਟਾਉਣ ਦੀਆਂ ਕਸਮਾਂ ਖਾਧੀਆਂ ਜਾਂਦੀਆਂ। ਸਮੇਂ ਦੀ ਇਸ ਕ੍ਰੋਪੀ ਤੋਂ ਬਚਣ ਲਈ ਸਿੰਘ ਸੁਰੱਖਿਅਤ ਥਾਵਾਂ ਪਹਾੜਾਂ ਅਤੇ ਜੰਗਲਾਂ ਵੱਲ ਚਲੇ ਗਏ। ਗੁਰਧਾਮਾਂ ਦੀ ਸੇਵਾ ਸੰਭਾਲ ਉਦਾਸੀ ਸਿੱਖਾਂ ਅਤੇ ਸਹਿਜਧਾਰੀ ਸਿੱਖਾਂ ਨੇ ਸੰਭਾਲੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਡੋਗਰਿਆ ਨੇ ਗੁਰਦੁਆਰਾ ਪ੍ਰਬੰਧ ਵਿਗਾੜ ਕੇ ਰੱਖ ਦਿੱਤਾ। ਫਿਰ ਅੰਗਰੇਜੀ ਰਾਜ ਵਿਚ ਅੰਗਰੇਜਾਂ ਨੇ ਇਸਾਈ ਕੇਂਦਰ ਖੋਲ੍ਹਣੇ ਸ਼ੁਰੂ ਕਰ ਦਿੱਤੇ ਤਾਂ ਜੋ ਲੋਕ ਈਸਾਈ ਹੋ ਜਾਣ ਅਤੇ ਵਿਦਰੋਹ ਖ਼ਤਮ ਹੋ ਜਾਵੇ। ਇਸ ਨਾਲ ਕੁਝ ਸਿੱਖ ਨੌਜੁਆਨ ਵੀ ਈਸਾਈ ਧਰਮ ਵਿਚ ਜਾਣ ਲਈ ਤਿਆਰ ਹੋ ਗਏ, ਜਿਨ੍ਹਾਂ ਨੂੰ ਬੜਾ ਸਮਝਾ ਕੇ ਰੋਕ ਲਿਆ ਗਿਆ।

ਅੰਗਰੇਜ਼ੀ ਰਾਜ ਵਿਚ ਗੁਰਦੁਆਰੇ ਸਰਕਾਰ ਦੇ ਹੱਥਾਂ ਵਿਚ ਚਲੇ ਗਏ। ਉਨ੍ਹਾਂ ਨੇ ਮਹੰਤਾਂ ਨੂੰ ਸ਼ਹਿ ਦੇ ਕੇ ਗੁਰਦੁਆਰਿਆਂ ਨੂੰ ਉਨ੍ਹਾਂ ਦੀ ਨਿੱਜੀ ਜਾਇਦਾਦ ਬਣਾ ਦਿੱਤਾ। ਉਹ ਆਪਣੀਆਂ ਹੀ ਦੁਕਾਨਾਂ ਚਲਾਉਣ ਲੱਗੇ। ਉਨ੍ਹਾਂ ਨੇ ਮਨ ਮਰਜੀ ਨਾਲ ਐਸ਼ ਦੇ ਅੱਡੇ ਬਣਾ ਲਏ। ਸਿਗਰਟ, ਤੰਬਾਕੂ, ਨਸ਼ੇ ਦੀ ਖੁਲ੍ਹੇਆਮ ਵਰਤੋਂ ਹੋਣ ਲੱਗੀ। ਨਾਚ ਗਾਉਣਾ ਚਲਣ ਲੱਗਾ, ਔਰਤਾਂ ਦੀ ਬੇਪਤੀ ਦੀਆਂ ਖ਼ਬਰਾਂ ਆਉਣ ਲੱਗੀਆਂ। ਪ੍ਰਚਲਤ ਕੁਰੀਤੀਆਂ ਦਾ ਬੋਲ ਬਾਲਾ ਹੋ ਗਿਆ। ਮੂਰਤੀਆਂ ਦੀ ਅਸਥਾਪਨਾ ਅਤੇ ਪੂਜਾ ਹੋਣ ਲੱਗ ਪਈ। ਗੁਰੂਆਂ ਦੀ ਮਰਯਾਦਾ ਨੂੰ ਭੰਗ ਕੀਤਾ।

ਗੁਰਦੁਆਰਾ ਸੁਧਾਰ ਲਹਿਰ ਨੇ ਸਿੱਖ ਕੌਮ ਵਿਚ ਜਾਗ੍ਰਿਤੀ ਪੈਦਾ ਕੀਤੀ। ਸਿੱਖਾਂ ਵੱਲੋਂ ਗੁਰਦੁਆਰਿਆਂ ਦੀ ਮਰਯਾਦਾ ਬਹਾਲ ਕਰਨ ਲਈ ਕਈ ਮੋਰਚੇ ਲਾਉਣੇ ਪਏ ਜਿਵੇਂ:- ਗੁਰਦੁਆਰਾ ਰਕਾਬ ਗੰਜ ਦਿੱਲੀ, ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ, ਦਰਬਾਰ ਸਾਹਿਬ ਅੰਮ੍ਰਿਤਸਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ, ਤਰਨਤਾਰਨ, ਨਾਨਕਾਣਾ ਸਾਹਿਬ, ਚਾਬੀਆਂ ਦਾ ਮੋਰਚਾ, ਗੁਰੂ ਕਾ ਬਾਗ ਅਤੇ ਸਾਕਾ ਪੰਜਾ ਸਾਹਿਬ ਜਿਹੇ ਮੋਰਚੇ ਲੱਗੇ।

ਸਾਕਾ ਪੰਜਾ ਸਾਹਿਬ ਦਾ ਪਿਛੋਕੜ ਇਹ ਹੈ ਕਿ 8 ਅਗਸਤ 1922 ਨੂੰ ਜਦੋ ਮੋਰਚਾ ਗੁਰੂ ਕਾ ਬਾਗ ਲੱਗਾ ਤਾਂ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਦੇ ਕਿਲ੍ਹੇ ਗੋਬਿੰਦਗੜ੍ਹ ਵਿਚ ਰਖਿਆ ਜਾਂਦਾ ਸੀ। ਜਦੋਂ ਕੈਦੀਆਂ ਦੀ ਗਿਣਤੀ ਵੱਧਣ ਲੱਗੀ ਤਾਂ ਉਨ੍ਹਾਂ ਨੂੰ ਦੂਸਰੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਜਾਂਦਾ ਸੀ। 29 ਅਕਤੂਬਰ 1922 ਨੂੰ ਕੈਦੀ ਸਿੰਘਾਂ ਦੀ ਇਕ ਗੱਡੀ ਅੰਮ੍ਰਿਤਸਰ ਤੋਂ ਅਟਕ ਕਿਲ੍ਹੇ ਪੱਛਮੀ ਪੰਜਾਬ ਵੱਲ ਭੇਜੀ ਗਈ। ਗੁਰਦੁਆਰਾ ਪੰਜਾ ਸਾਹਿਬ ਦੀ ਸੰਗਤ ਨੇ ਕੈਦੀ ਸਿੰਘਾਂ ਨੂੰ ਰੇਲਵੇ ਸਟੇਸ਼ਨ ਹਸਨ ਅਬਦਾਲ ਪਾਕਿਸਤਾਨ ਵਿਚ ਰੋਕ ਕੇ ਗੁਰੂ ਕਾ ਲੰਗਰ ਛਕਾਉਣ ਦਾ ਮਨ ਬਣਾਇਆ। ਇਸ ਰੇਲ ਗੱਡੀ ਨੂੰ ਇਸ ਸਟੇਸ਼ਨ ਤੇ ਰੁਕਣ ਦਾ ਹੁਕਮ ਨਹੀਂ ਸੀ। ਇਹ ਸਮਾਂ ਸਵੇਰ 10 ਵਜੇ ਦਾ ਸੀ। ਰੇਲ ਘਰ ਅਧਿਕਾਰੀ ਨੇ ਦਸਿਆ ਕਿ ਰੇਲ ਗੱਡੀ ਰੋਕੀ ਨਹੀਂ ਜਾ ਸਕਦੀ। ਸੰਗਤ ਲੰਗਰ ਛਕਾਉਣ ਲਈ ਤਿਆਰ ਸੀ। ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਰੇਲ ਪਟੜੀ ਤੇ ਧਰਨਾ ਮਾਰ ਕੇ ਬੈਠ ਗਏ। ਹੋਰ ਸੰਗਤ ਵੀ ਨਾਲ ਹੀ ਧਰਨੇ ਤੇ ਬੈਠ ਗਈ। ਰੇਲੀ ਗੱਡੀ ਆ ਪਹੁੰਚੀ ਤੇ ਚਿਤਾਵਨੀ ਅਤੇ ਚੁਕੰਨਾ ਕਰਨ ਲਈ ਭੋਂਪੂ ਵਜਾਇਆ। ਪਰ ਸੰਗਤ ਆਪਣੇ ਨਿਸਚੈ ਤੋਂ ਨਹੀਂ ਥਿੜਕੀ ਅਤੇ ਧਰਨੇ ਤੇ ਬੈਠੀ ਰਹੀ। ਗੱਡੀ ਤਾ ਰੁਕ ਗਈ ਪਰ ਉਸ ਦੀ ਫੇਟ ਵਿਚ 11 ਸਿੰਘ ਜ਼ਖ਼ਮੀ ਹੋ ਗਏ। ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਪਰ ਉਨ੍ਹਾਂ ਦੇ ਸੁਆਸ ਚਲ ਰਹੇ ਸਨ। ਸੰਗਤ ਨੇ ਕੈਦੀ ਸਿੰਘਾਂ ਨੂੰ ਗੁਰੂ ਕਾ ਲੰਗਰ ਬੜੀ ਸ਼ਰਧਾ ਭਾਵਨਾ ਨਾਲ ਛਕਾਇਆ। ਕੁਝ ਦੇਰ ਬਾਅਦ ਭਾਈ ਕਰਮ ਸਿੰਘ ਜੀ ਸ਼ਹੀਦੀ ਪਾ ਗਏ। ਫਿਰ ਭਾਈ ਪ੍ਰਤਾਪ ਸਿੰਘ ਜੀ ਨੇ 31 ਅਕਤੂਬਰ ਨੂੰ ਸ਼ਹੀਦੀ ਪ੍ਰਾਪਤ ਕੀਤੀ। ਹਿੰਦੂਸਤਾਨ ਦੀ ਵੰਡ ਤੋਂ ਪਹਿਲਾਂ ਅਕਤੂਬਰ ਦੇ ਅਖ਼ੀਰ ਵਿਚ ਤਿੰਨ ਦਿਨਾਂ ਸ਼ਹੀਦੀ ਜੋੜ ਮੇਲਾ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਪੰਜਾ ਸਾਹਿਬ ਦੇ ਅਸਥਾਨ ਤੇ ਲੱਗਦਾ ਸੀ। ਸਿੱਖ ਕੌਮ ਨੂੰ ਹਮੇਸ਼ਾਂ ਆਪਣੇ ਸ਼ਹੀਦਾਂ ਤੇ ਮਾਣ ਰਿਹਾ ਹੈ ਜਿਨ੍ਹਾਂ ਨੇ ਗੁਰੂਆਂ ਦੀ ਸਿੱਖਿਆ, ਬਾਣੀ ਅਤੇ ਬਾਣੇ ਦੇ ਸਤਿਕਾਰ ਵਿਚ ਸੇਵਾ ਅਤੇ ਕੁਰਬਾਨੀਆਂ ਦਿੱਤੀਆਂ ਹਨ। ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਜੀ ਦੇ ਜੀਵਨ ਤੇ ਝਾਤ ਪਾਉਂਦੇ ਹਾਂ । ਭਾਈ ਪ੍ਰਤਾਪ ਸਿੰਘ ਜੀ ਦਾ ਜਨਮ 26 ਮਾਰਚ, 1899 ਈਸਵੀ ਨੂੰ ਜ਼ਿਲ੍ਹਾ ਗੁਜਰਵਾਲ ਪਿੰਡ ਅਕਾਲਗੜ੍ਹ ਵਿਖੇ ਪਿਤਾ ਸਰੂਪ ਸਿੰਘ ਮਾਤਾ ਪ੍ਰੇਮ ਕੌਰ ਦੇ ਘਰ ਹੋਇਆ। ਉਹ ਬਚਪਨ ਤੋਂ ਹੀ ਨਾਮ ਜਪਣ, ਸੇਵਾ ਭਾਵ ਅਤੇ ਰੱਬ ਦੀ ਰਜ਼ਾ ਵਿਚ ਰਹਿਣ ਵਾਲੇ ਸਨ। ਸਿੱਖਿਆ ਪ੍ਰਾਪਤ ਕਰਨ ਤੇ ਉਹ ਸਰਗੋਧਾ ਮੰਡੀ ਭਲਵਾਲ ਵਿਖੇ ਅਧਿਆਪਕ ਨਿਯੁਕਤ ਹੋਏ। ਫਿਰ ਕਰਾਚੀ ਵਿਚ ਇਕ ਆੜ੍ਹਤੀ ਕੋਲ ਵੀ ਨੌਕਰੀ ਕੀਤੀ। ਸੰਨ 1918 ਈਸਵੀ ਵਿਚ ਉਨ੍ਹਾਂ ਦੀ ਸ਼ਾਦੀ ਬੀਬੀ ਹਰਨਾਮ ਕੌਰ ਨਾਲ ਹੋਈ। ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਪ੍ਰਭਾਵਤ ਹੋ ਕੇ ਨੌਕਰੀ ਛੱਡ ਦਿੱਤੀ। ਉਸ ਵੇਲੇ ਅਕਾਲੀ ਲਹਿਰ ਪੂਰੇ ਜ਼ੋਰਾਂ ਤੇ ਸੀ। ਆਪ ਪੱਕੇ ਅਕਾਲੀ ਬਣ ਗਏ। ਉਨ੍ਹਾਂ ਨੇ ਖੱਦਰ ਦਾ ਬਾਣਾ ਧਾਰਨ ਕਰ ਲਿਆ। ਉਨ੍ਹਾਂ ਨੇ ਗੁਰਦੁਆਰਾ ਪੰਜਾ ਸਾਹਿਬ ਵਿਖੇ ਖਜਾਨਚੀ ਦੀ ਸੇਵਾ ਨਿਭਾਈ। ਸਿੰਘਾਂ ਨੂੰ ਲੰਗਰ ਛਕਾਉਣ ਲਈ ਗੱਡੀ ਰੋਕਣ ਵਾਸਤੇ ਸਾਕਾ ਪੰਜਾ ਸਾਹਿਬ ਦੀ ਅਗਵਾਈ ਕਰਦੇ ਸ਼ਹੀਦੀ ਪ੍ਰਾਪਤ ਕੀਤੀ।

ਦੂਸਰੇ ਪ੍ਰਮੁੱਖ ਸ਼ਹੀਦ ਭਾਈ ਕਰਮ ਸਿੰਘ ਜੀ ਸਨ। ਉਨ੍ਹਾਂ ਦਾ ਜਨਮ 14 ਨਵੰਬਰ 1835ਈਸਵੀ ਨੂੰ ਤਖ਼ਤ ਕੇਸਗੜ੍ਹ ਸਾਹਿਬ ਅਨੰਦਪੁਰ ਦੇ ਗ੍ਰੰਥੀ ਭਾਈ ਭਗਵਾਨ ਸਿੰਘ ਦੇ ਘਰ ਹੋਇਆ। ਅੰਮ੍ਰਿਤ ਛੱਕਣ ਤੋਂ ਪਹਿਲਾਂ ਇਨ੍ਹਾਂ ਦਾ ਨਾਅ ਸੰਤ ਸਿੰਘ ਸੀ ਜੋ ਬਾਅਦ 'ਚ ਕਰਮ ਸਿੰਘ ਰਖਿਆ ਗਿਆ। ਉਨ੍ਹਾਂ ਨੇ ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ ਤੇ ਨਾਮਵਰ ਕੀਰਤਨੀਏ ਬਣ ਗਏ। ਸੰਨ 1922 ਵਿਚ ਆਪਣੀ ਪਤਨੀ ਨਾਲ ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨਾਂ ਨੂੰ ਗਏ। ਇਥੇ ਹੀ ਕੀਰਤਨ ਦੀ ਸੇਵਾ ਕਰਨ ਲੱਗ ਪਏ। ਸਾਕਾ ਪੰਜਾ ਸਾਹਿਬ ਦੇ ਸਾਕੇ ਵਿਚ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਰੇਲਵੇ ਪਟੜੀ ਤੇ ਧਰਨਾ ਮਾਰ ਕੇ ਬੈਠੇ ਸਨ। ਇਨ੍ਹਾਂ ਤੋਂ ਬਾਅਦ ਸੰਗਤਾਂ ਧਰਨੇ ਤੇ ਬੈਠੀਆਂ ਸਨ। ਇਹ ਦੋਵੇਂ ਸਾਕਾ ਪੰਜਾ ਸਾਹਿਬ' ਦੀ ਅਗਵਾਈ ਕਰਦਿਆਂ ਸ਼ਹੀਦੀ ਪ੍ਰਾਪਤ ਕਰ ਗਏ ਸਨ। ਅਜਿਹੇ ਸ਼ਹੀਦਾਂ ਦੀ ਕੁਰਬਾਨੀ ਨੂੰ ਸਿਜਦੇ ਵਜੋਂ ਹੇਠਲੇ ਸ਼ਬਦ ਢੁਕਵੇਂ ਹਨ:

ਐਵੇਂ ਨਹੀਂ ਸਿੰਘਾਂ ਨੇ ਸ਼ਹੀਦੀ ਜਾਮ ਪੀਤੇ
ਇਹ ਕ੍ਰਿਸ਼ਮਾ ਹੈ ਤੇਰੇ ਅੰਮ੍ਰਿਤ ਦੀ ਦਾਤ ਦਾ




# ਵਿਸ਼ਵ ਚੇਤਨਾ ਦੇ ਹਾਣੀ ਗੁਰੂ ਨਾਨਕ ਦੇਵ ਜੀ

**ਡਾ. ਮਹੀਪ ਸਿੰਘ**

ਸਾਰੇ ਸੰਸਾਰ ਵਿਚ ਵਿਸ਼ਵੀਕਰਨ ਜਾਂ ਵਿਸ਼ਵ ਚੇਤਨਾ ਦੀ ਗੱਲ ਹੋ ਰਹੀ ਹੈ। ਇਸ ਚੇਤਨਾ ਦਾ ਅਰਥ ਕੀ ਹੈ? ਇਹ ਚੇਤਨਾ ਮਨੁੱਖ ਵਲੋਂ ਬਣਾਈਆਂ ਸਾਰੀਆਂ ਹੱਦਾਂ ਨੂੰ ਤੋੜ ਕੇ ਵਿਸ਼ਵ-ਵਿਆਪੀ ਚੇਤਨਾ ਪੈਦਾ ਕਰਦੀ ਹੈ। ਇਹ ਮਨੁੱਖ ਦੇ ਸਰੋਕਾਰਾਂ ਦੇ ਦਾਇਰੇ ਦਾ ਵਿਸਥਾਰ ਕਰਦੀ ਹੈ। ਇਹ ਚੇਤਨਾ ਮਨੁੱਖ ਨੂੰ ਆਪਣੀ ਜਾਤਿ, ਧਰਮ, ਨਸਲ, ਦੇਸ਼ ਜਾਂ ਖ਼ੇਤਰੀ ਸਰੋਕਾਰਾਂ ਦੇ ਨਾਲ ਹੀ ਸੰਸਾਰਕ ਸਰੋਕਾਰਾਂ ਨਾਲ ਜੋੜ ਕੇ ਉਸ ਦੀ ਸੋਚ ਨੂੰ ਇਕ ਵਚਨੀ ਤੋਂ ਅਗਾਂਹ ਲੈ ਜਾ ਕੇ ਬਹੁਵਚਨੀ ਵਿਚਾਰ ਦਾ ਧਾਰਨੀ ਬਣਾਉਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਜਦੋਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹੋਏ ਇਹ ਕਿਹਾ:-

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

ਤਾਂ ਉਨ੍ਹਾਂ ਨੇ ਸਾਰੇ ਜਗਤ ਲਈ ਆਪਣੀ ਚਿੰਤਾ ਪ੍ਰਗਟਾਈ। ਵਿਸ਼ਵ ਚੇਤਨਾ ਲਈ ਇਹ ਬੜਾ ਜ਼ਰੂਰੀ ਹੈ ਕਿ ਮਨੁੱਖ ਕੂਪ-ਮੰਡੂਕਤਾ ਤੋਂ ਬਾਹਰ ਆਵੇ। ਉਹ ਜਿੰਨੇ ਲੋਕਾਂ ਨੂੰ ਮਿਲ ਸਕੇ, ਮਿਲੇ, ਜਿੰਨੇ ਦੇਸ਼ਾਂ, ਸੰਸਕ੍ਰਿਤੀਆਂ, ਧਰਮਾਂ, ਵਿਚਾਰਾਂ ਦੇ ਸੰਪਰਕ ਵਿਚ ਆ ਸਕੇ, ਆਏ। ਉਨ੍ਹਾਂ ਨਾਲ ਸੰਵਾਦ ਕਰੇ। ਉਨ੍ਹਾਂ ਦੇ ਵਿਚਾਰਾਂ ਨੂੰ ਸੁਣੇ ਤੇ ਆਪਣੇ ਵਿਚਾਰ ਉਨ੍ਹਾਂ ਨੂੰ ਦੱਸੇ। ਗੁਰੂ ਨਾਨਕ ਦੇਵ ਜੀ ਨੂੰ ਪੂਰੀ ਤਰਖ਼ਾਂ ਅਜਿਹੇ ਸੰਵਾਦ ਦੇ ਕਾਇਲ ਸਨ। ਇਸ ਬਾਰੇ ਉਨ੍ਹਾਂ ਆਪਣਾ ਨਿਸ਼ਚਾ ਪ੍ਰਗਟਾਉਂਦੇ ਹੋਏ ਕਿਹਾ ਸੀ:-

ਜਬ ਲਗੁ ਦੁਨੀਆ ਰਹੀਐ ਨਾਨਕ
ਕਿਛੁ ਸੁਣੀਐ ਕਿਛੁ ਕਹੀਐ॥

ਗੁਰੂ ਨਾਨਕ ਦੇਵ ਜੀ ਨੇ ਵਾਦ-ਵਿਵਾਦ ਦਾ ਰਾਹ ਛੱਡ ਕੇ ਸੰਵਾਦ ਦਾ ਰਾਹ ਅਪਨਾਇਆ। ਉਹ ਪੰਡਿਤਾਂ, ਜੋਗੀਆਂ, ਸੂਫ਼ੀਆਂ, ਭਗਤਾਂ ਅਤੇ ਹੋਰ ਵਿਚਾਰਧਾਰਾ ਦੇ ਲੋਕਾਂ ਨੂੰ ਮਿਲੇ, ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਹ ਆਮ ਲੋਕਾਂ ਨੂੰ ਮਿਲੇ, ਉਨ੍ਹਾਂ ਦਾ ਦੁੱਖ-ਦਰਦ ਸਮਝਿਆ। ਇਥੋਂ ਤੱਕ ਕਿ ਉਹ ਅਜਿਹੇ ਆਦਿਵਾਸੀ ਖ਼ੇਤਰਾਂ ਵਿਚ ਵੀ ਗਏ ਜਿਹੜੇ ਸਦੀਆਂ ਤੋਂ ਜੰਗਲਾਂ-ਪਹਾੜਾਂ ਵਿਚ ਸਨ। ਜਿਸ ਕੌਡਾ ਰਾਖਸ਼ ਨਾਲ ਗੁਰੂ ਸਾਹਿਬ ਦੇ ਮਿਲਣ ਦਾ ਜ਼ਿਕਰ ਇਤਿਹਾਸ ਵਿਚ ਆਉਂਦਾ ਹੈ, ਉਹ ਇਕ ਆਦਿਵਾਸੀ ਹੀ ਸੀ।

ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਬਾਰੇ ਬੜਾ-ਕੁਝ ਲਿਖਿਆ ਗਿਆ ਹੈ। ਇਨ੍ਹਾਂ ਉਦਾਸੀਆਂ ਵਿਚ ਉਹ ਇਸ ਦੇਸ਼ ਦੇ ਹਰ ਹਿੱਸੇ ਵਿਚ ਗਏ। ਸੁਮੇਰ ਪਰਬਤ ਵਿਚ ਜਾ ਕੇ ਸਿੱਧਾਂ ਨਾਲ ਗੋਸ਼ਟੀ ਕੀਤੀ, ਆਸਾਮ ਵਿਚ ਉਥੋਂ ਦੇ ਇਸਤਰੀ ਰਾਜ ਨੂੰ ਵੇਖਿਆ। ਜਗਨਨਾਥ ਪੁਰੀ ਪੁੱਜ ਕੇ ਉਥੇ ਦੀ ਆਰਤੀ ਦੇਖੀ ਅਤੇ ਅਜਿਹੀ ਆਰਤੀ ਗਾਈ ਜਿਹੜੀ ਵਿਸ਼ਵ ਆਰਤੀ ਸੀ। ਗੁਰੂ ਨਾਨਕ ਦੇਵ ਜੀ ਨੇ ਸਮੁੰਦਰ ਯਾਤਰਾ ਦੀ ਮਿੱਥ ਨੂੰ ਵੀ ਤੋੜ ਦਿੱਤਾ। ਉਹ ਲੰਕਾ ਵੀ ਗਏ ਅਤੇ ਮੱਕਾ ਮਦੀਨਾ, ਬਗਦਾਦ ਵੀ ਗਏ। ਉਹ ਕਾਜੀਆਂ ਨੂੰ ਮਿਲੇ ਅਤੇ ਉਨ੍ਹਾਂ ਨਾਲ ਸੰਵਾਦ ਕੀਤਾ। ਉਨ੍ਹਾਂ ਦੀ ਵਿਸ਼ਵ ਦ੍ਰਿਸ਼ਟੀ ਦਾ ਹੀ ਇਹ ਉਪਰਾਲਾ ਸੀ ਕਿ ਇਕ ਪਾਸੇ ਪਾਕਪਟਨ (ਮੁਲਤਾਨ) ਜਾ ਕੇ ਉਹ ਸ਼ੇਖ਼ ਬਾਬਾ ਫ਼ਰੀਦ ਦੇ ਜਾਨਸ਼ੀਨਾਂ ਕੋਲੋਂ ਬਾਬਾ ਫ਼ਰੀਦ ਦੀ ਬਾਣੀ ਨੂੰ ਲੈ ਕੇ ਆਏ, ਦੂਜੇ ਪਾਸੇ ਪੂਰਬੀ ਬੰਗਾਲ ਦੇ ਬਾਰਖ਼ਵੀਂ ਸਦੀ ਦੇ ਸੰਤ ਜੈ ਦੇਵ ਦੇ ਉਤਰਾਧਿਕਾਰੀਆਂ ਕੋਲੋਂ ਉਨ੍ਹਾਂ ਦੇ ਕੁਝ ਸ਼ਬਦ ਲਿਖ ਲਿਆਏ। ਆਪਣੀ ਮਹਾਰਾਸ਼ਟਰ ਦੀ ਉਦਾਸੀ ਵੇਲੇ ਉਨ੍ਹਾਂ ਭਗਤ ਨਾਮਦੇਵ, ਤਿਰਲੋਚਨ ਅਤੇ ਪਰਮਾਨੰਦ ਦੇ ਵੰਸ਼ਿਜਾਂ ਕੋਲੋਂ ਉਨ੍ਹਾਂ ਦੀ ਕੁਝ ਬਾਣੀ ਇਕੱਤਰ ਕੀਤੀ ਅਤੇ ਰਾਜਸਥਾਨ ਵਿਚ ਧੰਨੇ ਭਗਤ ਨੂੰ ਮਿਲੇ। ਆਦਿ ਗ੍ਰੰਥ ਸਾਹਿਬ ਦੀ ਸਿਰਜਣਾ ਹੀ ਗੁਰੂ ਨਾਨਕ ਦੇਵ ਅਤੇ ਸਾਰੇ ਗੁਰਮਤਿ ਦੇ ਬਹੁਵਚਨੀ ਚਿੰਤਨ ਦਾ ਪ੍ਰਤੀਕ ਹੈ।

ਸਾਰਾ ਮਨੁੱਖੀ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਧਰਮਾਂ ਵਿਚ ਆਪਣੀ ਉੱਘੀ ਥਾਂ ਰੱਖਣ ਵਾਲਾ ਪੁਜਾਰੀ, ਪ੍ਰੋਹਿਤ, ਮੁੱਲਾਂ, ਪਾਦਰੀ ਆਪਣੇ ਸਵਾਰਥਾਂ ਦੀ ਪੂਰਤੀ ਲਈ ਨਾ ਸਿਰਫ਼ ਸਮਾਜ ਵਿਚ ਵੰਡੀਆਂ ਪਾਉਂਦਾ ਹੈ, ਸਗੋਂ ਮਨੁੱਖ ਦੀ ਸੋਚ ਨੂੰ ਛੋਟਾ ਬਣਾ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਅਜਿਹੇ ਪ੍ਰੋਹਿਤਾਂ ਤੋਂ ਮੁਕਤੀ ਦਵਾਈ। ਉਨ੍ਹਾਂ ਨੇ ਕਿਹਾ:

ਪੰਡਿਤ ਪੜਿ ਨ ਪਹੁਚਈ ਬਹੁ ਆਲ ਜੰਜਾਲਾ॥
ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮ ਕਾਲਾ॥

ਇਸੇ ਤਰ੍ਹਾਂ ਜਿਹੜੇ ਬੰਦੇ ਜਾਤ-ਪਾਤ ਦੇ ਅਭਿਆਨ ਵਿਚ ਰਹਿੰਦੇ ਹਨ ਉਹ ਸਰਬ ਵਿਆਪੀ ਪ੍ਰਮਾਤਮਾ ਦੀ ਛੋਹ ਤੋਂ ਵਾਂਝੇ ਰਹਿ ਜਾਂਦੇ ਹਨ। ਉਨਖ਼ਾਂ ਨੂੰ ਸਾਰੇ ਵਿਸ਼ਵ ਨੂੰ ਚੇਤਨ ਕਰਨ ਵਾਲੀ ਜੋਤ ਨੂੰ ਪਛਾਨਣਾ ਚਾਹੀਦਾ ਹੈ ਨਾ ਕਿ ਜਾਤਿ ਨੂੰ:-

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥

ਅਜਿਹੀ ਜੋਤਿ ਸਾਰੇ ਸੰਸਾਰ ਦੇ ਮਨੁੱਖਾਂ ਵਿਚ ਇਕੋ ਜਿਹੀ ਵਿਚਰ ਰਹੀ ਹੈ। ਉਸ ਦੇ ਚਾਨਣ ਨਾਲ ਚਹੁੰ ਪਾਸੇ ਚਾਨਣ ਬਿਖਰਿਆ ਹੋਇਆ ਹੈ:-

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

ਵਿਸ਼ਵ ਚੇਤਨਾ ਨਾਲ ਡੂੰਘਾ ਸਰੋਕਾਰ ਮਹਿਸੂਸ ਕਰਨ ਵਾਲਾ ਵਿਅਕਤੀ ਉਨ੍ਹਾਂ ਨਾਲ ਆਪਣੀ ਸਾਂਝ ਪਾਉਂਦਾ ਹੈ, ਜਿਹੜੇ ਧੁਤਕਾਰੇ ਹੋਏ ਹਨ, ਜਿਨ੍ਹਾਂ ਨੂੰ ਨੀਚ ਸਮਝਿਆ ਜਾਂਦਾ ਹੈ, ਜਿਹੜੇ ਕੁਝ ਤਾਕਤਵਰ ਲੋਕਾਂ ਦੇ ਜ਼ੁਲਮ ਦੇ ਸਤਾਏ ਹੋਏ ਹਨ, ਗੁਰੂ ਨਾਨਕ ਦੇਵ ਜੀ ਨੇ ਕਿਹਾ, ਮੈਂ ਅਜਿਹੇ ਲੋਕਾਂ ਦੇ ਨਾਲ ਖੜ੍ਹਾ ਹਾਂ।

ਵਿਸ਼ਵ ਚੇਤਨਾ ਨਾਲ ਭਰਿਆ ਹੋਇਆ ਕੋਈ ਵਿਅਕਤੀ ਵਿਤਕਰੇ ਜਾਂ ਭੇਦ ਭਾਵ ਨੂੰ ਸਵੀਕਾਰ ਨਹੀਂ ਕਰਦਾ। ਉਹ ਮੰਨਦਾ ਹੈ ਕਿ ਸਾਰੇ ਸੰਸਾਰ ਦੇ ਲੋਕੀਂ ਇਕੋ ਪ੍ਰਮਾਤਮਾ ਦੀ ਸੰਤਾਨ ਹਨ, ਭਾਵੇਂ ਉਹ ਗੋਰੇ ਹਨ, ਭੂਰੇ ਹਨ ਜਾਂ ਕਾਲੇ ਹਨ। ਭਾਵੇਂ ਉਨ੍ਹਾਂ ਦਾ ਜਨਮ ਉੱਚਾ ਸਮਝੇ ਜਾਣ ਵਾਲੇ ਖਾਨਦਾਨ ਵਿਚ ਹੋਇਆ ਹੈ ਜਾਂ ਜੰਗਲਾਂ ਵਿਚ ਵਸਣ ਵਾਲੇ ਕਬੀਲਿਆਂ ਵਿਚ। ਆਪਣੇ ਵੇਲੇ ਦੇ ਜੋਗੀਆਂ ਨੂੰ ਤਾੜਨਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸਿਰਫ਼ ਗੱਲਾਂ ਕਰਨ ਨਾਲ ਹੀ ਕੋਈ ਜੋਗੀ ਨਹੀਂ ਬਣ ਜਾਂਦਾ। ਜਿਹੜਾ ਬੰਦਾ ਸਾਰੇ ਸੰਸਾਰ ਦੇ ਲੋਕਾਂ ਨੂੰ, ਬਿਨਾਂ ਕਿਸੇ ਵਿਤਕਰੇ ਤੋਂ ਇਕੋ ਦ੍ਰਿਸ਼ਟੀ ਨਾਲ ਵੇਖਦਾ ਹੈ, ਅਸਲੀ ਜੋਗੀ ਉਸੇ ਨੂੰ ਕਹਿਣਾ ਚਾਹੀਦਾ ਹੈ:-

ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ॥

ਸੰਸਾਰ ਦੀ ਰਚਨਾ ਵਿਚ ਕੁਦਰਤ ਦੀ ਭੂਮਿਕਾ ਬੜੀ ਅਹਿਮ ਹੈ। ਗੁਰੂ ਨਾਨਕ ਦੇਵ ਜੀ ਮੰਨਦੇ ਹਨ ਕਿ ਪ੍ਰਮਾਤਮਾ ਆਪ ਕੁਦਰਤ ਵਿਚ ਵਸਦਾ ਹੈ:-

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥

ਅਜਿਹੀ ਕੁਦਰਤ ਕਿਸੇ ਇਕ ਦੇਸ਼ ਜਾਂ ਇਲਾਕੇ ਦੀ ਵਿਰਾਸਤ ਨਹੀਂ। ਉਹ ਤਾਂ ਵਿਸ਼ਵ ਵਿਆਪੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:-

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥

ਗੁਰੂ ਨਾਨਕ ਦੇਵ ਜੀ ਦੀ ਵਿਸ਼ਵ ਦ੍ਰਿਸ਼ਟੀ ਦੇ ਸੰਦਰਭ ਵਿਚ ਇਕ ਗੱਲ ਹੋਰ ਧਿਆਨ ਦੇਣ ਵਾਲੀ ਹੈ। ਗੁਰੂ ਸਾਹਿਬ ਦਾ ਡੂੰਘਾ ਸਰੋਕਾਰ ਉਸ ਖ਼ੇਤਰ ਲਈ ਵੀ ਸੀ, ਜਿਥੇ ਉਹ ਵਸਦੇ ਸਨ, ਉਨ੍ਹਾਂ ਲੋਕਾਂ ਲਈ ਵੀ ਸੀ, ਜਿਨ੍ਹਾਂ ਵਿਚ ਉਹ ਵਿਚਰਦੇ ਸਨ।

ਉਨ੍ਹਾਂ ਦੇ ਸਰੋਕਾਰ ਵਿਚ ਸਾਰਾ ਹਿੰਦੁਸਤਾਨ ਆਉਂਦਾ ਸੀ ਅਤੇ ਸਾਰੇ ਹਿੰਦੁਸਤਾਨੀ ਆਉਂਦੇ ਸਨ। ਬਾਬਰ ਦੇ ਸਿਪਾਹੀਆਂ ਨੇ ਜਦੋਂ ਇਸ ਧਰਤੀ 'ਤੇ ਹਮਲਾ ਕੀਤਾ ਅਤੇ ਉਸ ਦੇ ਸਿਪਾਹੀਆਂ ਨੇ ਲੋਕਾਂ ਉਤੇ ਅੰਤਾਂ ਦੇ ਜ਼ੁਲਮ ਕੀਤੇ ਤਾਂ ਉਨ੍ਹਾਂ ਦੀ ਆਤਮਾ ਚੀਕ ਉਠੀ।

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥

ਗੁਰੂ ਨਾਨਕ ਦੇਵ ਜੀ ਨੇ ਬਾਬਰਵਾਣੀ ਵਿਚ ਜਿਨ੍ਹਾਂ ਆਮ ਲੋਕਾਂ ਦੇ ਦੁੱਖ-ਦਰਦ ਨੂੰ ਚਿਤਰਿਆ ਉਸ ਵਿਚ ਹਿੰਦੂ ਵੀ ਸਨ ਤੇ ਮੁਸਲਮਾਨ ਵੀ, ਹਿੰਦੂਆਣੀਆਂ ਵੀ ਸਨ ਤੇ ਮੁਸਲਮਾਨਣੀਆਂ ਵੀ। ਲੋਕਾਂ ਨੂੰ ਜ਼ਾਲਮਾਂ ਹੱਥੋਂ ਇੰਨੀ ਮਾਰ ਪੈ ਰਹੀ ਸੀ ਕਿ ਸਾਰੇ ਕੁਰਲਾ ਰਹੇ ਸਨ। ਮੱਧਯੁੱਗ ਵਿਚ ਅਜਿਹੀ ਦ੍ਰਿਸ਼ਟੀ ਤੇ ਅਜਿਹਾ ਸਰੋਕਾਰ ਲੈ ਕੇ ਕਿਸੇ ਨੇ ਆਪਣਾ ਰੋਸ ਪ੍ਰਗਟਾਇਆ ਹੋਵੇ, ਨਜ਼ਰ ਨਹੀਂ ਆਉਂਦਾ।

ੴ ਸਤਿਗੁਰ ਪ੍ਰਸਾਦਿ ॥
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥



# ਹੌਲੀਵੁੱਡ ਸਿੱਖ ਟੈਂਪਲ

## ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 548ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਸਮਾਗਮ

**18 ਨਵੰਬਰ, 2017, ਸ਼ਨਿੱਚਰਵਾਰ**
**ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ**

**ਸਥਾਨ: ਫਰੈਂਡਸ਼ਿਪ ਆਡੀਟੋਰੀਅਮ,**
**3201 ਰਿਵਰਸਾਈਡ ਡਰਾਈਵ,**
**ਲਾਸ ਏਂਜਲਸ, ਕੈਲੀਫੋਰਨੀਆ 90027**



## ਭਾਈ ਇੰਦਰਜੀਤ ਸਿੰਘ ਜੀ

*ਸ੍ਰੀ ਦਰਬਾਰ ਸਾਹਿਬ ਵਾਲੇ ਅਤੇ ਹੋਰ*



ਹਜੂਰੀ ਰਾਗੀ ਜਥਾ ਭਾਈ ਅਜੀਤ ਸਿੰਘ ਜੀ ਅਤੇ ਭਾਈ ਮਨਜੀਤ ਸਿੰਘ ਜੀ
5 ਰਾਗੀ ਜਥੇ ਇਕੱਠੇ ਕੀਰਤਨ ਕਰਨਗੇ।
ਗੁਰਦੁਆਰਾ ਜਥਾ ਅਤੇ ਗੁਰਦੁਆਰਾ ਸਕੂਲੀ ਬੱਚੇ ਕੀਰਤਨ ਕਰਨਗੇ।
ਸਿਟੀ, ਸਟੇਟ ਅਧਿਕਾਰੀਆਂ ਦਾ ਸਨਮਾਨ ਕੀਤਾ ਜਾਵੇਗਾ।
ਸਿੱਖ ਬੁੱਧੀਜੀਵੀ ਅਤੇ ਆਗੂ ਹਿੱਸਾ ਲੈ ਰਹੇ ਹਨ।





*ਸਮਾਗਮ ਵਿਚ ਸ਼ਾਮਲ ਹੋ ਰਹੇ ਗੁਰੂਘਰ : ਗੁਰਦੁਆਰਾ ਵਾਲਨੱਟ, ਆਈ.ਆਈ.ਜੀ.ਐਸ., ਗੁਰਦੁਆਰਾ ਬਿਓਨਾ ਪਾਰਕ, ਗੁਰਦੁਆਰਾ ਏ.ਵੀ. ਸਿੱਖ ਸੈਂਟਰ ਲੈਂਕਾਸਟਰ, ਗੁਰਦੁਆਰਾ ਰਿਵਰਸਾਈਡ, ਗੁਰਦੁਆਰਾ ਵੈਂਤੂਰੇ, ਗੁਰਦੁਆਰਾ ਸਰਬ ਸਾਂਝਾ ਦਰਬਾਰ (ਕੇ.ਸੀ.ਐਫ.), ਸਿੱਖ ਸੈਂਟਰ ਆਫ਼ ਰਿਵਰਸਾਈਡ, ਗੁਰਦੁਆਰਾ ਮਾਤਾ ਸਾਹਿਬ ਕੌਰ ਜੀ, ਗੁਰਦੁਆਰਾ ਨਾਨਕ ਸਦਨ, ਗੁਰੂ ਰਾਮ ਦਾਸ ਆਸ਼ਰਮ, ਗੁਰਦੁਆਰਾ ਵੈਲੀ ਸਿੱਖ ਟੈਂਪਲ, ਗੁਰਦੁਆਰਾ ਲੈਂਕਰਸ਼ਿਮ ਅਤੇ ਹੋਰ।*

ਰਾਗੀ ਜਥੇ ਕਿਰਪਾ ਕਰਕੇ ਸ. ਸੰਤੋਖ ਸਿੰਘ (310-569-9506), ਸ. ਬਲਦੇਵ ਸਿੰਘ ਜੌਹਲ (661-965-5937) ਨਾਲ ਸੰਪਰਕ ਕਰ ਸਕਦੇ ਹਨ।

ਪੰਜਾਬੀ ਬਾਜ਼ਾਰ ਲਈ ਸ. ਭੁਪਿੰਦਰ ਸਿੰਘ ਢਿਲੋਂ (323-514-6347),
ਸ. ਬਲਜਿੰਦਰ ਸਿੰਘ ਮੁਲਤਾਨੀ (213-249-8099),
ਸ. ਗੁਰਦੇਵ ਸਿੰਘ (323-304-4871) ਨਾਲ ਸੰਪਰਕ ਕਰ ਸਕਦੇ ਹਨ।
(ਸਟਾਲ ਲਗਾਉਣ ਵਾਲੇ ਆਪਣੀਆਂ ਛਤਰੀਆਂ ਨਾਲ ਲੈ ਕੇ ਆਉਣ।
ਮੇਜ ਸਾਡੇ ਵਲੋਂ ਮੁਹੱਈਆ ਕਰਵਾਏ ਜਾਣਗੇ।)

ਲੰਗਰ ਸੇਵਾ ਲਈ ਸੰਪਰਕ ਕਰੋ : ਸ. ਅਮਰਜੀਤ ਸਿੰਘ 310-291-4835
ਮੀਡੀਆ ਕੋ-ਆਰਡੀਨੇਟਰ : ਸ. ਮਨਜਿੰਦਰ ਪੀ. ਸਿੰਘ :818-268-3213
ਭਾਈ ਘਨ੍ਹੀਆ ਜੀ ਸੇਵਾ ਦਲ ਵਲੋਂ ਨਾਸ਼ਤੇ ਦੀ ਸੇਵਾ ਕੀਤੀ ਜਾਵੇਗੀ। ਬਾਬਾ ਸਵੀਟਸ ਵਲੋਂ ਜਲੇਬੀਆਂ ਦਾ ਲੰਗਰ ਲਾਇਆ ਜਾਵੇਗਾ। ਗੁਰੂ ਕਾ ਲੰਗਰ ਸਾਰਾ ਦਿਨ ਚੱਲੇਗਾ।
ਵੀਡੀਓ ਫੋਟੋਗ੍ਰਾਫ਼ੀ ਮਨਜਿੰਦਰ ਸੱਗੂ ਵਲੋਂ ਕੀਤੀ ਜਾਵੇਗੀ।

***ਅਖੰਡ ਪਾਠ ਸਾਹਿਬ ਦੇ ਭੋਗ 18 ਨਵੰਬਰ,2017, ਸ਼ਨਿੱਚਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਪਾਏ ਜਾਣਗੇ।***
***ਸਾਨੂੰ ਵਾਲੰਟੀਅਰਾਂ ਤੇ ਸੇਵਾਦਾਰਾਂ ਦੀ ਲੋੜ ਹੈ। ਇਸ ਸਬੰਧੀ ਸਾਡੇ ਨਾਲ ਸੰਪਰਕ ਕਰੋ।***
***ਅਸੀਂ ਆਡੀਟੋਰੀਅਮ ਵਿਖੇ ਵੈਲਿੱਡ ਪਾਰਕਿੰਗ ਘੱਟ ਚਾਰਜ 'ਤੇ ਮੁਹੱਈਆ ਕਰਵਾ ਰਹੇ ਹਾਂ।***
***ਗੁਰਦੁਆਰਾ ਸਾਹਿਬ ਤੋਂ ਫਰੈਂਡਸ਼ਿਪ ਆਡੀਟੋਰੀਅਮ ਤਕ ਸ਼ਟਲ ਸਵੇਰੇ 9.00 ਵਜੇ ਤੋਂ ਸ਼ਾਮ 5.30 ਵਜੇ ਤੱਕ ਮੁਹੱਈਆ ਕਰਵਾਈ ਜਾਵੇਗੀ।***

**ਮੈਨੇਜਮੈਂਟ ਕਮੇਟੀ :** ਡਾ. ਅਮਰਜੀਤ ਸਿੰਘ ਮਰਵਾਹ (ਚੇਅਰਮੈਨ), ਸ. ਬਲਦੇਵ ਸਿੰਘ ਜੌਹਲ (ਪ੍ਰਧਾਨ), ਸ. ਭੁਪਿੰਦਰ ਸਿੰਘ ਢਿਲੋਂ(ਮੀਤ ਪ੍ਰਧਾਨ), ਸ. ਸੰਤੋਖ ਸਿੰਘ (ਜਨਰਲ ਸਕੱਤਰ), ਸ. ਰੌਣਕ ਸਿੰਘ (ਵਧੀਕ ਸਕੱਤਰ), ਸ. ਬਲਜਿੰਦਰ ਸਿੰਘ ਮੁਲਤਾਨੀ (ਮੀਤ ਪ੍ਰਧਾਨ ਵਿਤ), ਸ. ਗੁਰਦੇਵ ਸਿੰਘ (ਖਜਾਨਚੀ), ਸ. ਗੁਲਬਾਗ ਸਿੰਘ (ਵਧੀਕ ਖਜਾਨਚੀ), ਮਨਜੀਤ ਸਿੰਘ ਖਾਲੀਲ (ਧਾਰਮਿਕ ਮਾਮਲੇ), ਸ. ਅਮਰਜੀਤ ਸਿੰਘ (ਲੰਗਰ ਇੰਚਾਰਜ), ਸ. ਹਰਮਿੰਦਰ ਸਿੰਘ ਚੌਹਾਨ (ਮੇਨਟੇਨਸ ਇੰਚਾਰਜ)

**ਦਾਨ ਕਮੇਟੀ :** ਜਵਾਹਰ ਲਾਲ ਸੈਣੀ, ਇਕਬਾਲ ਸਿੰਘ ਢਿਲੋਂ, ਸੁਰਿੰਦਰ ਸਿੰਘ ਗਿੱਲ, ਦਰਸ਼ਨ ਸਿੰਘ, ਇਕਬਾਲ ਸਿੰਘ ਸਮਰਾ ਐਂਡ ਬਰਦਰਜ਼, ਡਾ. ਜਸਵੰਤ ਸਿੰਘ ਢਿਲੋਂ, ਸੰਤ ਸਿੰਘ, ਬਲਵੰਤ ਸਿੰਘ, ਮੇਜਰ ਗੁਰਜੀਤ ਸਿੰਘ, ਹਰਜਿੰਦਰ ਸਿੰਘ ਮਲ੍ਹੀ, ਅਵਤਾਰ ਸਿੰਘ, ਹਰਭਜਨ ਸਿੰਘ, ਮਨਜੀਤ ਸਿੰਘ (ਪੱਪੀ), ਗੁਰਚਰਨ ਸਿੰਘ (ਬੱਲੀ), ਸਤਨਾਮ ਸਿੰਘ ਥਿਆੜਾ, ਗੁਰਸ਼ਰਨ ਨੱਤ (ਕਾਕਾ), ਮਨਜੀਤ ਸਿੰਘ ਪੰਧੇਰ, ਨਿਰਮਲ ਸੈਂਹਬੀ, ਹਰਭਜਨ ਸਿੰਘ ਸਮਰਾ, ਸਵਰਨਜੀਤ ਸਿੰਘ ਸਾਹਨੀ, ਗੁਰਦਾਸ ਸਿੰਘ ਕੋਹਲ, ਸਰਬਜੀਤ ਸਿੰਘ ਸੋਢੀ, ਗੁਰਦੇਵ ਸਿੰਘ ਨੌਲੀ, ਮਲਕੀਤ ਸਿੰਘ ਸੋਗੀ, ਅਵਤਾਰ ਸਿੰਘ ਭੋਗਲ, ਵੜੈਚ ਬਰਦਰਜ਼, ਸੰਤੋਖ ਸਿੰਘ ਖਿੰਡਾ ਬਰਦਰਜ਼, ਮੋਹਿੰਦਰ ਸਿੰਘ ਜੌਹਲ, ਹਰਨੇਕ ਸਿੰਘ ਥਿਆੜਾ, ਕੀਰਤਨ ਸਿੰਘ ਖਾਲਸਾ, ਰਾਮ ਸਿੰਘ, ਜਸਵਿੰਦਰ ਧਾਲੀਵਾਲ, ਹਰਜਿੰਦਰ ਸਿੰਘ ਰੰਧਾਵਾ, ਹਰਨਾਮ ਸਿੰਘ।

ਹੋਰ ਵਧੇਰੇ ਜਾਣਕਾਰੀ ਲਈ ਸ. ਬਲਦੇਵ ਸਿੰਘ ਜੌਹਲ (661-965-5937), ਮਨਜਿੰਦਰ ਪਾਲ ਸਿੰਘ (818-268-3213) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

Find us on Facebook

**ਸਾਡੀ ਵੈੱਬਸਾਈਟ 'ਤੇ ਜਾਣ ਲਈ : www.hollywoodsikhtemple.com**

# ਜ਼ਿੰਦਗੀ ਨੂੰ ਸੁਹਾਵਣੀ ਬਣਾਓ

# 'ਦ ਕੰਪਨੀ ਯੂ ਕੀਪ'

## ਦੇ ਨਾਲ !

NEW YORK LIFE

www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਸਿੱਖ ਭਾਈਚਾਰੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਦੀਆਂ

## ਲੱਖ ਲੱਖ ਵਧਾਈਆਂ



COVERED CALIFORNIA

Open Enrollment for Healthcare Starts November 1 ,2017 to January 31, 2018.



ਸਿਮਰਨ ਕੌਰ ਅਟਵਾਲ

ਏਜੰਟ, ਲਾਇਸੰਸ # OE17073

**ਨਿਊ ਯਾਰਕ ਇੰਸ਼ੋਰੈਂਸ ਕੰਪਨੀ**

3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219

ਫੋਨ : 209-955-2418, 209-993-7978, skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



ਨੌਜਵਾਨ ਸਿੱਖ ਆਗੂ 7-Eleven ਸਟੋਰਾਂ ਦੀ ਫਰੈਂਚਾਇਜ਼ੀ ਬੋਰਡ ਦੀ ਯੂਨੀਅਨ ਦੇ ਇਲੈਕਟਡ ਮੈਂਬਰ, ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਤੇ ਉਘੇ ਬਿਜ਼ਨਸਮੈਨ ਸਰਦਾਰ ਅਜਮੇਰ ਸਿੰਘ ਨਿੱਜਰ (ਬਿੱਟੂ) ਵਲੋਂ

7 ELEVEN

# ਸ੍ਰੀ ਗੁਰੂ ਨਾਨਕ ਦੇਵ ਜੀ

ਦੇ ਪ੍ਰਕਾਸ਼ ਪੁਰਬ ਦੀਆਂ ਸਾਰੇ ਭਾਈਚਾਰੇ ਨੂੰ

# ਲੱਖ ਲੱਖ ਵਧਾਈਆਂ



## ਅਜਮੇਰ ਸਿੰਘ ਨਿੱਜਰ (ਬਿੱਟੂ)

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ।।
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ।।

# ਸਿੱਖ ਕੌਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ



## ਵਲੋਂ : ਮੱਖਣ ਸਿੰਘ ਬੈਂਸ ਅਤੇ ਰਵਿੰਦਰ ਸਿੰਘ 'ਗਿਆਨੀ', ਰਾਜਾ ਸਵੀਟਸ ਤੇ ਕੈਟਰਿੰਗ



Raja Sweets & Catering
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।।

ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥
ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥



Bhai Chamanjeet Singh Ji (Lal)

ਗੁਰੂ ਘਰ ਦੇ ਅਨਿਨ ਸੇਵਕ ਰੇਵਾ ਕੁਮਾਰ ਜੀ ਅਤੇ ਪਰਿਵਾਰ ਵਲੋਂ
ਪੰਥ ਪ੍ਰਸਿੱਧ ਰਾਗੀ

# Bhai Chamanjeet Singh Ji (Lal)

## ਭਾਈ ਚਮਨਜੀਤ ਸਿੰਘ ਜੀ (ਲਾਲ) ਦੇ

# ਮਹਾਨ ਕੀਰਤਨ ਸਮਾਗਮ

## 18 ਅਤੇ 19 ਨਵੰਬਰ, 2017

**18 -19 November, 2017**

## Program

**Sri Gurdwara Sahib, San Jose**
3636 Murillo Ave, San Jose, CA 95148, USA
**Saturday, November 18, 2017**
Evening 7:00 p.m. to 9:00 p.m.

**Sri Gurdwara Sahib, Fremont**
300 Gurdwara Rd, Fremont, CA 94536, USA
**Sunday, November 19, 2017**
Afternoon 2:30 p.m. to 4:30 p.m.

Langar Seva by Ritesh ji of The Nawab Kitchen,
Sodhi Singh of Fronitier Spice
Sanjeev Shera & Bay Area Divine Sat Sangat

**For Further Information Please contact**

Varinder Pal Singh Phone : 510-673-8400 • A.P.S. Bhatia Phone : 408-509-2223

Organised by:

**Rewa Kumar ji & Family, Phone : 510-868-3338**

ੴ

# MOOL NANAKSHAHI CALENDAR

## Implementation Conference Chicago

*Hosted By*

**SIKH** Religious Society
PALATINE GURDWARA

ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥

Please join us for a two day conference on the implementation of Mool Nanakshahi Calendar, the official Sikh Calendar.

MOOL 14 ੧ NANAKSHAHI CALENDAR

*App Available for Download on Android*

Google Play

Sikh Religious Society
1280 Winnetka Street
Palatine, Il 60067

MOOL 14 ੧ NANAKSHAHI CALENDAR

*App Available for Download on iOS*

App Store

**November 11 (Main Event) & 12, 2017**
**10:00 A.M. to 5:00 P.M.**

***Speakers Invited :***

S. Pal Singh Purewal, Dr. Sukhpreet S. Udhoke, Prof. S. Dhesi, S. Sarabjit Singh (Sacramento), S. Surinder Singh (Talking Punjab), Bibi Jasbir Kaur (Ohio)



The focus will be to preserve the unique Sikh heritage and prepare the Panth for the next millennial. There will be expert speakers on the topic to help explain the history and importance of the Mool Nanakshahi Calendar.

***With support from :***

**Shromni Akali Dal Amritsar, Sikh Women Era, Punjabi Cultural Society, Punjab Heritage Organization, Punjabi American Organization, Friends of Punjab Foundation, Punjab Sports Club Midwest (Chicago), Sher-e-Punjab Sports Club Chicago Midwest, Global Sikh Council, National Sikh Archives of Canada, American Sikh Council, and all other Chicago land Sikh organizations and Midwest Gurdwaras**

***Contacts :***

S. Mahabir Singh : 630-221-0803, S. Pardeep Singh : 847-989-5723, Prof. Kulwant Singh : 930-995-0670
S. Harkirat Singh : 630-870-9319, S. Irwinpreet Singh 847-942-5150, S. Surinderpal Singh : 847-305-9119
S. Harjit Singh : 847-833-534, S. Thakar Singh : 847-736-6092, S. Sarwan Singh : 224-628-5522
Bibi Jasvir Kaur : 224-545-0542, Principal Amardev Singh : 708-612-7963


NOW OPEN IN MODESTO/CERES
PANNU'S
LEGAL SERVICES (Regd. & Bonded)
G.S. Pannu
Immigration Consultant-LDA
510.677.5200
IMMIGRATION
ivisapass@gmail.com
• Family Petitions (Husband, Wife, Brother, Sister, Mother, Father, Son, Daughter)
• Green Card
• Citizenship
• Affidavit of Support
• Political Asylum
• Visas From India
• Tourist • Business • H1B
• Student • Relegious
... & related matters
Family Petitions
FREE
DIVORCE
• Petitions
• Child Support
• Child Visitation
• Child Custody
• Modification
...& related matters
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
RADIO GAL PUNJAB DI USA
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com
POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation
FREMONT
40757 GRIMMER BLVD, CA 94538
MODESTO/CERES
3810 EAU CLAIRE AVE, CA 95307


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


Website Design & Development
ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓WEB DEVELOPMENT
✓WEB DESIGNING
✓WEB RE-DESIGN
✓LOGO DESIGN
✓SEO SERVICES
✓TECHNICAL SUPPORT
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
Web Media Art
info@webmediaart.com
www.webmediaart.com


Personalized Service-Committed To Quality
Solutions Financial
Mortgage Company
Purchase & Refinance
Your Home Loans
ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ
ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ
Cell 312-608-0006
1701 E. Lake Avenue #280,
Glenview, IL 60025- Office: 847-834-0100 Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@solutionsfn.com
Web: www.solutionsfn.com


SINGH
TRANSPORT INC
ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
ਅਸੀਂ ਬੋਨਸ ਵੀ ਦਿੰਦੇ ਹਾਂ।
ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578

*Recognize Humanity as One!*
*"Manas Ki Jaat Sabhe Ekae Pachanabo"*

**Consulate General of India, San Francisco; the Ministry of Culture, Government of India & the Sikh & Jain Professorship of Loyola Marymount University Presents**

# One-Day Seminar Honoring Guru Gobind Singh's 350th Birthday

*Friday, Nov 10, 2017 10am-5pm*
*Hilton Center 100*
*Loyola Marymount University (near LAX)*
*1 LMU Drive, Los Angeles, California 90045*
*FREE ADMISSION*



Kirtan by Nanak Sadan Jatha at 10 AM .
Speakers:

Professor Nirinjan Kaur Khalsa (LMU), Sikh and Jain Coexistence: Young Gobind Rai in Patna Sahib

Professor Surinder Singh (Raj Academy, UK) Guru Gobind Singh: The Forgotten Legend of India's Musical Heritage

Sikh Graduate Student Panel on Truth, Justice, Equality, Freedom: Harleen Kaur (UCLA), Tejpaul Singh (UCR), Harsimranjit Singh (UCI)

Bibiji Inderjit Kaur Khalsa, Ph.D. (Chief Religious Minister Sikh Dharma) Guru Gobind Singh's Life and Legacy

Dr. Kuldeep Singh (Nanak Sadan Sikh Temple), Sparrow to Hawk: Combating Oppression with Love & Unity

Professor Pashaura Singh (UC Riverside), Guru Gobind Singh's Egalitarian Message and its Relevance in Modern Times

Interfaith Panel: Recognize Humanity as One! Speakers: Nirinjan Singh Khalsa (Executive Director California Sikh Council), Sushama Parekh (Jain Center, Claremont School of Theology), Dean Manohar Singh (Humboldt State University), Professor Amir Hussain (LMU), Professor Mugdha Yeolekar (LMU)

Langar (lunch) served at 1 pm.
The program will conclude at 5 PM with the final segment of Gurbani Kirtan by Raj Academy of UK.

Sikh and Interfaith Scholars and Leaders discussing Guru Gobind Singh's Legacy of Truth, Justice, Equality, and Freedom

*Gurbani Kirtan by Nanak Sadan JathaRaj Academy, UK*

*Supported by Sikh Sangat of Southern California, Ministry of Culture, Government of India and Consulate General of India*

Hollywood Sikh Temple - Baldev Singh Johal - (661) 965-5937
International Institute of Gurmat Studies - Kaviraj Singh - (714) 210-9297
Guru Ram Das Ashram Los Angeles - Kirtan-Singh Khalsa - (310) 990-4573
Siri Guru Singh Sabha Walnut - Saab Singh Bhullar - (626) 893-2314
Sikh Gurdwara of Sadh Sangat Norco - Hari Singh - (951) 372-0788
Nanak Sadan Sikh Temple - Gajinder Shah Singh - (818) 830-4647
Sikh Gurdwara of Los Angeles, Lankershim - Ranjit Singh Kamboj - (626) 676-1664

For more information, please contact:

H. Sahota MD, FACC, FSCAI - Nirinjan.Khalsa@lmu.edu
Indersingh.usa@gmail.com
Raman Chadha (818-458-5595) • Baljit Toor (909-844-1600)
Kirtan Singh Khalsa (310) 990-4573 • Nirinjan Singh Khalsa (310) 270-5988
Gurinder Singh, San Diego (858) 779-4878 • Navdeep 'Bittu' Singh (818) 943-3570

# $20 Off For Trans-Alliance Carriers

TRANS-ALLIANCE
TOGETHER WE SAVE

## SPECIAL TIRE PRICING




| TRAILER TIRES STARTING AT | TRAILER TIRES STARTING AT | TRAILER TIRES STARTING AT |
|---|---|---|
| $259* | $289* | $359* |
| REGULAR RETAIL $324 | REGULAR RETAIL $354 | REGULAR RETAIL $424 |
| ROADMASTER TIRES ENGINEERED BY COOPERTIRES | KELLY TIRES | GOODYEAR MARATHON / YOKOHAMA |

*Add $10 per tire for Steer and $20 per tire for Drive tires.

**Trans-Alliance Members save $15 off all other tire brands.**

GOODYEAR · BFGoodrich · Continental · Firestone · PIRELLI · FORMULA By Pirelli · DAYTON · BRIDGESTONE · MICHELIN

TA TRUCK SERVICE
Commercial Tire Network

Current as of 6/1/17.

Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.

Visit ta-petro.com or find us on f  TA Nasdaq Listed

TRANS-ALLIANCE TOGETHER WE SAVE

(855) 641-6955 • (888) 795-7035
sales@trans-alliance.com • www.trans-alliance.com

**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

# KHALSA
## INSURANCE AGENCY, INC.

**Khalsa Insurance Agency is among TOP 50 agencies of Blue Cross in USA.**


Anthem BlueCross
2014 ACE INDIVIDUAL
CHAMPION LEVEL
In recognition and appreciation of your outstanding sales performance in 2013
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਬਦਲਾ ਤੇ ਬਖ਼ਸ਼ਿੰਦਗੀ

**1984 ਦੇ ਸਿੱਖ ਕਤਲੇਆਮ ਦੀ 33ਵੀਂ ਬਰਸੀ ਦੇ ਪ੍ਰਸੰਗ ਵਿੱਚ ਮਨ ਵਿੱਚ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਭਾਰਤ ਵਿੱਚ ਵੀ ਕੀ ਅਜਿਹਾ ਕਮਿਸ਼ਨ ਕਾਇਮ ਕੀਤਾ ਜਾ ਸਕਦਾ ਹੈ ਜੋ 1984 ਦੇ ਸਿੱਖ ਕਤਲੇਆਮ ਜਾਂ 2002 ਦੇ ਗੁਜਰਾਤ ਨਰਸੰਹਾਰ ਜਾਂ 1989 ਦੇ ਭਾਗਲਪੁਰ ਦੰਗਿਆਂ ਦੇ ਪੀੜਾਕਾਰਾਂ ਤੇ ਪੀੜਤਾਂ ਦਰਮਿਆਨ ਸੰਵਾਦ ਦਾ ਮੰਚ ਪ੍ਰਦਾਨ ਕਰੇ ਅਤੇ ਰਾਜਨੇਤਾਵਾਂ, ਪ੍ਰਸ਼ਾਸਕਾਂ, ਦੰਗਈ ਆਗੂਆਂ ਜਾਂ ਉਨ੍ਹਾਂ ਦੇ ਪ੍ਰਤੀਨਿਧਾਂ ਨੂੰ ਆਪਣੇ ਗੁਨਾਹ ਕਬੂਲਣ, ਉਨ੍ਹਾਂ 'ਤੇ ਪਸ਼ਚਾਤਾਪ ਕਰਨ ਤੇ ਭੁੱਲ ਬਖ਼ਸ਼ਵਾਉਣ ਦਾ ਜ਼ਰੀਆ ਸਾਬਤ ਹੋਵੇ। ਇਹ ਕੋਈ ਨਵਾਂ ਵਿਚਾਰ ਨਹੀਂ। ਇਸ ਬਾਰੇ ਚਰਚਾ ਪਹਿਲਾਂ ਵੀ ਹੁੰਦੀ ਆਈ ਹੈ; ਖ਼ਾਸ ਕਰਕੇ ਦੰਡ ਜਾਂ ਸਜ਼ਾ ਵਾਲੇ ਅਮਲ ਦੀ ਨਾਕਾਮੀ ਤੇ ਨਾਅਹਿਲੀਅਤ ਨੂੰ ਦੇਖ ਕੇ। ਇਸੇ ਲਈ ਬਖ਼ਸ਼ਿੰਦਗੀ ਵਾਲਾ ਰਾਹ ਅਪਨਾਉਣ ਵਿੱਚ ਹਰਜ ਵੀ ਨਜ਼ਰ ਨਹੀਂ ਆਉਂਦਾ।**

**ਸੁਰਿੰਦਰ ਸਿੰਘ ਤੇਜ**

ਰਾਜਮੋਹਨ ਗਾਂਧੀ ਦੀ ਕਿਤਾਬ 'ਰਿਵੈਂਜ ਐਂਡ ਰਿਕੰਸਲੀਏਸ਼ਨ' (ਬਦਲਾ ਤੇ ਬਖ਼ਸ਼ਿੰਦਗੀ) ਵਿੱਚ 55 ਸਾਲ ਦੇ ਹਮਜ਼ਾ ਭਾਈ ਦੀ ਕਹਾਣੀ ਦਰਜ ਹੈ। ਸੰਨ 1993 ਦੇ ਮੁੰਬਈ ਦੰਗਿਆਂ ਦੌਰਾਨ ਉਸ ਦੇ 25 ਵਰ੍ਹਿਆਂ ਦੇ ਬੇਟੇ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਹਮਜ਼ਾ ਭਾਈ ਅਮੀਰ ਆਦਮੀ ਨਹੀਂ ਸੀ। ਉਸ ਦੀ ਨਾਇਲੋਨ ਦੀ ਦੁਕਾਨ ਸੀ। ਦੁਕਾਨਦਾਰੀ ਏਨੀ ਕੁ ਸੀ ਕਿ ਗੁਜ਼ਾਰਾ ਚੰਗਾ ਚੱਲ ਰਿਹਾ ਸੀ। ਪੁੱਤ ਇਸ ਕੰਮ ਵਿੱਚ ਭਰਵਾਂ ਹੱਥ ਵਟਾਉਂਦਾ ਸੀ। ਉਸ ਦੀ ਮੌਤ ਨੇ ਘਰ ਦੀ ਆਰਥਿਕਤਾ ਵੀ ਲੀਹੋਂ ਲਾਹ ਦਿੱਤੀ। ਆਖ਼ਰੀ ਸਾਹ ਲੈਣ ਤੋਂ ਪਹਿਲਾਂ ਬੇਟੇ ਨੇ ਬਾਪ ਦੇ ਕੰਨ ਵਿੱਚ ਦੱਸ ਦਿੱਤਾ ਸੀ ਕਿ ਹਮਲਾਵਰ ਕੌਣ ਸਨ। ਰਿਸ਼ਤੇਦਾਰ ਇਹ ਨਾਮ ਜਾਨਣਾ ਚਾਹੁੰਦੇ ਸਨ। ਉਹ ਬਦਲਾ ਲੈਣ ਲਈ ਉਤਾਵਲੇ ਸਨ। ਹਮਜ਼ਾ ਭਾਈ ਨੇ ਜ਼ੁਬਾਨ ਬੰਦ ਰੱਖੀ। ਰਿਸ਼ਤੇਦਾਰ ਉਸ ਨੂੰ ਕਾਇਰ ਤੇ ਦੱਬੂ ਦੱਸਦੇ ਰਹੇ। ਤਿੰਨ ਸਾਲ ਬਾਅਦ ਇੱਕ ਸਮਾਗਮ ਦੌਰਾਨ ਹਮਜ਼ਾ ਭਾਈ ਨੇ ਇਸ ਮੁੱਦੇ 'ਤੇ ਆਪਣੀ ਜ਼ੁਬਾਨ ਖੋਲ੍ਹੀ। ਉਸ ਨੇ ਦੱਸਿਆ ਕਿ ਬਦਲਾ ਲੈਣ ਦੀ ਇੱਛਾ ਉਸ ਦੀ ਵੀ ਸੀ। ਪਰ ਅਚਾਨਕ ਉਸ ਦੇ ਜ਼ਿਹਨ ਵਿੱਚ ਇਹ ਗੱਲ ਆਈ ਕਿ ਜੇਕਰ ਉਸ ਨੇ ਨਾਮ ਲੈ ਦਿੱਤੇ ਤਾਂ ਦੋ ਹੋਰ ਪਿਤਾਵਾਂ ਨੂੰ ਉਸੇ ਸਥਿਤੀ ਵਿਚੋਂ ਗੁਜ਼ਰਨਾ ਪਵੇਗਾ, ਜਿਸ ਵਿਚੋਂ ਉਹ ਖ਼ੁਦ ਗੁਜ਼ਰ ਰਿਹਾ ਸੀ। ਉਸ ਨੇ ਨਿਸ਼ਚਾ ਕਰ ਲਿਆ ਕਿ ਉਹ ਕਿਸੇ ਹੋਰ ਪਿਤਾ ਨੂੰ ਆਪਣੇ ਵਰਗੀ ਮਾਤਮੀ ਦਸ਼ਾ ਵਿੱਚ ਨਹੀਂ ਪਹੁੰਚਾਏਗਾ।




ਬਦਲੇ ਦੀ ਥਾਂ ਬਖ਼ਸ਼ਿੰਦਗੀ ਦਾ ਰਾਹ ਚੁਣਨ ਦੀ ਇਹ ਕੋਈ ਇੱਕ ਮਿਸਾਲ ਨਹੀਂ। ਅਜਿਹੀਆਂ ਦਰਜਨਾਂ, ਬਲਕਿ ਸੈਂਕੜੇ ਮਿਸਾਲਾਂ ਮਨੁੱਖੀ ਇਤਿਹਾਸ ਵਿੱਚ ਮੌਜੂਦ ਹਨ। ਮੁਆਫ਼ ਕਰਨ ਵਾਲੇ ਪੈਗੰਬਰ ਜਾਂ ਪੀਰ-ਫ਼ਕੀਰ ਨਹੀਂ ਸਨ। ਸਾਧਾਰਨ ਇਨਸਾਨ ਸਨ। ਉਨ੍ਹਾਂ ਉੱਤੇ ਕੋਈ ਦਬਾਅ ਵੀ ਨਹੀਂ ਸੀ। ਬਦਲਾ ਲੈਣਾ ਉਨ੍ਹਾਂ ਦਾ ਹੱਕ ਮੰਨਿਆ ਜਾਂਦਾ ਸੀ। ਪਰ ਉਹ ਇਸ ਰਾਹ 'ਤੇ ਨਹੀਂ ਤੁਰੇ। ਅਜਿਹਾ ਕਰਕੇ ਉਨ੍ਹਾਂ ਨੇ ਭਾਵੇਂ ਕੋਈ ਸਮਾਜਿਕ ਮਰਤਬਾ ਹਾਸਲ ਨਹੀਂ ਕੀਤਾ, ਪਰ ਇਨਸਾਨੀਅਤ ਦੇ ਸੰਕਲਪ ਨੂੰ ਮਜ਼ਬੂਤੀ ਅਵੱਸ਼ ਬਖ਼ਸ਼ੀ। ਹਾਲ ਹੀ ਵਿੱਚ ਦਾਰਜੀਲਿੰਗ ਵਿੱਚ ਗੋਰਖਾ ਜਨਮੁਕਤੀ ਮੋਰਚੇ ਦੇ ਅੰਦੋਲਨ ਦੌਰਾਨ ਇੱਕ ਬੰਗਾਲੀ ਰਿਸ਼ਭਕਾਂਤ ਸਾਹਾ ਦੇ ਦੋ ਬੇਟੇ ਛੁਰੇਬਾਜ਼ੀ ਦੀਆਂ ਘਟਨਾਵਾਂ ਵਿੱਚ ਸਖ਼ਤ ਜ਼ਖ਼ਮੀ ਹੋ ਗਏ। ਪੁਲੀਸ ਨੇ ਚਾਰ ਹਮਲਾਵਰ ਵੀ ਕਾਬੂ ਕਰ ਲਏ। ਉਨ੍ਹਾਂ ਦੇ ਮਾਪਿਆਂ ਦੀ ਮਨੋਸਥਿਤੀ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਛਪੀਆਂ। ਇਨ੍ਹਾਂ ਨੂੰ ਪੜ੍ਹ ਕੇ ਸਾਹਾ ਨੇ ਪੁਲੀਸ ਕੋਲ ਕੇਸ ਵਾਪਸੀ ਦੀ ਅਰਜ਼ੀ ਦੇ ਦਿੱਤੀ। ਇਹ ਵੱਖਰੀ ਗੱਲ ਹੈ ਕਿ ਅਦਾਲਤ ਨੇ ਐੱਫਆਈਆਰ ਰੱਦ ਕਰਨ ਦੀ ਅਜੇ ਇਜਾਜ਼ਤ ਨਹੀਂ ਦਿੱਤੀ। ਅਦਾਲਤ ਦਾ ਸਿਧਾਂਤ ਵੀ ਨਿਆਂਕਾਰੀ ਹੈ : ਗੁਨਾਹ ਬਦਲੇ ਸਜ਼ਾ ਜ਼ਰੂਰ ਹੋਣੀ ਚਾਹੀਦੀ ਹੈ। ਪਰ ਸਾਹਾ ਨੇ ਅੱਗੇ ਕੋਲਕਾਤਾ ਹਾਈ ਕੋਰਟ ਵਿਚ ਅਰਜ਼ੀ ਪਾ ਕੇ ਜ਼ਿਲ੍ਹਾ ਅਦਾਲਤ ਦਾ ਨਿਰਣਾ ਰੱਦ ਕਰਨ ਦੀ ਬੇਨਤੀ ਕੀਤੀ ਹੈ।

ਜ਼ਿਲ੍ਹਾ ਅਦਾਲਤ ਨੇ ਸਾਹਾ ਵਾਲੇ ਕੇਸ ਦੇ ਪ੍ਰਸੰਗ ਵਿੱਚ ਸ਼ਬਦ 'ਦੰਡ' ਵਾਰ ਵਾਰ ਵਰਤਿਆ। ਦੰਡ ਦੀ ਹੀ ਗੱਲ ਸਾਰੇ ਧਰਮ ਵੀ ਕਰਦੇ ਹਨ। ਦਰਅਸਲ, ਇਨਸਾਨੀ ਇਤਿਹਾਸ ਹੀ ਬਦਲੇ ਤੇ ਦੰਡ ਦੇ ਸੰਕਲਪ ਦੀ ਬੁਨਿਆਦ 'ਤੇ ਉਸਰਿਆ ਹੋਇਆ ਹੈ। ਜਦੋਂ ਕਦੇ ਵੀ ਨਾਇਨਸਾਫ਼ੀ ਹੁੰਦੀ ਹੈ ਤਾਂ ਦੰਡ ਨੂੰ ਹੀ ਇਨਸਾਫ਼ ਦਾ ਸਰੂਪ ਸਮਝਿਆ ਜਾਂਦਾ ਹੈ। ਬਦਲਾਖੋਰੀ ਵੀ ਕੋਈ ਅਚਨਚੇਤੀ ਜਾਂ ਸੰਜੋਗੀ ਵਰਤਾਰਾ ਨਹੀਂ, ਇਹ ਮਨੁੱਖੀ ਹੋਂਦ ਦੀ ਸਚਾਈ ਹੈ। ਪਰ ਇਸੇ ਸਚਾਈ ਨਾਲ ਇੱਕ ਹੋਰ ਖ਼ੌਫ਼ਨਾਕ ਸਚਾਈ ਜੁੜੀ ਹੋਈ ਹੈ : ਬਦਲਾਖੋਰੀ ਦਾ ਕੋਈ ਅੰਤ ਨਹੀਂ। ਇਹ ਅਮੁੱਕ ਸਿਲਸਿਲਾ ਹੈ ਜਿਹੜਾ ਤਬਾਹੀ-ਦਰ-ਤਬਾਹੀ ਲਿਆਈ ਜਾਂਦਾ ਹੈ।

ਇਸੇ ਲਈ ਇੰਤਕਾਮੀ ਹੋਣ ਨਾਲੋਂ ਖਿਮਾਸ਼ੀਲ ਹੋਣਾ ਸਦਗੁਣ ਮੰਨਿਆ ਜਾਂਦਾ ਹੈ। ਦਰਅਸਲ, ਖਿਮਾਸ਼ੀਲਤਾ ਹੀ ਇਨਸਾਨੀਅਤ ਦੀ ਅਸਲ ਬੁਨਿਆਦ ਹੈ। ਇਨਸਾਨ ਨੂੰ ਸੰਵਾਦੀ ਹੋਣ ਦੀ ਰੱਬੀ ਦਾਤ ਹਾਸਲ ਹੈ। ਸੰਵਾਦ ਰਚਾਉਣ ਦੀ ਸ਼ਕਤੀ ਨੇ ਹੀ ਸਾਨੂੰ ਬਖ਼ਸ਼ਿੰਦਗੀ ਵਾਲਾ ਰਾਹ ਦਿਖਾਇਆ। ਬਦਲਾ ਆਪਸਦਾਰੀ ਦਾ ਨਾਂਹਮੁਖੀ ਰੂਪ ਹੈ। ਇਸ ਦੇ ਨਾਲ ਨਕਾਰਤਾ ਤੇ ਨਾਕਾਮੀ ਜੁੜੇ ਹੁੰਦੇ ਹਨ। ਦੂਜੇ ਪਾਸੇ ਖਿਮਾਸ਼ੀਲਤਾ ਇੱਕ ਪਾਵਨ ਜਜ਼ਬਾ ਹੈ ਜਿਸ ਵਿੱਚ ਦੂਜੇ ਦਾ ਦਰਦ ਅਨੁਭਵ ਕਰਨ ਵਰਗਾ ਤੱਤ ਮੌਜੂਦ ਹੁੰਦਾ ਹੈ। ਦੋਵੇਂ ਭਾਵਨਾਵਾਂ ਸਾਡੇ ਜ਼ਿਹਨ ਵਿਚੋਂ ਹੀ ਉਪਜਦੀਆਂ ਹਨ, ਪਰ ਦੋਵਾਂ ਦਾ ਮੁਹਾਂਦਰਾ ਤੇ ਖ਼ਾਸਾ ਪ੍ਰਤੀਰੋਧੀ ਹੈ। ਦੱਖਣੀ ਅਫਰੀਕੀ ਨੇਤਾ ਬਿਸ਼ਪ ਡੈਸਮੰਡ ਟੂਟੂ ਨੇ ਗੋਰੇ ਨਸਲਪ੍ਰਸਤਾਂ ਖ਼ਿਲਾਫ਼ ਰੋਹ ਨੂੰ ਸਦੀਵੀ ਬਣਨ ਤੋਂ ਰੋਕਣ ਅਤੇ ਗੋਰਿਆਂ ਦੀ ਹਿਜਰਤ ਤੋਂ ਦੱਖਣ ਅਮਰੀਕੀ ਸਮਾਜ ਵਿੱਚ ਆਉਣ ਵਾਲੇ ਗੰਭੀਰ ਆਰਥਿਕ ਖਲਾਅ ਦੇ ਮੱਦੇਨਜ਼ਰ ਸਚਾਈ ਤੇ ਸੁਲ੍ਹਾ-ਸਫ਼ਾਈ ਸਬੰਧੀ ਕਮਿਸ਼ਨ ਦੀ ਸਥਾਪਨਾ ਮੌਕੇ ਕਿਹਾ ਸੀ, "ਇਹ ਸਾਡੇ ਹੀ ਹਿੱਤ ਵਿੱਚ ਹੈ ਕਿ ਅਸੀਂ ਰਹਿਮ-ਦਿਲ, ਖਿਮਾਸ਼ੀਲ, ਪਸ਼ਚਾਤਾਪੀ ਤੇ ਮੇਲ ਮਿਲਾਪੀ ਰੁਖ ਅਪਣਾਈਏ। ਜੇਕਰ

ਬਾਕੀ ਸਫ਼ਾ 27 'ਤੇ

# ਭਾਰਤ ਨੂੰ ਸੰਤੁਲਿਤ ਕੌਮਾਂਤਰੀ ਖੇਡ ਖੇਡਣ ਦੀ ਲੋੜ

**ਆਗਾਮੀ 3 ਨਵੰਬਰ ਤੋਂ ਟਰੰਪ ਆਪਣੀ ਦੂਜੀ ਵਿਦੇਸ਼ ਯਾਤਰਾ 'ਤੇ ਜਾ ਰਹੇ ਹਨ। ਉਹ ਚੀਨ, ਕੋਰੀਆ ਗਣਰਾਜ, ਜਾਪਾਨ, ਫ਼ਿਲੀਪੀਨਜ਼ ਤੇ ਵੀਅਤਨਾਮ ਜਾਣਗੇ। ਚੀਨ ਵਿਚ ਉਨ੍ਹਾਂ ਦਾ ਸਾਹਮਣਾ ਐਤਕੀਂ ਇੱਕ ਮਜ਼ਬੂਤ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਹੋਵੇਗਾ, ਜਿਨ੍ਹਾਂ ਨੇ 18ਵੀਂ ਪਾਰਟੀ ਕਾਂਗਰਸ ਦੌਰਾਨ ਐਲਾਨ ਕੀਤਾ ਹੈ ਕਿ ਸਮਾਜਵਾਦ, ਚੀਨੀ ਵਿਸ਼ੇਸ਼ਤਾਵਾਂ ਨਾਲ ਇੱਕ 'ਨਵੇਂ ਯੁੱਗ' ਵਿੱਚ ਦਾਖ਼ਲ ਹੋ ਗਿਆ ਹੈ। ਚੀਨ ਹੁਣ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਮਰੀਕੀ ਲੀਡਰਸ਼ਿਪ ਵੱਲੋਂ ਪੈਦਾ ਕੀਤੇ ਵਿੱਤੀ, ਵਣਜ ਤੇ ਭੂ-ਰਣਨੀਤਕ ਤਾਣੇ-ਬਾਣੇ ਦਾ ਮੁਕਾਬਲਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।**

**ਕੇ. ਸੀ. ਸਿੰਘ**



ਅਮਰੀਕੀ ਵਿਦੇਸ਼ ਮੰਤਰੀ ਰੈਕਸ ਟਿੱਲਰਸਨ ਬੇਹੱਦ ਅਹਿਮ ਸਮੇਂ ਏਸ਼ੀਆ ਦੀ ਯਾਤਰਾ 'ਤੇ ਪੁੱਜੇ। ਚੀਨੀ ਕਮਿਊਨਿਸਟ ਪਾਰਟੀ ਦੀ 18ਵੀਂ ਕਾਂਗਰਸ ਦੌਰਾਨ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਪਹਿਲਾਂ ਦੇ ਮੁਕਾਬਲੇ ਹੋਰ ਵੀ ਮਜ਼ਬੂਤ ਹੋ ਕੇ ਉੱਭਰੇ ਹਨ। ਜਾਪਾਨੀ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਨੂੰ ਇੱਕ ਵਾਰ ਫਿਰ ਜਨਤਕ ਫ਼ਤਵਾ ਮਿਲ ਗਿਆ ਹੈ ਅਤੇ ਉਨ੍ਹਾਂ ਜਾਪਾਨ ਦੇ ਪ੍ਰਸ਼ਾਂਤ ਮਹਾਂਸਾਗਰ ਨਾਲ ਸਬੰਧਤ ਸੰਵਿਧਾਨ ਨੂੰ ਬਦਲਣ ਦੀ ਧਮਕੀ ਵੀ ਦਿੱਤੀ ਹੈ। ਪਾਕਿਸਤਾਨ ਤੇ ਉੱਤਰੀ ਕੋਰੀਆ ਲਗਾਤਾਰ ਆਪੋ-ਆਪਣੇ ਖੇਤਰਾਂ ਵਿੱਚ ਅਸਥਿਰਤਾ ਪੈਦਾ ਕਰਦੇ ਆ ਰਹੇ ਹਨ। ਇਸਲਾਮਿਕ ਸਟੇਟ ਨੂੰ ਤਾਂ ਮਾਤ ਦੇ ਦਿੱਤੀ ਗਈ ਹੈ ਪਰ ਪਰਮਾਣੂ ਸੰਧੀ 'ਤੇ ਟਰੰਪ ਦੀਆਂ ਟਿੱਪਣੀਆਂ ਤੇ ਕਾਰਵਾਈਆਂ ਤੋਂ ਇਰਾਨ ਕੁਝ ਰੋਹ ਵਿੱਚ ਹੈ। ਖਾੜੀ ਸਹਿਯੋਗ ਪ੍ਰੀਸ਼ਦ (ਜੀਸੀਸੀ) ਦੋਫਾੜ ਹੋ ਗਈ ਹੈ, ਅਮਰੀਕਾ ਤੇ ਕਤਰ ਦੇ ਦੋਖੀਆਂ ਵਿਰੁੱਧ ਤੁਰਕੀ ਨੇ ਹਥਿਆਰ ਚੁੱਕ ਲਏ ਹਨ। ਰਾਸ਼ਟਰਪਤੀ ਡੋਨਲਡ ਟਰੰਪ ਆਪਣੀ ਵਿਚਾਰਧਾਰਾ ਅਨੁਸਾਰ ਉਲੀਕੀ ਵਿਦੇਸ਼ ਨੀਤੀ 'ਤੇ ਲਗਾਤਾਰ ਅਮਲ ਕਰਦੇ ਹੋਏ ਵਿਰੋਧਾਭਾਸੀ ਢੰਗ ਨਾਲ ਅੱਗੇ ਵੀ ਵਧ ਰਹੇ ਹਨ ਤੇ ਨਾਲ ਹੀ ਧਮਕੀਆਂ ਵੀ ਦਿੰਦੇ ਜਾ ਰਹੇ ਹਨ।

ਟਿੱਲਰਸਨ ਸਾਊਦੀ ਅਰਬ, ਅਫ਼ਗਾਨਿਸਤਾਨ ਤੇ ਪਾਕਿਸਤਾਨ ਦੀਆਂ ਫੇਰੀਆਂ ਤੋਂ ਬਾਅਦ ਭਾਰਤ ਪੁੱਜੇ ਸਨ। ਪਿਛਲੇ ਦੋ ਦੇਸ਼ ਅਹਿਮ ਹਨ ਕਿਉਂਕਿ ਬੀਤੀ 21 ਅਗਸਤ ਨੂੰ ਟਰੰਪ ਨੇ ਜਿਸ ਅਫ਼ਗਾਨਿਸਤਾਨ ਨੀਤੀ ਦਾ ਐਲਾਨ ਕੀਤਾ ਸੀ, ਉਸ ਵਿੱਚ ਸਮੱਸਿਆ ਪ੍ਰਤੀ ਖੇਤਰੀ ਪਹੁੰਚ ਦਾ ਵਰਨਣ ਹੈ। ਭਾਰਤ ਵਿਚ ਬਿਨਾਂ ਕੁਝ ਸੋਚੇ-ਸਮਝੇ ਉਸ ਦੇ ਜਸ਼ਨ ਮਨਾਏ ਗਏ ਅਤੇ ਪਾਕਿਸਤਾਨ ਨੂੰ ਦਹਿਸ਼ਤਗਰਦੀ ਨੂੰ ਹਵਾ ਦੇਣ ਵਾਲਾ ਦੱਸਿਆ ਗਿਆ ਅਤੇ ਉਸ ਨੂੰ ਲਾਅਨਤਾਂ ਵੀ ਪਾਈਆਂ ਗਈਆਂ। ਅਮਰੀਕਾ ਦਾ ਇਹ ਸੋਚਣਾ ਦਰੁਸਤ ਹੈ ਕਿ ਅਫ਼ਗਾਨਿਸਤਾਨ ਵਿਚ ਸ਼ਾਂਤੀ ਪ੍ਰਮੁੱਖ ਖੇਤਰੀ ਤਾਕਤਾਂ ਦੇ ਸਹਿਯੋਗ ਤੋਂ ਬਗ਼ੈਰ ਕਾਇਮ ਨਹੀਂ ਕੀਤੀ ਜਾ ਸਕਦੀ। ਪਾਕਿਸਤਾਨ ਉੱਪਰ ਭਾਰੀ ਦਬਾਅ ਹੈ ਕਿ ਇੱਕ ਪਾਸੇ ਤਾਂ ਉਹ ਤਾਲਿਬਾਨ, ਹੱਕਾਨੀ ਨੈੱਟਵਰਕ ਤੇ ਉਨ੍ਹਾਂ ਦੇ ਹੋਰ ਸਾਥੀਆਂ 'ਤੇ ਅਫ਼ਗਾਨਿਸਤਾਨ ਵਿਚ ਕਿਸੇ ਸਮਝੌਤੇ ਦੀ ਗੱਲਬਾਤ ਵਿੱਚ ਸ਼ਾਮਲ ਹੋਣ ਲਈ ਦਬਾਅ ਬਣਾਵੇ ਅਤੇ ਨਾਲ ਹੀ ਇਸੇ ਮਾਮਲੇ ਵਿੱਚ ਭਾਰਤ ਦੇ ਹਿੱਤਾਂ ਨੂੰ ਵੀ ਧਿਆਨ ਵਿੱਚ ਰੱਖੇ। ਉਂਜ, ਬਦਲੇ ਵਿਚ, ਜਿਵੇਂ ਕਿ ਪਹਿਲਾਂ ਵੀ ਹੁੰਦਾ ਰਿਹਾ ਹੈ, ਭਾਰਤ ਨੂੰ ਵੀ ਪਾਕਿਸਤਾਨ ਤੇ ਕਸ਼ਮੀਰ ਨਾਲ ਜੁੜੇ ਮਸਲਿਆਂ ਨਾਲ ਨਿਪਟਦੇ ਸਮੇਂ ਲਚੀਲਾਪਣ ਵਿਖਾਉਣ ਲਈ ਮਨਾਇਆ ਜਾ ਰਿਹਾ ਹੈ। ਇਸੇ ਲਈ ਇਹ ਕੋਈ ਇਤਫ਼ਾਕ ਨਹੀਂ ਹੈ ਕਿ ਜਿਹੜੀ ਮੋਦੀ ਸਰਕਾਰ ਹੁਣ ਤੱਕ ਜੰਮੂ ਕਸ਼ਮੀਰ ਦੇ ਲੋਕਾਂ ਜਾਂ ਪਾਕਿਸਤਾਨ ਨਾਲ ਗੱਲਬਾਤ ਤੋਂ ਸਾਫ਼ ਇਨਕਾਰ ਕਰਦੀ ਆ ਰਹੀ ਸੀ, ਉਸ ਨੇ ਅਚਾਨਕ ਕਸ਼ਮੀਰ ਮੁੱਦੇ 'ਤੇ ਇੱਕ ਵਾਰਤਾਕਾਰ ਨਿਯੁਕਤ ਕਰ ਦਿੱਤਾ ਹੈ।

18 ਅਕਤੂਬਰ ਨੂੰ ਟਿੱਲਰਸਨ ਨੇ ਵਾਸ਼ਿੰਗਟਨ ਦੇ 'ਨੀਤੀਗਤ ਤੇ ਕੌਮਾਂਤਰੀ ਅਧਿਐਨ ਕੇਂਦਰ' ਵਿਚ ਭਾਸ਼ਣ ਦਿੰਦਿਆਂ ਇੱਕ ਦ੍ਰਿਸ਼ ਸਥਾਪਤ ਕੀਤਾ। ਉਨ੍ਹਾਂ ਭਾਰਤ ਨਾਲ ਦੁਵੱਲੇ ਸਬੰਧ 'ਨਾਟਕੀ ਢੰਗ ਨਾਲ ਡੂੰਘੇ' ਕਰਨ ਦੀ ਗੱਲ ਕੀਤੀ ਅਤੇ ਇਸ ਮਾਮਲੇ ਵਿਚ ਉਨ੍ਹਾਂ ਦਾ ਮੰਨਣਾ ਸੀ ਕਿ ਇਸ ਦੇ ਨਤੀਜੇ ਐਨੇ ਦੂਰਰਸ ਨਿੱਕਲਣਗੇ ਕਿ ਉਨ੍ਹਾਂ ਨੂੰ 'ਅਗਲੇ ਸੈਂਕੜੇ ਵਰ੍ਹਿਆਂ' ਤੱਕ ਮਹਿਸੂਸ ਕੀਤਾ ਜਾ ਸਕੇਗਾ। ਦੋਵੇਂ ਦੇਸ਼ "ਰਣਨੀਤਕ ਕੇਂਦਰਮੁਖਤਾ ਨਾਲ ਵਿਸ਼ਵ-ਪੱਧਰੀ ਭਾਈਵਾਲੀਆਂ ਵਧਾਉਣਗੇ।" ਸਪਸ਼ਟ ਰੂਪ ਵਿੱਚ ਉਨ੍ਹਾਂ ਭਾਰਤ ਤੇ ਅਮਰੀਕਾ ਨੂੰ 'ਸਥਿਰਤਾ ਦੇ 2 ਠੁੰਮਣੇ' ਕਰਾਰ ਦਿੱਤਾ। ਉਹ ਭਾਰਤ ਦੇ ਪੂਰਬੀ ਕੰਢੇ ਤੋਂ ਲੈ ਕੇ ਅਮਰੀਕਾ ਦੇ ਪ੍ਰਸ਼ਾਂਤ ਮਹਾਂਸਾਗਰ ਨਾਲ ਲੱਗਦੇ ਕੰਢੇ ਤੱਕ ਬੇਰੋਕ ਤੇ ਸੰਪੂਰਨ ਭਾਰਤ-ਪ੍ਰਸ਼ਾਂਤ ਰੰਗਮੰਚ ਵੇਖਣਾ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਚੀਨ ਦੇ ਵਧਦੇ ਉਭਾਰ ਨੂੰ ਸੰਤੁਲਿਤ ਰੱਖਣ ਲਈ ਚੀਨ ਦੇ ਸਮੁੰਦਰੀ ਕੰਢਿਆਂ ਨਾਲ ਲੱਗਦੇ ਦੇਸ਼ਾਂ ਨਾਲ ਜਮਹੂਰੀ ਤੇ ਦੋਸਤਾਨਾ ਲੜੀ ਕਾਇਮ ਕੀਤੀ ਜਾਵੇ। ਪਰ ਅਸਲ ਵਿਚ ਦੂਜੇ ਸਿਰੇ ਦਾ ਠੁੰਮਣਾ ਜਾਪਾਨ ਹੈ ਪਰ ਜਿਵੇਂ ਕਿ ਇੱਕ ਸੈਮੀਨਾਰ ਦੌਰਾਨ ਇੱਕ ਚੀਨੀ ਵਿਸ਼ਲੇਸ਼ਕ ਨੇ ਕਿਹਾ ਹੈ ਕਿ ਅਮਰੀਕਾ ਕਿਉਂਕਿ ਇੱਕ ਵਿਸ਼ਵ ਸ਼ਕਤੀ ਹੈ, ਇਸ ਲਈ ਉਹ ਹਰੇਕ ਦਾ ਗੁਆਂਢੀ ਹੈ। ਟਿੱਲਰਸਨ ਤਾਂ ਕੇਵਲ ਉਸੇ ਦ੍ਰਿਸ਼ਟੀਕੋਣ ਵਿਚ ਰੰਗ ਭਰ ਰਹੇ ਹਨ, ਜਿਸ ਦਾ ਖ਼ਾਕਾ ਜਾਰਜ ਡਬਲਿਊ ਬੁਸ਼ ਦੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਤਿਆਰ ਕੀਤਾ ਗਿਆ ਸੀ।

ਟਿੱਲਰਸਨ ਨੇ ਭਾਰਤ-ਅਮਰੀਕਾ ਸਬੰਧਾਂ ਦੇ ਰਣਨੀਤਕ ਦ੍ਰਿਸ਼ਟੀਕੋਣ ਦੀ ਟੇਕ ਦੁਵੱਲੇ ਸਬੰਧ ਹੋਰ ਮਜ਼ਬੂਤ ਕਰਨ 'ਤੇ ਰੱਖੀ ਹੈ। ਦੋਵੇਂ ਦੇਸ਼ਾਂ ਵਿਚਾਲੇ ਵਪਾਰ ਪਿਛਲੇ ਵਰ੍ਹੇ 115 ਅਰਬ ਡਾਲਰ ਦੇ ਅੰਕੜੇ ਨੂੰ ਛੋਹ ਗਿਆ। ਭਾਰਤ ਨੇ 600 ਅਮਰੀਕੀ ਕੰਪਨੀਆਂ ਦੀ ਮੇਜ਼ਬਾਨੀ ਕੀਤੀ। ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 1.66 ਲੱਖ ਤੋਂ ਵੀ ਟੱਪ ਗਈ। ਭਾਰਤ-ਅਮਰੀਕਾ ਪਰਮਾਣੂ ਸਮਝੌਤੇ ਅਤੇ ਭਾਰਤ ਨੂੰ ਅਮਰੀਕਾ ਦਾ ਪ੍ਰਮੁੱਖ ਰੱਖਿਆ-ਭਾਈਵਾਲ ਐਲਾਨੇ ਜਾਣ ਤੋਂ ਬਾਅਦ ਅਤਿ ਆਧੁਨਿਕ ਤਕਨਾਲੋਜੀਆਂ ਟ੍ਰਾਂਸਫ਼ਰ ਕੀਤੇ ਜਾਣ 'ਤੇ ਲੱਗੀਆਂ ਜ਼ਿਆਦਾਤਰ ਪਾਬੰਦੀਆਂ ਹਟਾ ਦਿੱਤੀਆਂ ਗਈਆਂ ਹਨ। ਪਰ ਅੰਦਰਖਾਤੇ ਇੱਕ ਮਜ਼ਬੂਤ ਵਿਰੋਧੀ ਹਵਾ ਵੀ ਚੱਲ ਰਹੀ ਹੈ, ਜੋ ਸਿਰਫ਼ ਟਰੰਪ ਦੇ ਪਰਵਾਸੀਆਂ ਨਾਲ ਕੀਤੇ ਜਾਣ ਵਾਲੇ ਪੱਖਪਾਤ, ਐਚ-1ਬੀ ਵੀਜ਼ਾ ਉੱਤੇ ਪਾਬੰਦੀਆਂ ਲਾਏ ਜਾਣ, 'ਅਮਰੀਕਾ ਪਹਿਲਾਂ' ਤੇ ਸੰਸਾਰੀਕਰਨ ਵਿਰੋਧੀ ਸਟੈਂਡ, 'ਮੇਕ ਇਨ ਅਮੈਰਿਕਾ' ਨੀਤੀਆਂ ਕਰਕੇ ਹੈ। ਕੌਮਾਂਤਰੀ ਪੱਧਰ ਦੀ ਪਹੁੰਚ ਵਿੱਚ ਵੀ ਬਿਲਕੁਲ ਇਹੋ ਜਿਹਾ ਵਿਰੋਧਾਭਾਸ ਵੇਖਣ ਨੂੰ ਮਿਲ ਰਿਹਾ ਹੈ। ਆਗਾਮੀ 3 ਨਵੰਬਰ ਤੋਂ ਟਰੰਪ ਆਪਣੀ ਦੂਜੀ ਵਿਦੇਸ਼ ਯਾਤਰਾ 'ਤੇ ਜਾ ਰਹੇ ਹਨ। ਉਹ ਚੀਨ, ਕੋਰੀਆ ਗਣਰਾਜ, ਜਾਪਾਨ, ਫ਼ਿਲੀਪੀਨਜ਼ ਤੇ ਵੀਅਤਨਾਮ ਜਾਣਗੇ। ਚੀਨ ਵਿਚ ਉਨ੍ਹਾਂ ਦਾ ਸਾਹਮਣਾ ਐਤਕੀਂ ਇੱਕ ਮਜ਼ਬੂਤ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਹੋਵੇਗਾ, ਜਿਨ੍ਹਾਂ ਨੇ 18ਵੀਂ ਪਾਰਟੀ ਕਾਂਗਰਸ ਦੌਰਾਨ ਐਲਾਨ ਕੀਤਾ ਹੈ ਕਿ ਸਮਾਜਵਾਦ, ਚੀਨੀ ਵਿਸ਼ੇਸ਼ਤਾਵਾਂ ਨਾਲ ਇੱਕ 'ਨਵੇਂ ਯੁੱਗ' ਵਿੱਚ ਦਾਖ਼ਲ ਹੋ ਗਿਆ ਹੈ। ਚੀਨ ਹੁਣ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਮਰੀਕੀ ਲੀਡਰਸ਼ਿਪ ਵੱਲੋਂ ਪੈਦਾ ਕੀਤੇ ਵਿੱਤੀ, ਵਣਜ ਤੇ ਭੂ-ਰਣਨੀਤਕ ਤਾਣੇ-ਬਾਣੇ ਦਾ ਮੁਕਾਬਲਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਚੀਨ ਦਾ ਵਿਰੋਧੀ ਵਿਚਾਰ ਤਾਨਾਸ਼ਾਹੀ ਸਿਆਸੀ ਪ੍ਰਣਾਲੀ 'ਤੇ ਆਧਾਰਤ ਹੈ, ਜਿਸ ਦੀ ਟੇਕ ਬੌਧਿਕ ਸੂਝਬੂਝ ਵਾਲੇ ਵਿਅਕਤੀਆਂ ਤੇ ਆਰਥਿਕ ਸਫ਼ਲਤਾ 'ਤੇ ਹੈ ਅਤੇ ਚੀਨ ਦੀ 'ਪੱਟੀ ਤੇ ਸੜਕ ਪਹਿਲਕਦਮੀ' (ਬੀਆਰਆਈ) ਨਾਲ ਅੱਗੇ ਵਧਿਆ ਜਾਣਾ ਹੈ। ਸੀਐੱਸਆਈਐੱਸ ਦੌਰਾਨ ਟਿੱਲਰਸਨ ਦੇ ਭਾਸ਼ਣ ਵਿਚ ਇਸ ਟੇਢੀ, ਵਿੱਤੀ ਤੌਰ 'ਤੇ ਉਸ ਸ਼ੱਕੀ ਚੀਨੀ ਯੋਜਨਾ ਦਾ ਜਵਾਬ ਦਿੱਤਾ ਗਿਆ ਸੀ, ਜੋ ਵਾਤਾਵਰਣਕ ਤੇ ਪ੍ਰਭੂਸੱਤਾ ਨਾਲ ਸਬੰਧਤ ਹੋਰਨਾਂ ਦੀਆਂ ਚਿੰਤਾਵਾਂ ਨੂੰ ਅੱਖੋਂ ਪਰੋਖੇ ਕਰਦੀ ਹੈ। ਉਨ੍ਹਾਂ ਵਿਕਾਸਸ਼ੀਲ ਵਿਸ਼ਵ ਦੀਆਂ ਬੁਨਿਆਦੀ ਢਾਂਚੇ ਨਾਲ ਸਬੰਧਤ ਜ਼ਰੂਰਤਾਂ ਲਈ ਬਦਲਵੀਆਂ ਵਿੱਤੀ ਵਿਧੀਆਂ ਦੀ ਵਕਾਲਤ ਕੀਤੀ ਸੀ। ਪਰ ਟਰੰਪ ਦੀ ਵਿਚਾਰਧਾਰਾ ਕਰਕੇ ਅਮਰੀਕਾ ਅਲੱਗ-ਥਲੱਗ ਹੋ ਚੱਲਿਆ ਹੈ, ਜਿਸ ਕਰ ਕੇ 21ਵੀਂ ਸਦੀ ਦੀ ਮਾਰਸ਼ਲ ਯੋਜਨਾ ਉਲੀਕੀ ਨਹੀਂ ਜਾ ਸਕੇਗੀ। ਦੂਜੇ ਪਾਸੇ, ਸ਼ੀ ਅਮਰੀਕਾ ਨੂੰ ਨਵੀਂ ਕਿਸਮ ਦੇ 'ਵੱਡੀ ਤਾਕਤ ਦੇ ਸਬੰਧ' ਸਥਾਪਤ ਕਰਨ 'ਤੇ ਜ਼ੋਰ ਦੇਣਗੇ। ਭਾਰਤ ਨੂੰ ਦੋ-ਧਰੁਵਾਂ ਦੀ ਇਸੇ ਸੰਭਾਵੀ ਸਥਾਪਨਾ ਦਾ ਡਰ ਹੈ ਤੇ ਅਮਰੀਕੀ ਭਾਈਵਾਲਾਂ ਜਾਪਾਨ ਤੇ ਆਸੀਆਨ ਦੇ ਕੁਝ ਹੋਰ ਮੈਂਬਰ ਦੇਸ਼ਾਂ ਨੂੰ ਵੀ ਇਹੋ ਡਰ ਹੋਵੇਗਾ।

ਟਰੰਪ ਦੱਖਣੀ ਕੋਰੀਆ ਤੇ ਅਮਰੀਕਾ ਵਿਚ ਵੀ ਸਲਾਹਾਂ ਦੇਣਗੇ, ਜਿੱਥੇ ਪ੍ਰਧਾਨ ਮੰਤਰੀ ਸ਼ਿੰਜ਼ੋ ਅਬੇ ਚੋਣਾਂ ਤੋਂ ਬਾਅਦ ਮਜ਼ਬੂਤੀ ਨਾਲ ਉੱਭਰੇ ਹਨ ਅਤੇ ਉੱਤਰੀ ਕੋਰੀਆ ਦੇ ਸਮੱਸਿਆਵਾਂ ਨਾਲ ਭਰਪੂਰ 'ਰਾਕੇਟ ਮੈਨ' ਦਾ ਕੋਈ ਹੱਲ ਲੱਭਣਗੇ। ਟਰੰਪ ਨੇ ਪਹਿਲੀ ਵਿਦੇਸ਼ ਯਾਤਰਾ ਖਾੜੀ ਦੇਸ਼ਾਂ ਦੀ ਕੀਤੀ ਸੀ, ਜਿੱਥੇ ਉਨ੍ਹਾਂ ਇਸਲਾਮਿਕ ਸਟੇਟ ਨਾਲ ਲੜਨ ਲਈ

ਬਾਕੀ ਸਫ਼ਾ 27 'ਤੇ

# ਗੁਜਰਾਤ ’ਚ ਆਸਾਨ ਨਹੀਂ ਭਾਜਪਾ ਦੀ ਜਿੱਤ ਦਾ ਰਾਹ

**ਹੋਰ ਰਾਸ਼ਟਰੀ ਨੇਤਾਵਾਂ ਦੀ ਤਰ੍ਹਾਂ ਹੀ ਨਰਿੰਦਰ ਮੋਦੀ ਨੇ ਕਦੇ ਵੀ ਦੂਜੀ ਕਤਾਰ ਦੀ ਲੀਡਰਸ਼ਿਪ ਨੂੰ ਉੱਭਰਨ ਨਹੀਂ ਦਿੱਤਾ। ਇਹੀ ਕਾਰਨ ਹੈ ਕਿ ਤਾਲੁਕਾ ਪੱਧਰ ਦੀ ਨੇਤਾ ਆਨੰਦੀ ਬੇਨ ਨੂੰ ਹਟਾ ਕੇ ਵਿਦੂਸ਼ਕ ਜਾਪਣ ਵਾਲੇ ਰੁਪਾਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ। ਅਮਿਤ ਸ਼ਾਹ ਵੀ ਕੋਈ ਬਿਹਤਰ ਨਹੀਂ, ਦਿੱਲੀ ਦਾ ਮੀਡੀਆ ਬੇਸ਼ੱਕ ਹੀ ਇਸ ਚਾਣਕਿਆ ’ਤੇ ਫਿਦਾ ਹੋ ਸਕਦਾ ਹੈ, ਪਰ ਗੁਜਰਾਤੀ ਉਸ ਨੂੰ ਚਲਾਕ ਪੱਤੇਬਾਜ਼ ਤੋਂ ਵੱਧ ਹੋਰ ਕੁਝ ਨਹੀਂ ਸਮਝਦੇ।**

**ਹਰੀਸ਼ ਖਰੇ**



ਚੋਣ ਕਮਿਸ਼ਨ ਵੱਲੋਂ ਗੁਜਰਾਤ ਵਿੱਚ ਚੋਣ ਪ੍ਰਕਿਰਿਆ ਦੇ ਐਲਾਨ ਤੋਂ ਮਹਿਜ਼ ਕੁਝ ਘੰਟਿਆਂ ਮਗਰੋਂ ਹੀ ਇੱਕ ਹੋਰ ਘਟਨਾਕ੍ਰਮ ਵਾਪਰਿਆ ਅਤੇ ਹਾਰਦਿਕ ਪਟੇਲ ਖਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਗਏ। ਦਰਅਸਲ, ਇਹ ਨੌਜਵਾਨ ਗਾਂਧੀਨਗਰ ਵਿੱਚ ਸੱਤਾਧਾਰੀ ਪਾਰਟੀ ਦੇ ਪਿਛਵਾੜੇ ਵਿੱਚ ਕੰਡਾ ਬਣ ਕੇ ਚੁਭ ਰਿਹਾ ਹੈ। ਸੰਭਵ ਹੈ ਕਿ ਜ਼ਿਲ੍ਹਾ ਪੱਧਰੀ ਨਿਆਂਪਾਲਿਕਾ, ਸੀਨਾਜ਼ੋਰ ਸਰਕਾਰ ਦੇ ਪ੍ਰਭਾਵ ਹੇਠ ਆ ਗਈ ਹੋਵੇ। ਇਸ ਤੋਂ ਪਹਿਲਾਂ ਵੀ ਇੱਕ ਹੋਰ ਹੇਠਲੀ ਅਦਾਲਤ ਨੇ ਇੱਕ ਨਿਊਜ਼ ਪੋਰਟਲ ਖਿਲਾਫ਼ ਪਾਬੰਦੀ ਦਾ ਹੁਕਮ ਜਾਰੀ ਕਰਨ ’ਤੇ ਕ੍ਰਿਤੱਗ ਮਹਿਸੂਸ ਕੀਤਾ ਸੀ ਅਤੇ ਪੋਰਟਲ ਨੂੰ ‘ਮਾਣਯੋਗ’ ਜੈ ਸ਼ਾਹ ਦੀਆਂ ਕਾਰੋਬਾਰੀ ਸਰਗਰਮੀਆਂ ਬਾਰੇ ਕੁਝ ਵੀ ਕਹਿਣ ਜਾਂ ਲਿਖਣ ਤੋਂ ਮਨ੍ਹਾ ਕਰ ਦਿੱਤਾ ਸੀ। ਕੁਝ ਦਿਨ ਪਹਿਲਾਂ ਹੀ ਅਸੀਂ ਪੁਲੀਸ ਅਤੇ ਖੁਫ਼ੀਆ ਅਧਿਕਾਰੀਆਂ ਦੇ ਇਲਜ਼ਾਮਾਂ ਬਾਰੇ ਸੁਣਿਆ ਸੀ ਕਿ ਸੱਤਾਧਾਰੀ ਪਾਰਟੀ ਆਪਣੇ ਸਿਆਸੀ ਸ਼ਰੀਕਾਂ ਦੀ ਜਾਸੂਸੀ ਕਰਨ ਦਾ ਕੰਮ ਉਨ੍ਹਾਂ ਤੋਂ ਲੈਂਦੀ ਹੈ।

ਆਖ਼ਰ ਏਨਾ ਡਰ ਕਿਉਂ ਹੈ? ਜ਼ਾਹਰ ਹੈ, ‘ਮਿਸ਼ਨ 150’ ਦੇ ਗੜਬੜਾਉਣ ਦਾ ਡਰ ਹੈ। ਅਜਿੱਤ ਰਥ ਹੁਣ ਡਗਮਗਾ ਰਿਹਾ ਹੈ ਅਤੇ ਦਿੱਗਜ ਮਹਾਂਰਥੀ ਬੇਚੈਨ ਹਨ। ਇਸ ਡਰ ਨੂੰ ਗੁਜਰਾਤੀ ਸਮਾਜ ਦੇ ਹਰ ਵਰਗ ਵਿੱਚ ਮੌਜੂਦ ਸਮਾਜਿਕ ਤਣਾਅ ਦੇ ਸੰਦਰਭ ਵਿੱਚ ਸਮਝਿਆ ਜਾ ਸਕਦਾ ਹੈ।

ਦਰਅਸਲ, ਗੁਜਰਾਤ 25 ਅਗਸਤ 2015 ਤੋਂ ਹੀ ਸਮਾਜਿਕ ਅਸ਼ਾਂਤੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ ਜਦੋਂ ਹਾਰਦਿਕ ਪਟੇਲ ਨੇ ਪਾਟੀਦਾਰ ਅਮਾਨਤ ਅੰਦੋਲਨ ਸਮਿਤੀ ਦੇ ਝੰਡੇ ਹੇਠ ਪੰਜ ਲੱਖ ਤੋਂ ਜ਼ਿਆਦਾ ਲੋਕਾਂ ਦੀ ਭੀੜ ਜਮ੍ਹਾ ਕਰ ਲਈ ਸੀ। ਬੇਚੈਨੀ ਅਤੇ ਨਿਰਾਸ਼ਾ ਦੀ ਇਹ ਅੱਗ ਹਾਲੇ ਬੁਝੀ ਨਹੀਂ ਹੈ। ਅਜਿਹੇ ਹਾਲਾਤ ਵਿੱਚ ਜੇਕਰ ਸਿਆਸੀ ਹੰਕਾਰ ਅਤੇ ਪ੍ਰਸ਼ਾਸਨਿਕ ਅਸਮੱਰਥਾ ਨਾਲ ਕੋਈ ਕਦਮ ਚੁੱਕਿਆ ਗਿਆ ਤਾਂ ਇਹ ਤਕਰੀਬਨ ਹਰ ਭਾਈਚਾਰੇ ਵਿੱਚ ਗੁੱਸੇ ਦੀ ਅੱਗ ਨੂੰ ਹੋਰ ਭੜਕਾਏਗਾ।

ਹਾਰਦਿਕ ਨੇ ਗੁਜਰਾਤ ਦੀ ਵਿਦਰੋਹ ਅਤੇ ਨਾਫ਼ਰਮਾਨੀ ਦੀ ਤਕਰੀਬਨ ਸੌ ਸਾਲ ਪੁਰਾਣੀ ਰਵਾਇਤ ਦੀ ਵਰਤੋਂ ਕੀਤੀ ਹੈ। ਇਸ ਦੀ ਸ਼ੁਰੂਆਤ ਸ਼ਾਇਦ 1922 ਵਿੱਚ ਸੈਸ਼ਨ ਜੱਜ ਬਰੂਮਫੀਲਡ ਦੀ ਅਦਾਲਤ ਵਿੱਚ ਗਾਂਧੀ ਜੀ ਵੱਲੋਂ ਵਿਦਰੋਹ ਦੇ ਅਦਭੁੱਤ ਪ੍ਰਦਰਸ਼ਨ ਨਾਲ ਹੋਈ ਸੀ। ਇਸ ਮਗਰੋਂ ਭਾਰਤ ਛੱਡੋ ਅੰਦੋਲਨ ਦੌਰਾਨ ਅਹਿਮਦਾਬਾਦ ਸ਼ਹਿਰ ਵਿੱਚ ਵੱਲਭ ਭਾਈ ਪਟੇਲ ਨੇ ਗੁਰੀਲਾ ਰਣਨੀਤੀ ਵਰਤੀ ਸੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਮਹਾਂਗੁਜਰਾਤ ਅੰਦੋਲਨ ਅਤੇ ਇੰਦੂਲਾਲ ਯਾਗਨਿਕ ਅਤੇ ਜਵਾਹਰਲਾਲ ਨਹਿਰੂ ਦੀ ਦ੍ਰਿੜ੍ਹ ਨਾਫ਼ਰਮਾਨੀ ਸੀ। 1970ਵਿਆਂ ਦੇ ਦਹਾਕੇ ਵਿੱਚ ਨਵਨਿਰਮਾਣ ਅੰਦੋਲਨ ਚੱਲਿਆ ਅਤੇ ਇੰਦਰਾ ਗਾਂਧੀ ਨੂੰ ਚੁਣੌਤੀ ਦੇਣ ਦਾ ਫ਼ੈਸਲਾ ਲਿਆ ਗਿਆ ਅਤੇ ਫਿਰ ਨਰਿੰਦਰ ਮੋਦੀ ਨੇ ਆਪਣੇ ਹੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੇ ਨਵੀਂ ਦਿੱਲੀ ਦੇ ਕਥਿਤ ਉਦਾਰ ‘ਲੁਟਿਅਨਜ਼ ਦੇ ਕੁਲੀਨਾਂ’ ਦੀ ਅਵੱਗਿਆ ਕੀਤੀ। ਸਹੀ ਮਾਅਨਿਆਂ ਵਿੱਚ ਗੁਜਰਾਤੀਆਂ ਨੂੰ ਮੁਸ਼ਕਲ, ਵਿਪਰੀਤ ਅਤੇ ਅਵੱਗਿਆਕਾਰੀ ਹੋਣ ਵਿੱਚ ਯਕੀਨਨ ਆਨੰਦ ਅਤੇ ਸੰਤੁਸ਼ਟੀ ਮਿਲਦੀ ਹੈ।

ਨਰਿੰਦਰ ਮੋਦੀ ਨੇ ਵਿਦਰੋਹ ਦੀ ਇਸ ਰਵਾਇਤ ਦੀਆਂ ਯਾਦਾਂ ਵਿੱਚ ਬੇਹੱਦ ਚਲਾਕੀ ਨਾਲ ਇੱਕ ਸ਼ਕਤੀਸ਼ਾਲੀ ਗੁਜਰਾਤੀ ਉਪ-ਰਾਸ਼ਟਰਵਾਦ ਦੀ ਜਗ੍ਹਾ ਬਣਾਈ। ਭਾਜਪਾ ਲਈ 2017 ਵਿਚਲੀ ਅੜਾਉਣੀ ਇਹ ਹੈ ਕਿ ਚੁਣਾਵੀ ਮਕਸਦ ਲਈ ਇਸ ਉਪ-ਰਾਸ਼ਟਰਵਾਦ ਦਾ ਫ਼ਾਇਦਾ ਕਿਸ ਤਰ੍ਹਾਂ ਚੁੱਕਿਆ ਜਾਵੇ? ਆਖ਼ਰ, ਨਵਾਂ ਦੁਸ਼ਮਣ ਕੌਣ ਹੈ? ਚੋਣ ਮੁਹਿੰਮ ਵਿੱਚ ਰਾਹੁਲ ਗਾਂਧੀ ਦੀ ਹੈਰਾਨੀਜਨਕ ਤੇ ਲਗਾਤਾਰ ਮੌਜੂਦਗੀ ਦੇ ਬਾਵਜੂਦ ਕਾਂਗਰਸ ਇੱਕ ਖਰਾਬ ਨਿਸ਼ਾਨਾ ਬਣਦੀ ਹੈ।

ਗੁਜਰਾਤੀਆਂ ਦੀ ਇੱਕ ਪੂਰੀ ਨਵੀਂ ਪੀੜ੍ਹੀ ਜਾਂ ਹਾਰਦਿਕ ਪੀੜ੍ਹੀ- ਮਤਦਾਨ ਕਰਨ ਦੀ ਉਮਰ ਵਿੱਚ ਪਹੁੰਚ ਗਈ ਹੈ। ਇਨ੍ਹਾਂ ਨੌਜਵਾਨਾਂ ਅਤੇ ਮੁਟਿਆਰਾਂ ਨੂੰ ਇਹ ਪਤਾ ਨਹੀਂ ਹੈ ਕਿ ਗਾਂਧੀਨਗਰ ਵਿੱਚ ਕਾਂਗਰਸ ਦੀ ਸਰਕਾਰ ਕਿਵੇਂ ਸੀ ਜਾਂ ਵਿਕਾਸਸ਼ੀਲ ਗੁਜਰਾਤ ਨੂੰ ਚਮਕਦਾਰ ਉਦਯੋਗਿਕ ਰਾਜ ਵਿੱਚ ਬਦਲਣ ਲਈ ਉਸ ਨੇ ਕੀ ਕੁਝ ਕੀਤਾ ਸੀ ਜਾਂ ਨਹੀਂ ਕੀਤਾ ਸੀ। ਇਨ੍ਹਾਂ ਲੋਕਾਂ ਕੋਲ ਸਿਰਫ਼ ਗਾਂਧੀਨਗਰ ਵਿੱਚ ਭਾਜਪਾ ਦੇ ਕਾਰਜਕਾਲ ਦੀ ‘ਸੱਤਾ’ ਦਾ ਅਨੁਭਵ ਹੈ ਅਤੇ ਲਗਪਗ ਹਰ ਵੱਡੇ ਸ਼ਹਿਰ ਵਿੱਚ ਇਸ ਪੀੜ੍ਹੀ ਨੇ ਭਾਜਪਾ ਦਾ ਕਾਨੂੰਨ ਦੇਖਿਆ ਹੈ। ਅਜਿਹੇ ਵਿੱਚ ਜੋ ਕੁਝ ਵੀ ਸੰਤੁਸ਼ਟੀ, ਤ੍ਰਿਪਤੀ, ਸ਼ਿਕਾਇਤ, ਕ੍ਰੋਧ ਅਤੇ ਨਿਰਾਸ਼ਾ ਦਾ ਅਨੁਭਵ ਹੈ, ਉਹ ਸਿਰਫ਼ ਭਾਜਪਾ ਦੇ ਨਾਲ ਜਾਂ ਉਸ ਦੇ ਖ਼ਿਲਾਫ਼ ਹੋ ਸਕਦਾ ਹੈ।

ਭਾਜਪਾ ਦੇ ਕੌਮੀ ਪ੍ਰਬੰਧਕ ਸ਼ਾਇਦ ਇਹ ਜਾਣ ਗਏ ਹਨ ਕਿ ਮੋਦੀ ਦਾ ਜਾਦੂਈ ਸੰਮੋਹਨ ਹੁਣ ਖ਼ਤਮ ਹੋ ਚੁੱਕਾ ਹੈ। ਜੋ ਚਤੁਰ ਅਤੇ ਭਵਿੱਖ-ਗਿਆਨੀ ਹਨ, ਉਹ ਜਾਣਦੇ ਹਨ ਕਿ ਲਗਪਗ ਦੋ ਦਹਾਕਿਆਂ ਤੋਂ ਸਿੱਧੇ ਸਾਦੇ ਗੁਜਰਾਤੀ ਲੋਕਾਂ ਨੂੰ ਘਟੀਆ ਸਾਮਾਨ ਵੇਚਿਆ ਗਿਆ ਹੈ। ਵਿਹਾਰਕ ਦਿਮਾਗ਼ ਵਾਲੇ ‘ਗੁੱਜੂ’ ਨੂੰ ਸਮਝ ਆ ਗਿਆ ਹੈ ਕਿ ਉਨ੍ਹਾਂ ਨੂੰ ਠੱਗਿਆ ਗਿਆ। ਲੋਕਾਂ ਅੰਦਰਲੀ ਭਾਜਪਾ ਪ੍ਰਤੀ ਮਾਯੂਸੀ ਨੂੰ ਕਾਂਗਰਸ-ਵਿਰੋਧੀ ਜਜ਼ਬੇ ਵਿੱਚ ਬਦਲਣ ਲਈ ਬਹੁਤ ਰਾਜਨੀਤਕ ਕੁਸ਼ਲਤਾ ਦੀ ਲੋੜ ਹੋਵੇਗੀ। ਤਿੰਨ ਤਰ੍ਹਾਂ ਦੇ ਭੈਅ ਹਨ ਜੋ ਕਾਂਗਰਸ ਦੇ ਖ਼ਿਲਾਫ਼ ਕਥਿਤ ਤੌਰ ’ਤੇ ਦਿਖਾਏ ਜਾ ਸਕਦੇ ਹਨ।

ਸਭ ਤੋਂ ਪਹਿਲਾ ਡਰ ਧੁੰਦਲਾ, ਪਰ ਹਿੰਦੂਆਂ ਦੇ ਮਨ ਵਿੱਚ ਕਿਤੇ ਨਾ ਕਿਤੇ ਵਸਿਆ ਹੈ ਕਿ ਸਾਲ 2002 ਕੰਮ ਅਜੇ ਅਧੂਰਾ ਹੈ। ਇਹ ਇੱਕ ਵੱਡਾ ਤੌਖ਼ਲਾ ਹੈ ਕਿ ਜੇਕਰ ਮੋਦੀ, ਸ਼ਾਹ ਅਤੇ ਕੰਪਨੀ ਦੇ ਖ਼ਿਲਾਫ਼ ਵੋਟ ਦਿੱਤੀ ਜਾਂਦੀ ਹੈ ਤਾਂ ਜਿਹੜੀ ਗ਼ੈਰ ਭਾਜਪਾ ਸਰਕਾਰ ਹੋਂਦ ਵਿੱਚ ਆਏਗੀ ਉਹ ਮੁਸਲਮਾਨਾਂ ਨੂੰ ਰਾਜਨੀਤਕ ਥਾਂ ਦੇ ਸਕਦੀ ਹੈ ਜੋ 2002 ਦੇ ਬਾਅਦ ਤੋਂ ਹੀ ਹਾਸ਼ੀਏ ’ਤੇ ਹਨ। ਹਾਲਾਂਕਿ ਨੌਜਵਾਨ ਪੀੜ੍ਹੀ ਦੇ ਹਿੰਦੂ ਨੌਜਵਾਨ ਮੁਸਲਮਾਨਾਂ ਨੂੰ ਇੱਕ ਦੱਬੂ ਅਤੇ ਅਧੀਨ ਭਾਈਚਾਰੇ ਦੇ ਰੂਪ ਵਿੱਚ ਜਾਣਦੇ ਹਨ ਜੋ ਆਪਣੇ ਸਿਰ ਨੂੰ ਨੀਵਾਂ ਰੱਖਦੇ ਹਨ ਅਤੇ ਕੋਈ ਵਿਵਾਦ ਜਾਂ ਝਗੜਾ ਮੁੱਲ ਲੈਣ ਦੀ ਹਿੰਮਤ ਨਹੀਂ ਕਰਦੇ। ਮੁਸਲਿਮ ਇਸ ਹਕੀਕਤ ਨੂੰ ਜਾਣਦੇ ਹਨ- ਅਤੇ ਹਿੰਦੂ ਵੀ ਇਸ ਤੋਂ ਵਾਕਫ਼ ਹਨ- ਕਿ ਮੁਸਲਮਾਨ ਬੇਈਮਾਨੀ ਨਾਲ ਨਿਗਮ ਵਾਰਡਾਂ ਵਿੱਚੋਂ ਬਾਹਰ ਕੀਤੇ ਗਏ ਹਨ। ਇਹ ਇੱਕ ਅਜਿਹਾ ਸਮੁਦਾਇ ਹੈ ਜਿਸ ਦੀ ਢੁਕਵੀਂ ਆਬਾਦੀ ਹੈ, ਪਰ ਉਹ ਪੂਰੀ ਤਰ੍ਹਾਂ ਨਾਲ ਹਾਸ਼ੀਏ ’ਤੇ ਚਲੇ ਗਏ ਹਨ। ਇੱਥੋਂ ਤਕ ਕਿ ਔਸਤ ਮੱਧ ਵਰਗ ਦੇ ਗੁਜਰਾਤੀ ਹਿੰਦੂ ਲਈ 1980 ਦੇ ਦਹਾਕੇ ਦੇ ਸ਼ੁਰੂਆਤੀ ਦਿਨਾਂ ਵਿੱਚ ਮੁਸਲਿਮ ਦਾਅਵਿਆਂ ਦੀਆਂ ਯਾਦਾਂ ਧੁੰਦਲੀਆਂ ਹੋ ਗਈਆਂ ਹਨ।

ਗੁਜਰਾਤੀ ਹਿੰਦੂਆਂ ਨੂੰ ਕਦੇ ਵੀ ਅਪਰਾਧ ਦੀ ਭਾਵਨਾ ਮਹਿਸੂਸ ਨਹੀਂ ਹੋਣ ਦਿੱਤੀ ਗਈ ਕਿਉਂਕਿ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਮੁਸਲਿਮ, ਪਾਕਿਸਤਾਨ ਲਈ ਕੰਮ ਕਰਦੇ ਹਨ। ਉਨ੍ਹਾਂ ਨਾਲ ਉਸ ਤਰ੍ਹਾਂ ਹੀ ਕੀਤਾ ਗਿਆ ਜਿਸ ਦੇ ਉਹ ਯੋਗ ਸਨ, ਪਰ ਹੁਣ ਉਨ੍ਹਾਂ ਦਾ ਆਪਣਾ ਸਭ ਤੋਂ ਤਾਕਤਵਰ ਵਿਅਕਤੀ ਦਿੱਲੀ ਵਿੱਚ ਰਾਸ਼ਟਰੀ ਸੁਰੱਖਿਆ ਦਾ ਪ੍ਰਬੰਧ ਕਰ ਰਿਹਾ ਹੈ ਤਾਂ ਫਿਰ ਸਵਾਲ ਉਠਦਾ ਹੈ ਕਿ ਆਖ਼ਿਰ ਕਿੰਨੇ ਸਮੇਂ ਤਕ ਹਿੰਦੂ ਮਤਦਾਤਾ ਇਸ ਡਰ ਵਿੱਚ ਫਸੇ ਰਹਿਣਗੇ?

ਦੂਜਾ ਡਰ, ਜਿਸ ’ਤੇ ਕੰਮ ਹੋ ਰਿਹਾ ਹੈ, ਉਹ ਹੈ ਜਾਤੀਵਾਦੀ ਵਿਰੋਧ। ਪਾਟੀਦਾਰ ਅਨਾਮਤ ਅੰਦੋਲਨ ਵੀ ਇਸ ਦੇ ਨਾਕਾਰਾਤਮਕ ਪੱਖਾਂ ਤੋਂ ਅਲੱਗ ਨਹੀਂ ਹੈ- ਇਹ ਰਾਜਨੀਤਕ ਰੂਪ ਸੱਤਾਧਾਰੀ ਭਾਜਪਾ ਦੇ ਖ਼ਿਲਾਫ਼ ਹੋ ਸਕਦਾ ਹੈ, ਪਰ ਸਮਾਜਿਕ ਰੂਪ ਨਾਲ ਇਸ ਦਾ ਨਿਸ਼ਾਨਾ ਹੋਰ ਪੱਛੜੇ ਵਰਗ ਹਨ ਅਤੇ ਓਬੀਸੀ ਵਰਗ ਜਾਣਦਾ ਹੈ ਕਿ ਪਟੇਲਾਂ ਦੀ ਨਜ਼ਰ ਉਨ੍ਹਾਂ ਦੇ ਰਾਖਵੇਂਕਰਨ ਦੇ ਹਿੱਸੇ ’ਤੇ ਹੈ। ਸਭ ਤੋਂ ਵੱਡਾ ਡਰ ਇਹ ਹੈ ਕਿ ਜਾਤ ਦਾ ਸੰਘਰਸ਼ ਗ੍ਰਾਮੀਣ ਖੇਤਰਾਂ ਵਿੱਚ ਇੱਕ ਦੂਜੇ ਦੇ ਖ਼ਿਲਾਫ਼ ਹੋ ਸਕਦਾ ਹੈ। ਮੱਧਵਰਗੀ ਖ਼ੁਸ਼ਹਾਲ ਹਿੰਦੂ, ਪੇਂਡੂ ਇਲਾਕਿਆਂ ਵਿੱਚ ਜਾਤੀਵਾਦੀ ਗੁੱਟਾਂ ਦੇ ਉੱਭਰਨ ਨਾਲ ਭੈਅਭੀਤ ਹੈ। ਗੁਜਰਾਤ ਦਾ ਸਮਾਜਿਕ ਤਾਲਮੇਲ ਬੇਹੱਦ ਨਾਜ਼ੁਕ ਮੋੜ ’ਤੇ ਹੈ। ਇਸ ਨੂੰ ਥੋੜ੍ਹਾ ਜਿਹਾ ਝਟਕਾ ਭਰ ਦੇਣ ਨਾਲ ਸਮਾਜਿਕ ਤਾਣਾ ਬਾਣਾ ਟੁੱਟ ਸਕਦਾ ਹੈ।

ਹਾਕਮ ਧਿਰ ਨੂੰ ਸਭ ਤੋਂ ਵੱਡਾ ਡਰ ਇਹ ਹੈ ਕਿ ਰਾਸ਼ਟਰ ਨੂੰ ਤਾਂ ਪਹਿਲਾਂ ਵੀ ਬਹੁਤ ਸਾਰੇ ਸੁਫਨੇ ਦਿਖਾ ਕੇ ਭਰਮਾਇਆ ਜਾ ਚੁੱਕਾ ਹੈ, ਪਰ ਗੁਜਰਾਤੀ ਹੁਣ ਇਸ ਜਾਦੂਗਰੀ ਦੀ ਹਕੀਕਤ ਨੂੰ ਸਮਝਣ ਲੱਗੇ ਹਨ। ਜੀਐੱਸਟੀ, ਨੋਟਬੰਦੀ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਹੈ, ਪਰ ਗੁਜਰਾਤ ਵਿੱਚ ਇੱਕ ਵੀ ਅਜਿਹਾ ਨੇਤਾ ਨਹੀਂ ਹੈ ਜਿਸ ਦਾ ਸਨਮਾਨ ਅਤੇ ਭਰੋਸਾ ਹੋਵੇ, ਅਜਿਹੇ ਵਿੱਚ ਸਮਾਜਿਕ ਤਾਣੇ ਬਾਣੇ ਨੂੰ ਕਾਇਮ ਰੱਖਣ ਲਈ ਕਿਸ ’ਤੇ ਵਿਸ਼ਵਾਸ ਕੀਤਾ ਜਾਵੇ।

ਹੋਰ ਰਾਸ਼ਟਰੀ ਨੇਤਾਵਾਂ ਦੀ ਤਰ੍ਹਾਂ ਹੀ ਨਰਿੰਦਰ ਮੋਦੀ ਨੇ ਕਦੇ ਵੀ ਦੂਜੀ ਕਤਾਰ ਦੀ ਲੀਡਰਸ਼ਿਪ ਨੂੰ ਉੱਭਰਨ ਨਹੀਂ ਦਿੱਤਾ। ਇਹੀ ਕਾਰਨ ਹੈ ਕਿ ਤਾਲੁਕਾ ਪੱਧਰ ਦੀ ਨੇਤਾ ਆਨੰਦੀ ਬੇਨ ਨੂੰ ਹਟਾ ਕੇ ਵਿਦੂਸ਼ਕ ਜਾਪਣ ਵਾਲੇ ਰੁਪਾਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ। ਅਮਿਤ ਸ਼ਾਹ ਵੀ ਕੋਈ ਬਿਹਤਰ ਨਹੀਂ, ਦਿੱਲੀ ਦਾ ਮੀਡੀਆ ਬੇਸ਼ੱਕ ਹੀ ਇਸ ਚਾਣਕਿਆ ’ਤੇ ਫਿਦਾ ਹੋ ਸਕਦਾ ਹੈ, ਪਰ ਗੁਜਰਾਤੀ ਉਸ ਨੂੰ ਚਲਾਕ ਪੱਤੇਬਾਜ਼ ਤੋਂ ਵੱਧ ਹੋਰ ਕੁਝ ਨਹੀਂ ਸਮਝਦੇ।

ਸੱਤਾਧਾਰੀ ਸਰਕਾਰ ਤੋਂ ਨੌਜਵਾਨਾਂ ਦਾ ਪੂਰੀ ਤਰ੍ਹਾਂ ਨਾਲ ਮੋਹ ਭੰਗ ਹੋ ਚੁੱਕਿਆ ਹੈ। ਬਦਕਿਸਮਤੀ ਇਹ ਹੈ ਕਿ ਭਾਜਪਾ ਦੇ ਪ੍ਰਬੰਧਕ ਸਿਰਫ਼ 18 ਦਸੰਬਰ ਨੂੰ ਦੇਖ ਰਹੇ ਹਨ ਜਦੋਂਕਿ ਨੌਜਵਾਨ ਉਸ ਤੋਂ ਅੱਗੇ ਦੀ ਸੋਚ ਰਹੇ ਹਨ। ਹਾਲਾਂਕਿ ਨਰਿੰਦਰ ਮੋਦੀ ਨਾਲ ਉਨ੍ਹਾਂ ਦਾ ਭਾਵਨਾਤਮਕ ਲਗਾਅ ਬਣਿਆ ਹੋਇਆ ਹੈ ਅਤੇ ਉਹ ਚਾਹੁੰਦੇ ਹਨ ਕਿ ਮੋਦੀ ਦਾ ਪ੍ਰਯੋਗ ਸਫ਼ਲ ਹੋਵੇ। ਫਿਰ ਵੀ, ਉਹ ਘੁਮੰਡ ਵਿੱਚ ਚੂਰ ਤੇ ਹੰਕਾਰੀ ਭਾਜਪਾਈ ਹਜੂਮ, ਜੋ ਕਿ ਚੋਣ ਖਿਚੜੀ ਪਕਾ ਰਿਹਾ ਹੈ, ਅਤੇ ਭਗਵਾ ਪਾਰਟੀ ਦੀ ਆਸਾਨ ਜਿੱਤ ਦੀ ਭਵਿੱਖਬਾਣੀ ਕਰ ਰਹੇ ਹਨ, ਉੱਤੇ ਭਰੋਸਾ ਕਰਨ ਲਈ ਤਿਆਰ ਨਹੀਂ ਹਨ। ਭਾਜਪਾ ਦੀ ਜਿੱਤ ਬਾਰੇ ਭਰੋਸੇਯੋਗਤਾ ਦੇ ਅਜਿਹੇ ਦਾਅਵੇ ਹੀ ਗੁਜਰਾਤੀ ਅਸਮਿਤਾ ’ਤੇ ਠੇਸ ਬਣ ਸਕਦੇ ਹਨ ਅਤੇ ਇਨ੍ਹਾਂ ਖਿਲਾਫ਼ ਨਫ਼ਰਤ ਪੈਦਾ ਕਰ ਸਕਦੇ ਹਨ।

## ਬਦਲਾ ਤੇ ਬਖ਼ਸ਼ਿੰਦਗੀ

*ਸ.ਫਾ 26 ਦਾ ਬਾਕੀ*

ਅਸੀਂ ਖਿਮਾਸ਼ੀਲ ਨਹੀਂ ਤਾਂ ਸੁਲ੍ਹਾ-ਸਫ਼ਾਈ ਕਦੇ ਵੀ ਸੰਭਵ ਨਹੀਂ ਹੋਵੇਗੀ।” ਇਸ ਕਮਿਸ਼ਨ ਦਾ ਲਾਭ ਇਹ ਹੋਇਆ ਕਿ ਚਾਰ ਸਦੀਆਂ ਤੋਂ ਪੀੜਤ ਰਹੇ ਸਿਆਹਫਾਮ ਭਾਈਚਾਰੇ ਨੂੰ ਜਿੱਥੇ ਆਪਣਾ ਗੁੱਭ-ਗੁਭਾਟ ਖੁੱਲ੍ਹ ਕੇ ਕੱਢਣ ਦਾ ਅਵਸਰ ਮਿਲ ਗਿਆ, ਉੱਥੇ ਨਸਲਪ੍ਰਸਤ ਗੋਰਿਆਂ ਨੂੰ ਵੀ ਆਪਣੇ ਗੁਨਾਹ ਇਕਬਾਲ ਕਰਨ ਤੇ ਪਛੋਤਾਵਾ ਕਰਨ ਦਾ ਮੰਚ ਹਾਸਲ ਹੋ ਗਿਆ। ਇਸ ਅਮਲ ਨੇ ਦੱਖਣੀ ਅਫਰੀਕਾ ਵਿੱਚ ਨਸਲੀ ਕਸ਼ੀਦਗੀ ਭਾਵੇਂ ਪੂਰੀ ਤਰ੍ਹਾਂ ਸ਼ਾਂਤ ਨਹੀਂ ਕੀਤੀ, ਫਿਰ ਵੀ ਨਸਲੀ ਸਾਂਝ ਤੇ ਏਕੇ ਦੇ ਯਤਨਾਂ ਨੂੰ ਬੂਰ ਪੈਣਾ ਸ਼ੁਰੂ ਹੋ ਗਿਆ।

1984 ਦੇ ਸਿੱਖ ਕਤਲੇਆਮ ਦੀ 33ਵੀਂ ਬਰਸੀ ਦੇ ਪ੍ਰਸੰਗ ਵਿੱਚ ਮਨ ਵਿੱਚ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਭਾਰਤ ਵਿੱਚ ਵੀ ਕੀ ਅਜਿਹਾ ਕਮਿਸ਼ਨ ਕਾਇਮ ਕੀਤਾ ਜਾ ਸਕਦਾ ਹੈ ਜੋ 1984 ਦੇ ਸਿੱਖ ਕਤਲੇਆਮ ਜਾਂ 2002 ਦੇ ਗੁਜਰਾਤ ਨਰਸੰਹਾਰ ਜਾਂ 1989 ਦੇ ਭਾਗਲਪੁਰ ਦੰਗਿਆਂ ਦੇ ਪੀੜਾਕਾਰਾਂ ਤੇ ਪੀੜਤਾਂ ਦਰਮਿਆਨ ਸੰਵਾਦ ਦਾ ਮੰਚ ਪ੍ਰਦਾਨ ਕਰੇ ਅਤੇ ਰਾਜਨੇਤਾਵਾਂ, ਪ੍ਰਸ਼ਾਸਕਾਂ, ਦੰਗਈ ਆਗੂਆਂ ਜਾਂ ਉਨ੍ਹਾਂ ਦੇ ਪ੍ਰਤੀਨਿਧਾਂ ਨੂੰ ਆਪਣੇ ਗੁਨਾਹ ਕਬੂਲਣ, ਉਨ੍ਹਾਂ ’ਤੇ ਪਸ਼ਚਾਤਾਪ ਕਰਨ ਤੇ ਭੁੱਲ ਬਖ਼ਸ਼ਵਾਉਣ ਦਾ ਜ਼ਰੀਆ ਸਾਬਤ ਹੋਵੇ। ਇਹ ਕੋਈ ਨਵਾਂ ਵਿਚਾਰ ਨਹੀਂ। ਇਸ ਬਾਰੇ ਚਰਚਾ ਪਹਿਲਾਂ ਵੀ ਹੁੰਦੀ ਆਈ ਹੈ; ਖ਼ਾਸ ਕਰਕੇ ਦੰਡ ਜਾਂ ਸਜ਼ਾ ਵਾਲੇ ਅਮਲ ਦੀ ਨਾਕਾਮੀ ਤੇ ਨਾਅਹਿਲੀਅਤ ਨੂੰ ਦੇਖ ਕੇ। ਇਸੇ ਲਈ ਬਖ਼ਸ਼ਿੰਦਗੀ ਵਾਲਾ ਰਾਹ ਅਪਨਾਉਣ ਵਿੱਚ ਹਰਜ ਵੀ ਨਜ਼ਰ ਨਹੀਂ ਆਉਂਦਾ। ਪਰ ਮੋਦੀ ਦੇ ਭਾਰਤ ਵਿੱਚ, ਜਿੱਥੇ ਗਲੇ ਲਾਉਣ ਤੇ ਗੋਲੀ ਮਾਰਨ ਵਿਚ ਭੇਦ ਹੀ ਨਹੀਂ ਕੀਤਾ ਜਾਂਦਾ, ਕੀ ਅਜਿਹਾ ਕੁਝ ਸੰਭਵ ਹੋਣ ਦਿੱਤਾ ਜਾਵੇਗਾ?

(ਲੇਖਕ “ਪੰਜਾਬੀ ਟ੍ਰਿਬਿਊਨ” ਦਾ ਸੰਪਾਦਕ ਹੈ)

## ਭਾਰਤ ਨੂੰ ਸੰਤੁਲਿਤ ਕੌਮਾਂਤਰੀ ਖੇਡ ਖੇਡਣ ਦੀ ਲੋੜ

ਇਰਾਨ ਨੂੰ ਨਾ ਛੇੜਨ ਦਾ ਓਬਾਮਾ ਦਾ ਸਿਧਾਂਤ ਰੱਦ ਕੀਤਾ ਸੀ। ਉਨ੍ਹਾਂ ਸਊਦੀ ਅਰਬ ਦੀ ਮੇਜ਼ਬਾਨੀ ਵਾਲੇ ਸੁੰਨੀ ਗਠਜੋੜ ਦਾ ਸਮਰਥਨ ਕੀਤਾ ਸੀ ਪਰ ਉਹ ਗਠਜੋੜ ਉਨ੍ਹਾਂ ਦੀ ਰਵਾਨਗੀ ਦੇ ਤੁਰੰਤ ਬਾਅਦ ਦੋਫਾੜ ਹੋ ਗਿਆ ਸੀ ਕਿਉਂਕਿ ਸਊਦੀ ਅਰਬ ਤੇ ਸੰਯੁਕਤ ਅਰਬ ਅਮੀਰਾਤ ਨੇ ਕਤਰ ਨੂੰ ਸਮਰਥਨ ਦੇ ਦਿੱਤਾ ਸੀ। ਨਤੀਜੇ ਵਜੋਂ ਤੁਰਕੀ ਵੀ ਖਾੜੀ ਦੇਸ਼ਾਂ ਦੇ ਮਾਮਲਿਆਂ ਵਿਚ ਸ਼ਾਮਲ ਹੋ ਗਿਆ ਸੀ ਅਤੇ ਉਸ ਨੇ ਕਤਰ ਦੀ ਮਦਦ ਲਈ ਆਪਣੀਆਂ ਫ਼ੌਜਾਂ ਤਿਆਰ ਕਰ ਲਈਆਂ ਸਨ। ਇੰਝ ਟਰੰਪ ਨੇ ਈਰਾਨ ਨੂੰ ਨਾਰਾਜ਼ ਕਰ ਲਿਆ, ਖਾੜੀ ਸਹਿਯੋਗ ਪ੍ਰੀਸ਼ਦ (ਜੀਸੀਸੀ) ਵਿਚ ਫੁੱਟ ਪੈ ਗਈ ਅਤੇ ਸੁੰਨੀ-ਵਿਸ਼ਵ ਵੀ ਆਪਸ ਵਿੱਚ ਵੰਡਿਆ ਗਿਆ। ਟਰੰਪ ਦੀ ਅਗਲੀ ਫੇਰੀ ਲਈ ਪਹਿਲਾਂ ਹੀ ਐਲਾਨ ਕਰ ਦਿੱਤਾ ਗਿਆ ਹੈ ਕਿ ਉਹ ਫ਼ਿਲਿਪੀਨਜ਼ ਵਿਚ ਪੂਰਬੀ ਏਸ਼ੀਆ ਦੇ ਸਿਖ਼ਰ ਸੰਮੇਲਨ ਵਿੱਚ ਭਾਗ ਨਹੀਂ ਲੈਣਗੇ, ਜਦਕਿ ਓਬਾਮਾ ਉੱਥੇ ਜ਼ਰੂਰ ਭਾਗ ਲੈਂਦੇ ਸਨ। ਹੁਣ ਪ੍ਰਸ਼ਾਂਤ ਮਹਾਂਸਾਗਰ ਪਾਰ ਦੀ ਭਾਈਵਾਲੀ ਤੋਂ ਅਮਰੀਕਾ ਲਾਂਭੇ ਹੋ ਗਿਆ ਹੈ, ਜਦਕਿ ਉਹ ਅਮਰੀਕਾ ਵਿਚ ਕਾਰੋਬਾਰ ਅਤੇ ਚੀਨ ਦੇ ਆਲੇ-ਦੁਆਲੇ ਵਿਸ਼ਵ ਪੱਧਰੀ ਕਦਰਾਂ ਕੀਮਤਾਂ ’ਤੇ ਕੇਂਦ੍ਰਿਤ ਹੁੰਦੀ ਸੀ। ਚੀਨ ਦੁਆਲੇ ਘੇਰਾ ਪਾਉਣ ਲਈ ਭਾਰਤ ਤੇ ਜਾਪਾਨ ਜਿਹੇ ਅਮਰੀਕੀ ਭਾਈਵਾਲਾਂ ਨੂੰ ਜਿਹੜੇ ਸੱਦੇ ਦਿੱਤੇ ਜਾ ਰਹੇ ਹਨ, ਉਨ੍ਹਾਂ ਦੇ ਖੋਖਲੇ ਸਿੱਧ ਹੋਣ ਦੀ ਸੰਭਾਵਨਾ ਹੈ। ਚੀਨ ਦੇ ਸ਼ਾਂਤੀਪੂਰਨ ਤੇ ਹਕੂਮਤ ਆਧਾਰਤ ਉਭਾਰ ਨੂੰ ਯਕੀਨੀ ਬਣਾਉਣ ਲਈ ਸੰਸਥਾਨ-ਨਿਰਮਾਣ ਦੀ ਥਾਂ ਫ਼ੌਜੀ ਹਵਾਈ ਜਹਾਜ਼ਾਂ ਦੀ ਘੁਸਪੈਠ ਬਹੁਤ ਮਾੜੇ ਬਦਲ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੇ ਜੱਦੀ ਸੂਬੇ ਗੁਜਰਾਤ ਵਿਚ ਅਹਿਮ ਚੋਣ-ਜੰਗ ਲੜਨੀ ਪੈ ਰਹੀ ਹੈ, ਜਿੱਥੇ ਜੇ ਉਹ ਵੋਟਾਂ ਦੇ ਵੱਡੇ ਫ਼ਰਕ ਨਾਲ ਨਹੀਂ ਜਿੱਤਦੇ, ਤਦ ਵੀ ਇਹ ਉਨ੍ਹਾਂ ਦਾ ਨੁਕਸਾਨ ਹੀ ਮੰਨਿਆ ਜਾਵੇਗਾ ਅਤੇ ਜੇ ਕੋਈ ਨੁਕਸਾਨ ਹੁੰਦਾ ਹੈ, ਤਦ ਵੀ ਗੜਬੜ ਹੈ। ਘਰ ਵਿੱਚ ਰੰਗਮੰਚੀ ਅਤੇ ਇਤਫ਼ਾਕੀਆ ਨੀਤੀ ਉਲੀਕਣਾ ਸ਼ਾਸਨ ਦਾ ਕੋਈ ਬਦਲ ਨਹੀਂ ਹੈ। ਵਿਦੇਸ਼ ਵਿੱਚ ਇਹ ਨਿਸ਼ਚਤ ਤੌਰ ’ਤੇ ਦੁਖਦਾਈ ਹੈ। ਭਾਰਤ ਕੋਲ ਹੁਣ ਕੇਵਲ ਇਹੋ ਰਾਹ ਹੈ ਕਿ ਉਹ ਗੁੰਝਲਦਾਰ ਕੌਮਾਂਤਰੀ ਦ੍ਰਿਸ਼ ਵਿੱਚ ਸੰਤੁਲਿਤ ਖੇਡ ਖੇਡੇ ਅਤੇ ਪੂਰੀ ਰਣਨੀਤਕ ਯੋਜਨਾਬੰਦੀ ਅਤੇ ਸ਼ਾਨਦਾਰ ਕੂਟਨੀਤੀ ਦਾ ਇਸਤੇਮਾਲ ਕਰੇ। ਅਮਰੀਕਾ ਇੱਕ ਵਿਸ਼ਵ-ਸ਼ਕਤੀ ਹੈ ਤੇ ਉਸ ਦੀਆਂ ਆਪਣੀਆਂ ਤਰਜੀਹਾਂ ਹਨ, ਸ਼ਾਇਦ ਇਸੇ ਲਈ ਟਰੰਪ ਹੁਣ ਆਪਣੇ ਏਸ਼ੀਆ ਦੌਰੇ ਦੌਰਾਨ ਦੱਖਣੀ ਏਸ਼ੀਆ ਵਿਚ ਨਹੀਂ ਆ ਰਹੇ। ਭਾਰਤ ਨੂੰ ਚੀਨ ਤੇ ਪਾਕਿਸਤਾਨ ਦੀ ਭਾਈਵਾਲੀ ਨੂੰ ਤੋੜਨਾ ਹੋਵੇਗਾ, ਇਸ ਲਈ ਉਸ ਨੂੰ ਕਿਸੇ ਇੱਕ ਨੂੰ ਲੁਭਾਉਣਾ ਹੋਵੇਗਾ; ਰੂਸ ਤੇ ਯੂਰੋਪ ਨੂੰ ਪੂਰੀ ਸ਼ਿੱਦਤ ਨਾਲ ਮੁੜ ਆਪਣੇ ਨਾਲ ਜੋੜਨਾ ਹੋਵੇਗਾ, ਸ਼ੀ ਜਿਨਪਿੰਗ ਨੂੰ ਆਪਣੇ ਨਾਲ ਜੋੜਨਾ ਹੋਵੇਗਾ ਅਤੇ ਬਹੁ-ਪੱਖੀ ਤਾਕਤਾਂ ਦਾ ਇੱਕ ਨਵੀਂ ਕਿਸਮ ਦਾ ਗੁੱਟ-ਨਿਰਲੇਪ ਭਾਈਵਾਲ ਬਣ ਕੇ ਉੱਭਰਨਾ ਹੋਵੇਗਾ। ਨਹਿਰੂਵਾਦੀ ਵਿਚਾਰਧਾਰਾ ਤੇ ਪਟੇਲ ਦੇ ਯਥਾਰਥਵਾਦ ਦੇ ਦੋ-ਧਰੁਵਾਂ ਵਿਚਲੇ ਰਸਤੇ ਤੋਂ ਗੁਜ਼ਰਦੇ ਹੋਏ ਅੱਗੇ ਵਧਣਾ ਹੋਵੇਗਾ।

***(ਲੇਖਕ ਭਾਰਤ ਦੇ ਵਿਦੇਸ਼ ਮੰਤਰਾਲੇ ਵਿੱਚ ਸਕੱਤਰ ਰਹਿ ਚੁੱਕਾ ਹੈ।***

ਮੁਲਾਕਾਤ

# .ਗਦਰ ਲਹਿਰ ਦੇ ਦਿਨਾਂ ਵਿੱਚ...



ਕਰਤਾਰ ਢਿੱਲੋਂ

**ਪੁਰਾਣੇ ਸਮਿਆਂ ਵਿੱਚ ਰੋਜ਼ੀ-ਰੋਟੀ ਲਈ ਵਿਦੇਸ਼ਾਂ ਵਿੱਚ ਜਾ ਵੱਸੇ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਦੇ ਘੋਲ ਵਿੱਚ ਜ਼ਿਕਰਯੋਗ ਯੋਗਦਾਨ ਪਾਇਆ। ਅਮਰੀਕਾ ਗਏ ਮੁੱਢਲੇ ਪੰਜਾਬੀਆਂ ਵਿੱਚ ਬਖਸ਼ੀਸ਼ ਸਿੰਘ ਢਿੱਲੋਂ ਵੀ ਸ਼ਾਮਲ ਸੀ। .ਗਦਰ ਲਹਿਰ ਨਾਲ ਜੁੜੇ ਇਸ ਸ਼ਖ਼ਸ ਦੇ ਪਰਿਵਾਰ ਨੇ ਵੀ ਇਸ ਲਹਿਰ ਨੂੰ ਨੇੜਿਓਂ ਤੱਕਿਆ। ਇਸ ਬਾਬਤ ਯਾਦਾਂ ਸਾਂਝੀਆਂ ਕਰਦੀ ਹੈ ਬਖਸ਼ੀਸ਼ ਸਿੰਘ ਢਿੱਲੋਂ ਦੀ ਧੀ ਕਰਤਾਰ ਢਿੱਲੋਂ ਨਾਲ ਕੀਤੀ ਗਈ ਇਹ ਮੁਲਾਕਾਤ।**



*ਬਖਸ਼ੀਸ਼ ਸਿੰਘ ਢਿੱਲੋਂ (ਸੱਜੇ) ਆਪਣੇ ਪਰਿਵਾਰ ਅਤੇ ਤਿੰਨ ਮਿੱਤਰਾਂ ਨਾਲ।*

1898 'ਚ ਸਾਨ ਫਰਾਂਸਿਸਕੋ ਬੰਦਰਗਾਹ 'ਤੇ ਲੱਥਣ ਵਾਲਾ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੁਰਸਿੰਘ ਦਾ ਬਖਸ਼ੀਸ਼ ਸਿੰਘ ਢਿੱਲੋਂ ਅਮਰੀਕਾ ਪੁੱਜਣ ਵਾਲਾ ਪਹਿਲਾ ਪੰਜਾਬੀ ਸੀ। ਉਹ ਅੰਗਰੇਜ਼ੀ ਫ਼ੌਜ 'ਚ ਸਾਰਜੰਟ ਦੀ ਨੌਕਰੀ ਕਰਦਾ ਆਇਆ ਸੀ। ਨੌਕਰੀ ਦੌਰਾਨ ਕਿੰਨੇ ਸਾਲ ਉਹ ਸ਼ੰਘਾਈ ਰਿਹਾ। ਤਿੰਨ ਹੋਰ ਸਿੰਘਾਂ ਨਾਲ ਉਹ ਸਮੁੰਦਰੀ ਜਹਾਜ਼ ਰਾਹੀਂ ਅਮਰੀਕਾ ਦੇ ਪੱਛਮੀ ਤੱਟ 'ਤੇ ਪੁੱਜ ਗਿਆ। ਬਖਸ਼ੀਸ਼ ਸਿੰਘ ਤੇ ਉਹਦੇ ਸਾਥੀਆਂ ਦੇ ਦਸਤਾਰ ਤੇ ਦਾਹੜੇ ਵਾਲੇ ਚਿਹਰੇ ਦੇਖ ਕੇ ਇਮੀਗ੍ਰੇਸ਼ਨ ਦੇ ਅਧਿਕਾਰੀ ਹੈਰਾਨ ਹੋ ਗਏ। ਉਨ੍ਹਾਂ ਨੇ ਅਖ਼ਬਾਰਾਂ ਵਾਲਿਆਂ ਨੂੰ ਸੱਦ ਲਿਆ। ਅਗਲੇ ਦਿਨ ਪੰਜਾਬ ਦੇ ਲੰਮੇ ਉੱਚੇ ਦਰਸ਼ਨੀ ਜਵਾਨਾਂ ਦੀ ਫ਼ੋਟੋ ਸਮੇਤ ਖ਼ਬਰ ਸਾਨ ਫਰਾਂਸਿਸਕੋ ਦੇ ਮੁੱਖ ਅਖ਼ਬਾਰ 'ਸਾਨ ਫਰਾਂਸਿਸਕੋ ਕ੍ਰਾਨਿਕਲ' ਵਿੱਚ ਛਪੀ।

ਸਾਲ 1999 ਵਿੱਚ ਮੈਂ ਅਮਰੀਕਾ ਫੇਰੀ ਦੌਰਾਨ ਬਖਸ਼ੀਸ਼ ਸਿੰਘ ਦੀ ਧੀ ਕਰਤਾਰ ਢਿੱਲੋਂ ਨੂੰ ਸਾਨ ਫਰਾਂਸਿਸਕੋ ਉਹਦੇ ਘਰ ਜਾ ਮਿਲਿਆ। ਪ੍ਰਭਾਵਸ਼ਾਲੀ ਦਿੱਖ ਅਤੇ ਲੰਮੇ ਉੱਚੇ ਕੱਦ-ਕਾਠ ਵਾਲੀ ਕਰਤਾਰ ਉਦੋਂ ਪੱਚਾਸੀ ਸਾਲਾਂ ਦੀ ਸੀ। ਉਹ ਸਵੈ-ਨਿਰਭਰ ਹੋ ਕੇ ਆਪਣੇ ਸਾਰੇ ਕੰਮ ਕਰਦੀ। ਕਾਰ ਚਲਾਉਂਦੀ, ਦਾਨਿਸ਼ਵਰਾਂ ਵਾਂਗ ਗੱਲਾਂ ਕਰਦੀ। ਉਹ ਆਪਣੇ ਪਿਤਾ ਤੇ ਪਰਿਵਾਰ ਦੇ ਹੋਰ ਜੀਆਂ ਅਤੇ .ਗਦਰ ਲਹਿਰ ਦੇ ਦਿਨਾਂ ਬਾਰੇ ਮੇਰੇ ਨਾਲ ਗੱਲਬਾਤ ਕਰਨ ਲਈ ਮੰਨ ਗਈ। ਗੱਲਬਾਤ ਉਹਦੀ ਧੀ ਡਾ. ਆਇਸ਼ਾ ਦੇ ਘਰ ਬਰਕਲੇ (ਕੈਲਿਫੋਰਨੀਆ) 'ਚ ਤਿੰਨ ਦਿਨਾਂ ਤਕ ਚਲਦੀ ਰਹੀ। ਅੰਗਰੇਜ਼ੀ 'ਚ ਹੋਈ ਇਹ ਲੰਮੀ ਗੱਲਬਾਤ ਉਦੋਂ ਇੱਕ ਅੰਗਰੇਜ਼ੀ ਪੱਤਰ ਵਿੱਚ ਛਪੀ।

15 ਜੂਨ, 2008 ਨੂੰ ਕਰਤਾਰ ਢਿੱਲੋਂ ਦਾ 93 ਸਾਲ ਦੀ ਆਯੂ ਵਿੱਚ ਦੇਹਾਂਤ ਹੋ ਗਿਆ। ਸ਼ਾਨਦਾਰ ਸ਼ਖ਼ਸੀਅਤ ਵਾਲੀ ਤੇ ਆਪਣੇ ਯੁੱਗ ਤੋਂ ਬਹੁਤ ਅਗਾਂਹ ਦੀ ਸੋਚ ਰੱਖਣ ਵਾਲੀ ਇਸ ਸ਼ਖ਼ਸੀਅਤ ਨਾਲ ਹੋਈ ਉਸ ਗੱਲਬਾਤ ਵਿੱਚੋਂ ਅਹਿਮ ਹਿੱਸਾ ਪੇਸ਼ ਕਰ ਰਹੇ ਹਾਂ।

**• ਆਪਣੇ ਪਿਤਾ ਬਖਸ਼ੀਸ਼ ਸਿੰਘ ਬਾਰੇ ਕੁਝ ਦੱਸੋ। ਸੁਣਿਐ, ਉਹ ਅਮਰੀਕਾ 'ਚ ਪੁੱਜਣ ਵਾਲਾ ਪਹਿਲਾ ਪੰਜਾਬੀ ਬੰਦਾ ਸੀ?**

– ਜਿੰਨਾ ਕੁ ਮੈਨੂੰ ਪਤਾ, ਅਮਰੀਕਾ 'ਚ ਆਉਣ ਵਾਲਾ ਉਹ ਪਹਿਲਾ ਪੰਜਾਬੀ ਸੀ।

**• ਅਮਰੀਕਾ ਪਹੁੰਚਣ ਤੋਂ ਪਹਿਲਾਂ ਤੁਹਾਡੇ ਪਿਤਾ ਦਾ ਪਿਛੋਕੜ?**

– ਉਹ ਅੰਮ੍ਰਿਤਸਰ ਜ਼ਿਲ੍ਹੇ ਦੇ ਸੁਰਸਿੰਘ ਪਿੰਡ ਤੋਂ ਸੀ। ਸੋਲਾਂ ਸਤਾਰਾਂ ਸਾਲਾਂ ਦਾ ਸੀ ਜਦ ਉਹ ਕਮਾਈ ਕਰਨ ਘਰੋਂ ਤੁਰ ਪਿਆ। ਦੋ ਭਰਾਵਾਂ 'ਚੋਂ ਉਹ ਨਿੱਕਾ ਸੀ। ਪਰਿਵਾਰ ਲਈ ਬੜੀ ਔਖਿਆਈ ਦੇ ਦਿਨ ਸਨ। ਅੰਗਰੇਜ਼ਾਂ ਨੇ ਮਾਲੀਆ ਏਨਾ ਵਧਾ ਦਿੱਤਾ ਕਿ ਕੁੱਲ ਕਮਾਈ ਦਾ ਅੱਧ ਇਸ ਵਿੱਚ ਚਲਾ ਜਾਂਦਾ। ਬਹੁਤੇ ਲੋਕ ਕੰਗਾਲ ਤੇ ਬੇਜ਼ਮੀਨੇ ਹੋਣ ਲੱਗੇ ਤੇ ਸ਼ਾਹੂਕਾਰਾਂ ਦੇ ਸ਼ਿਕਾਰ ਹੋ ਗਏ। ਜੇ ਕੰਮ ਮਿਲਦਾ ਤਾਂ ਉਹ ਬਰਤਾਨਵੀ ਫ਼ੌਜ 'ਚ ਨੌਕਰੀ ਦਾ ਸੀ। ਮੇਰਾ ਪਿਤਾ ਫ਼ੌਜ 'ਚ ਭਰਤੀ ਹੋ ਗਿਆ। ਉਹ ਤੋਪ ਗੋਲਾ ਦਸਤੇ ਵਿੱਚ ਸੀ ਤੇ ਉਹਨੂੰ ਚੀਨ ਭੇਜ ਦਿੱਤਾ ਗਿਆ। ਉਹ ਬਹੁਤ ਲੰਮਾ ਤੇ ਤਕੜੇ ਜੁੱਸੇ ਵਾਲਾ ਜੁਆਨ ਸੀ। ਤੋਪ ਗੋਲੇ ਦੇ ਭਾਰੇ ਸਾਮਾਨ ਨਾਲ ਸਿੱਝਣ ਲਈ ਮੇਰੇ ਪਿਤਾ ਵਰਗੇ ਤਕੜੇ ਜੁੱਸੇ ਵਾਲੇ ਬੰਦੇ ਦੀ ਲੋੜ ਸੀ।

**• ਉਹ ਫ਼ੌਜ 'ਚ ਕਿੰਨੀ ਦੇਰ ਰਹੇ? ਫ਼ੌਜ 'ਚੋਂ ਰੁਖ਼ਸਤ ਕਿਉਂ ਹੋਏ?**

– ਇਹਦਾ ਜੁਆਬ ਮੈਂ ਬਚਪਨ ਵੇਲੇ ਜੋ ਸੁਣਿਆ ਉਹਨੂੰ ਯਾਦ ਕਰਕੇ ਹੀ ਦੇ ਸਕਦੀ ਹਾਂ। ਉਹਨੂੰ ਅੰਗਰੇਜ਼ਾਂ ਦੀ ਨੌਕਰੀ ਕਰਨੀ ਮਾੜੀ ਲੱਗਦੀ ਸੀ। ਪਹਿਲਾ ਮੌਕਾ ਮਿਲਦੇ ਹੀ ਉਹਨੇ ਫ਼ੌਜ ਤੋਂ ਪੱਕੀ ਛੁੱਟੀ ਲੈ ਲਈ।

**• ਤੁਹਾਡੇ ਪਿਤਾ ਦੇ ਫ਼ੌਜ 'ਚ ਭਰਤੀ ਹੋਣ ਨਾਲ ਮਾਇਕ ਲੋੜਾਂ ਪੂਰੀਆਂ ਹੋਈਆਂ?**

– ਕਾਫ਼ੀ ਹੱਦ ਤਕ ਪੂਰੀਆਂ ਹੋਈਆਂ।

**• ਆਪਣੇ ਬਚਪਨ ਦੀਆਂ ਯਾਦਾਂ ਬਾਰੇ ਕੁਝ ਦੱਸੋ।**

– ਮੈਂ ਦੱਖਣੀ ਕੈਲਿਫੋਰਨੀਆ ਦੀ ਸਿੰਮੀ ਵਾਦੀ 'ਚ 1915 'ਚ ਜਨਮੀ। ਮੇਰਾ ਖਿਆਲ ਹੈ ਉਦੋਂ ਮੇਰਾ ਪਿਤਾ ਉਸਾਰੀ ਦੇ ਕੰਮ 'ਤੇ ਲੱਗਾ ਹੋਇਆ ਸੀ। ਮੈਂ ਕੋਈ ਸਾਲ ਦੀ ਹੋਵਾਂਗੀ ਜਦ ਮੇਰਾ ਪਿਤਾ ਔਰਗਨ ਸਟੇਟ ਦੇ ਅਸਟੋਰੀਆ ਨਗਰ 'ਚ ਆ ਗਿਆ। ਉੱਥੇ ਉਹਨੇ ਲੱਕੜ ਮਿਲ 'ਚ ਕੰਮ ਕੀਤਾ। (ਦਰਅਸਲ, ਅਸਟੋਰੀਆ 'ਚ ਕੁਝ ਸਾਲ ਪਹਿਲਾਂ, 1913 'ਚ, ਹਿੰਦੀ ਕਾਮਿਆਂ ਦੀ ਜਥੇਬੰਦੀ ਬਣ ਚੁੱਕੀ ਸੀ ਜਿਹਦਾ ਨਾਂ 'ਹਿੰਦੀ ਐਸੋਸੀਏਸ਼ਨ ਆਫ ਦਿ ਪੈਸਿਫਿਕ ਕੋਸਟ' ਰੱਖਿਆ ਗਿਆ ਸੀ ਜੋ ਬਾਅਦ ਵਿੱਚ .ਗਦਰ ਪਾਰਟੀ ਦੇ ਨਾਂ ਨਾਲ ਪ੍ਰਸਿੱਧ ਹੋਈ)।

**• ਅਸਟੋਰੀਆ 'ਚ ਉਦੋਂ ਜ਼ਿੰਦਗੀ ਕਿੱਦਾਂ ਦੀ ਸੀ?**

– ਅਸਟੋਰੀਆ ਬਹੁਤ ਖ਼ੂਬਸੂਰਤ ਜਗ੍ਹਾ ਹੈ। ਇਹ ਸ਼ਹਿਰ ਔਰਗਨ ਸਟੇਟ ਦੇ ਧੁਰ ਉੱਤਰ-ਪੱਛਮੀ ਕੋਨੇ 'ਤੇ ਵੱਸਿਆ ਹੋਇਆ ਹੈ ਜਿੱਥੇ ਕਈ ਦਰਿਆ ਦੂਰੋਂ ਆਉਂਦੇ ਤੇ ਅਗਾਂਹ ਸ਼ਾਂਤ ਮਹਾਂਸਾਗਰ 'ਚ ਜਾ ਦਾਖਲ ਹੁੰਦੇ ਹਨ। ਕੋਲੰਬੀਆ ਦਰਿਆ ਉਸ ਥਾਂ ਵਹਿੰਦਾ; ਸਾਡਾ ਟਿਕਾਣਾ ਕੋਲੰਬੀਆ ਦਰਿਆ ਦੇ ਐਨ ਕੰਢੇ 'ਤੇ ਸੀ। ਇਹ ਦਰਿਆ ਬਹੁਤ ਚੌੜਾ ਹੈ; ਮੇਰਾ ਖਿਆਲ ਹੈ ਚਾਰ ਮੀਲ ਚੌੜਾ; ਤੇ ਉੱਥੋਂ ਦੇ ਮੌਸਮਾਂ ਦੀ ਤਾਂ ਗੱਲ ਹੀ ਨਾ ਪੁੱਛੋ। ਸਰਦੀਆਂ 'ਚ ਬਰਫ਼ ਪੈਂਦੀ। ਉੱਥੇ ਅਸੀਂ ਕਾਲੇ ਬੇਰ ਤੋੜਦੇ। ਅਸੀਂ ਉਦੋਂ ਬੱਚੇ ਸੀ; ਸਿਵਾਏ ਖੇਡਣ ਦੇ ਹੋਰ ਕੋਈ ਕੰਮ ਨਹੀਂ ਸੀ ਹੁੰਦਾ। ਸਾਰੇ ਕੰਮ ਦਾ ਜ਼ਿੰਮਾ ਸਾਡੀ ਮਾਂ ਦਾ ਹੁੰਦਾ ਸੀ। ਪਿਤਾ ਪੈਦਲ ਕੰਮ 'ਤੇ ਜਾਂਦਾ। ਉੱਥੇ ਇੰਡੀਆ ਤੋਂ ਆ ਕੇ ਰਹਿਣ ਵਾਲਾ ਪਰਿਵਾਰ ਸਿਰਫ਼ ਸਾਡਾ ਹੀ ਸੀ। ਕੋਈ ਚਾਰ ਸੌ ਦੇ ਕਰੀਬ ਕਾਮੇ ਭਾਰਤ ਤੋਂ ਸਨ, ਪਰ ਸਾਰੇ ਮਰਦ; ਕਿਸੇ ਦਾ ਪਰਿਵਾਰ ਨਾਲ ਨਹੀਂ ਸੀ ਹੁੰਦਾ। ਇਸ ਤੋਂ ਇਲਾਵਾ ਫਿਨਲੈਂਡ, ਜਰਮਨੀ, ਆਇਰਲੈਂਡ ਤੇ ਯੂਨਾਨ ਤੋਂ ਆਏ ਕਾਮੇ ਉੱਥੇ ਰਹਿੰਦੇ ਸਨ। ਮੇਰਾ ਪਿਤਾ ਜਿਸ ਜਗ੍ਹਾ ਕੰਮ ਕਰਦਾ, ਉਹਦਾ ਨਾਂ ਹੈਮੰਡ ਲੰਬਰ ਮਿਲ ਸੀ। ਇਹ ਮਿਲ ਹੁਣ ਉੱਥੇ ਨਹੀਂ ਰਹੀ।



ਗੁਰਬਚਨ

**• ਉਸ ਆਰਾ ਮਿੱਲ 'ਚ ਕੰਮ ਦਾ ਕੀ ਹਾਲ ਸੀ; ਕਾਮੇ ਕਿੱਦਾਂ ਮਹਿਸੂਸ ਕਰਦੇ ਸਨ?**

– ਅਮਰੀਕਾ ਦੇ ਉੱਤਰ-ਪੱਛਮ 'ਚ ਸਾਰਾ ਇਲਾਕਾ ਟਿੰਬਰ ਨਾਲ ਭਰਿਆ ਪਿਆ ਹੈ। ਆਰਾ ਮਿੱਲਾਂ, ਜਿੱਥੇ ਲੱਕੜ ਦੀ ਚਿਰਾਈ/ਕਟਾਈ ਹੁੰਦੀ, ਉਸ ਇਲਾਕੇ ਵਿੱਚ ਇਨ੍ਹਾਂ ਦੀ ਬਹੁਤ ਵੱਡੀ ਸਨਅਤ ਸੀ। ਅੰਤਰਰਾਸ਼ਟਰੀ ਪੱਧਰ 'ਤੇ ਕਾਮਿਆਂ ਨੇ ਆਪਣੇ ਆਪ ਨੂੰ ਆਈਡਬਲਯੂਡਬਲਯੂ ਜਥੇਬੰਦੀ 'ਚ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਸੰਗਠਨ ਦੀ ਫਿਲਾਸਫ਼ੀ ਅਮਰੀਕਨ ਫੈਡਰੇਸ਼ਨ ਆਫ ਲੇਬਰ ਤੋਂ ਵੱਖਰੀ ਸੀ। ਆਈਡਬਲਯੂਡਬਲਯੂ ਦੀ ਫਿਲਾਸਫ਼ੀ ਰੋਟੀ-ਟੁੱਕ ਦੇ ਸੁਆਲ ਤਕ ਸੀਮਤ ਨਹੀਂ ਸੀ। ਇਸ ਸੰਸਥਾ ਅੱਗੇ ਇਹ ਸੁਆਲ ਅਹਿਮ ਸੀ ਕਿ ਰੋਟੀ ਕਮਾਉਣ ਬਾਅਦ ਵਰਕਰ ਦਾ ਜੀਵਨ ਕਿੱਦਾਂ ਦਾ ਹੈ, ਯਾਨੀਕਿ ਉਹਦਾ ਸਮਾਜਿਕ ਜੀਵਨ ਕਿਹੋ ਜਿਹਾ ਹੈ ਤੇ ਉਹ ਬਾਹਰੀ ਦੁਨੀਆਂ ਨਾਲ ਕਿਵੇਂ ਜੁੜਦਾ ਹੈ। ਇਹਦੇ ਮੁਕਾਬਲੇ ਅਮਰੀਕਨ ਯੂਨੀਅਨ ਰੋਟੀ ਦੇ ਮਸਲੇ ਤੋਂ ਅਗਾਂਹ ਨਹੀਂ ਸੀ ਜਾਂਦੀ। ਉਹ ਬਦੇਸ਼ੀ ਕਾਮਿਆਂ ਦੀ ਮੌਜੂਦਗੀ 'ਤੇ ਖ਼ੁਸ਼ ਨਹੀਂ ਸੀ, ਨਾ ਹੀ ਉਹ ਬਦੇਸ਼ੀ ਕਾਮਿਆਂ ਨੂੰ ਆਪਣੀ ਯੂਨੀਅਨ ਵਿੱਚ ਦਾਖਲਾ ਦੇਂਦੇ ਸਨ। ਪਰ 'ਇੰਟਰਨੈਸ਼ਨਲ ਵਰਕਰਜ਼ ਆਫ ਦਿ ਵਰਲਡ' ਸਾਰਿਆਂ ਨੂੰ ਆਪਣੀ ਯੂਨੀਅਨ ਵਿੱਚ ਸ਼ਾਮਿਲ ਕਰਨ ਦੇ ਹੱਕ ਵਿੱਚ ਸੀ। ਇਹ ਬਹੁਤ ਸ਼ਾਨਦਾਰ ਕਿਸਮ ਦੀ ਯੂਨੀਅਨ ਸੀ। ਮੇਰਾ ਪਿਤਾ ਇਸ ਯੂਨੀਅਨ ਦਾ ਮੈਂਬਰ ਸੀ। ਇਕੇਰਾਂ ਕੰਮ ਦੀਆਂ ਸ਼ਰਤਾਂ ਮਾੜੀਆਂ ਹੋਣ ਕਰਕੇ ਇਸ ਯੂਨੀਅਨ ਨੇ ਹੜਤਾਲ ਕਰਨ ਦਾ ਐਲਾਨ ਕੀਤਾ। ਕਾਮਿਆਂ ਨੂੰ ਘੱਟ ਉਜਰਤ 'ਤੇ ਜ਼ਿਆਦਾ ਘੰਟੇ ਕੰਮ ਕਰਨਾ ਪੈਂਦਾ ਤੇ ਉਜਰਤ ਵਿੱਚ ਵੀ ਵਿਤਕਰਾ ਕੀਤਾ ਜਾਂਦਾ ਸੀ। ਇੰਡੀਅਨ, ਜਾਪਾਨੀ ਤੇ ਹੋਰ ਗ਼ੈਰ-ਗੋਰੇ ਕਾਮਿਆਂ ਨੂੰ ਜੋ ਉਜਰਤ ਮਿਲਦੀ ਉਹ ਗੋਰੇ ਕਾਮਿਆਂ ਨੂੰ ਦਿੱਤੀ ਜਾਣ ਵਾਲੀ ਉਜਰਤ ਤੋਂ ਘੱਟ ਸੀ, ਜਦੋਂਕਿ ਸੱਚ ਇਹ ਸੀ ਕਿ ਸਿਵਾਏ ਮੂਲ ਵਾਸੀਆਂ ਦੇ ਬਾਕੀ ਸਾਰੇ ਕਾਮੇ, ਜਿਸ ਵਿੱਚ ਅਮਰੀਕਨ ਗੋਰੇ ਵੀ ਸ਼ਾਮਲ ਸਨ, ਆਵਾਸੀ ਸਨ। ਅਸਟੋਰੀਆ ਤੇ ਹੋਰ ਥਾਵਾਂ 'ਚ ਹੜਤਾਲ ਹੋਈ। ਅੰਤ ਯੂਨੀਅਨ ਨੇ ਮੰਗਾਂ ਮੰਨਵਾਈਆਂ, ਪਰ ਇਹ ਜਿੱਤ ਬਹੁਤ ਤਕੜੀ ਜੱਦੋਜਹਿਦ ਬਾਅਦ ਪ੍ਰਾਪਤ ਹੋਈ। ਉਜਰਤ ਵਿੱਚ ਵਾਧਾ ਕੀਤਾ ਗਿਆ ਤੇ ਕੰਮ ਦੇ ਘੰਟਿਆਂ ਨੂੰ ਘਟਾਇਆ ਗਿਆ। ਇਸ ਜੱਦੋਜਹਿਦ ਵਿੱਚ ਮੇਰੇ ਪਿਤਾ ਦਾ ਰੋਲ ਇਹ ਸੀ ਕਿ ਉਹ ਇਸ ਲੜਾਈ ਦੀ ਅਹਿਮੀਅਤ ਬਾਰੇ ਇੰਡੀਆ ਦੇ ਕਾਮਿਆਂ ਵਿੱਚ ਪ੍ਰਚਾਰ ਕਰਦਾ ਰਿਹਾ ਕਿਉਂਕਿ ਆਪਣੇ ਕਾਮਿਆਂ 'ਚੋਂ ਸਿਰਫ਼ ਉਹੀ ਪੜ੍ਹਿਆ ਲਿਖਿਆ ਸੀ। ਉਹਨੂੰ ਅੰਗਰੇਜ਼ੀ ਤੇ ਪੰਜਾਬੀ ਦੋਨਾਂ ਭਾਸ਼ਾਵਾਂ ਦੀ ਮੁਹਾਰਤ ਸੀ। ਉਹ ਪੰਜਾਬੀ ਕਾਮਿਆਂ ਨੂੰ ਹੜਤਾਲ ਦੌਰਾਨ ਜੋ ਕੁਝ ਵਾਪਰਦਾ ਉਹਦੇ ਬਾਰੇ ਜਾਣਕਾਰੀ ਦਿੰਦਾ ਤੇ ਦੱਸਦਾ ਕਿ ਉਨ੍ਹਾਂ ਦਾ ਹੜਤਾਲ 'ਚ ਸ਼ਾਮਲ ਹੋਣਾ ਕਿਉਂ ਜ਼ਰੂਰੀ ਹੈ। ਆਈਡਬਲਯੂਡਬਲਯੂ ਦਾ ਇਤਿਹਾਸ ਬਹੁਤ ਅਹਿਮ ਹੈ। ਇਸ ਯੂਨੀਅਨ ਨੇ ਵਰਕਰਾਂ ਦੇ ਹੱਕ 'ਚ ਅਨੇਕ ਲੜਾਈਆਂ ਲੜੀਆਂ। ਮਾਲਕਾਂ ਨੇ ਕਿੰਨੀ ਵੇਰ ਸਰਕਾਰੀ ਬੰਦੂਕਧਾਰੀ ਬੁਲਾਏ ਤੇ ਸੈਂਕੜੇ ਵਰਕਰ ਇਨ੍ਹਾਂ ਲੜਾਈਆਂ 'ਚ ਮਾਰੇ ਵੀ ਗਏ। ਜਿੱਥੇ ਕਿਤੇ ਵੀ ਸੰਘਰਸ਼ ਹੋਇਆ ਉਸ ਥਾਂ ਬਾਰੇ ਕੋਈ ਨਾ ਕੋਈ ਕਹਾਣੀ ਪ੍ਰਸਿੱਧ ਹੈ। ਹਰੇਕ ਥਾਂ ਝਗੜੇ ਦੀ ਜੜ੍ਹ ਇਹੀ ਸੀ ਕਿ ਇੱਕ ਪਾਸੇ ਵਰਕਰ ਤੇ ਦੂਜੇ ਪਾਸੇ ਮਿੱਲ ਮਾਲਕ ਸਨ ਤੇ ਇਨ੍ਹਾਂ ਦੋਨਾਂ ਦੇ ਹਿੱਤਾਂ ਵਿਚਕਾਰ ਟੱਕਰ ਹੁੰਦੀ। ਮਿਸਾਲ ਵਜੋਂ, ਆਰਾ ਮਿੱਲਾਂ ਵਿੱਚ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਅਜਿਹੀਆਂ ਹੁੰਦੀਆਂ ਕਿ ਚਲਦੇ ਆਰੇ 'ਚ ਕਾਮੇ ਦਾ ਹੱਥ ਆ ਜਾਣ ਦਾ ਖ਼ਤਰਾ ਬਣਿਆ ਰਹਿੰਦਾ। ਉਨ੍ਹਾਂ ਨੂੰ ਆਪਣੇ ਬਚਾਅ ਲਈ ਵੀ ਲੜਨਾ ਪਿਆ। ਲੜਾਈ ਸਿਰਫ਼ ਜ਼ਿਆਦਾ ਉਜਰਤ ਲਈ ਜਾਂ ਕੰਮ ਦੇ ਘੰਟਿਆਂ ਬਾਰੇ ਨਹੀਂ ਸੀ ਲੜੀ ਜਾਂਦੀ, ਇਹ ਵਰਕਰ ਦੀ ਜਾਨ ਦੇ ਬਚਾਅ ਲਈ ਵੀ ਲੜੀ ਜਾਂਦੀ ਸੀ। ਇਸ ਸਾਰੇ ਚੱਕਰ 'ਚ ਪੰਜਾਬ ਤੋਂ ਆਏ ਵਰਕਰਾਂ ਨੂੰ ਸਮਝਾਉਣ ਤੇ ਪੜ੍ਹਾਉਣ ਦੀ ਬੜੀ ਲੋੜ ਸੀ ਕਿਉਂਕਿ ਉਨ੍ਹਾਂ ਦਾ ਪਿਛੋਕੜ ਜ਼ਮੀਨ ਦਾ ਸੀ ਤੇ ਉਨ੍ਹਾਂ ਪਹਿਲਾਂ ਕਦੀ ਆਰਾ ਮਿੱਲਾਂ 'ਚ ਕੰਮ ਨਹੀਂ ਸੀ ਕੀਤਾ। ਇਨ੍ਹਾਂ ਕਾਮਿਆਂ ਨੂੰ ਜੰਗਲ 'ਚ ਵੀ ਕੰਮ ਕਰਨਾ ਪੈਂਦਾ। ਇਨ੍ਹਾਂ ਨੂੰ ਦੱਸਣਾ ਜ਼ਰੂਰੀ ਸੀ ਕਿ ਜਦ ਦਰਖਤ ਨੂੰ ਕੱਟਿਆ ਜਾਂਦਾ ਹੈ ਤਾਂ ਡਿੱਗਦੇ ਦਰਖਤ ਤੋਂ ਕਿਵੇਂ ਬਚਣਾ ਹੁੰਦਾ ਹੈ। ਇਹ ਵੀ ਦੱਸਣਾ ਪੈਂਦਾ ਕਿ ਸੰਘਣੇ ਜੰਗਲ 'ਚ ਆਪਣਾ ਰਾਹ ਕਿਵੇਂ ਲੱਭਣਾ ਹੈ।

**• ਜਦ ਤੁਸੀਂ ਅਸਟੋਰੀਆ 'ਚ ਰਹਿੰਦੇ ਸੀ, ਜਿੱਥੇ ਤੁਹਾਡਾ ਬਚਪਨ ਗੁਜ਼ਰਿਆ, ਉੱਥੇ .ਗਦਰ ਪਾਰਟੀ ਬਾਰੇ ਗੱਲਾਂ ਸੁਣੀਆਂ ਹੋਣਗੀਆਂ। ਭਾਰਤੀ ਮਜ਼ਦੂਰਾਂ ਦੀ ਪਹਿਲੀ ਮੀਟਿੰਗ ਅਸਟੋਰੀਆ 'ਚ ਹੋਈ ਜਿੱਥੋਂ .ਗਦਰ ਪਾਰਟੀ ਬਣਨ ਦੀ ਸ਼ੁਰੂਆਤ ਹੋਈ।**

– ਜਦੋਂ ਅਸੀਂ ਅਸਟੋਰੀਆ ਰਹਿਣ ਲੱਗੇ ਮੈਂ ਬੜੀ ਛੋਟੀ ਸੀ। ਸਾਡੀ ਬੱਚਿਆਂ ਦੀ ਜ਼ਿੰਦਗੀ ਘਰ ਤਕ ਮਾਂ ਦੁਆਲੇ ਹੀ ਮਹਿਦੂਦ ਸੀ। ਮੇਰੀ ਮਾਂ ਰਤਨ ਕੌਰ ਮੇਰੇ ਪਿਤਾ ਨੂੰ ਪੰਜਾਬੀ ਅਖ਼ਬਾਰ ਪੜ੍ਹਕੇ ਸੁਣਾਉਂਦੀ ਜਦ ਉਹ ਕੰਮ ਤੋਂ ਥੱਕ ਕੇ ਘਰ ਪੁੱਜਦਾ। ਮੈਨੂੰ ਉਦੋਂ ਇੰਡੀਆ ਜੋ ਵਾਪਰ ਰਿਹਾ ਸੀ ਉਹਦਾ ਜ਼ਿਆਦਾ ਪਤਾ ਨਹੀਂ ਸੀ। ਪੰਜਾਬੀ ਅਖ਼ਬਾਰ ਤੋਂ ਹੀ ਮੈਨੂੰ ਜਲਿਆਂਵਾਲੇ ਬਾ.ਗ 'ਚ ਜੋ ਵਾਪਰਿਆ ਉਹਦੇ ਬਾਰੇ ਪਤਾ ਲੱਗਾ। ਅੰਗਰੇਜ਼ ਸਾਡੇ ਲੋਕਾਂ 'ਤੇ ਜੋ ਜ਼ੁਲਮ ਢਾਹ ਰਹੇ ਸਨ ਉਹਦੇ ਬਾਰੇ ਸਾਨੂੰ ਪਤਾ ਲੱਗਦਾ ਰਹਿੰਦਾ ਸੀ। ਸਾਡੇ ਲੋਕਾਂ ਨਾਲ ਅਮਰੀਕਾ 'ਚ ਜੋ ਵਾਪਰਦਾ ਸੀ ਮੈਨੂੰ ਉਹਦਾ ਪਤਾ ਨਹੀਂ ਸੀ ਲੱਗਦਾ ਕਿਉਂਕਿ ਅਸੀਂ ਅਸਟੋਰੀਆ 'ਚ 1916 'ਚ ਪਹੁੰਚੇ। ਤਦ ਤਕ ਪੱਛਮੀ ਤੱਟ ਤੋਂ .ਗਦਰੀ ਜਥੇ ਇੰਡੀਆ ਵੱਲ ਜਾ ਚੁੱਕੇ ਸਨ। ਮੈਨੂੰ ਤਦ ਇਹ ਪਤਾ ਨਹੀਂ ਸੀ ਕਿ ਇਹ ਸਭ ਕਿਵੇਂ ਵਾਪਰਿਆ।

**• ਜਿਹੜਾ ਪੰਜਾਬੀ ਦਾ ਅਖ਼ਬਾਰ ਤੁਹਾਡੇ ਮਾਤਾ ਉਦੋਂ ਪੜ੍ਹਦੇ, ਉਹਦਾ ਨਾਂ ਕੀ ਸੀ?**

– ਹੁਣ ਉਹ ਯਾਦ ਨਹੀਂ।

**• .ਗਦਰ ਪਾਰਟੀ ਬਾਰੇ ਪਹਿਲੀ ਵੇਰ ਕਦੋਂ ਸੁਣਿਆ?**

– 1922 'ਚ ਅਸੀਂ ਅਸਟੋਰੀਆ ਤੋਂ ਕੈਲਿਫੋਰਨੀਆ ਪੁੱਜੇ। ਤਦ ਅਸੀਂ .ਗਦਰ ਪਾਰਟੀ ਦੀਆਂ ਮੀਟਿੰਗਾਂ 'ਚ ਜਾਣਾ ਸ਼ੁਰੂ ਕੀਤਾ। ਸਾਲ 'ਚ ਦੋ ਵੇਰ ਮੀਟਿੰਗ ਹੁੰਦੀ ਗੁਰਦੁਆਰੇ ਵਿੱਚ। ਉਦੋਂ ਕੈਲਿਫੋਰਨੀਆ 'ਚ ਇੱਕੋ ਗੁਰਦੁਆਰਾ ਸਟੌਕਟਨ 'ਚ ਸੀ। ਅਸੀਂ ਉੱਥੋਂ ਦੋ ਸੌ ਮੀਲ ਦੀ ਦੂਰੀ 'ਤੇ ਰਹਿੰਦੇ ਸੀ। ਸਟੌਕਟਨ ਵਿੱਚ ਪਹਿਲੇ ਦਿਨ ਧਾਰਮਿਕ ਦੀਵਾਨ ਸਜਦਾ। .ਗਦਰ ਪਾਰਟੀ ਦੀ ਮੀਟਿੰਗ ਅਗਲੇ ਦਿਨ ਹੁੰਦੀ। ਦੋਵੇਂ ਮੀਟਿੰਗਾਂ ਇੱਕ ਤਰ੍ਹਾਂ ਨਾਲ ਸਾਂਝੀਆਂ ਹੀ ਹੁੰਦੀਆਂ। ਗੁਰਪੁਰਬ ਵਾਲੇ ਦਿਨ ਗੁਰਦੁਆਰੇ ਜੋ ਇਕੱਠ ਹੁੰਦਾ, ਉਹੀ ਲੋਕ .ਗਦਰ ਪਾਰਟੀ ਦੀ ਮੀਟਿੰਗ ਦਾ ਹਿੱਸਾ ਬਣ ਜਾਂਦੇ। ਪਾਰਟੀ ਦੀਆ ਮੀਟਿੰਗਾਂ, ਜਿੱਥੇ ਕਿਤੇ ਇੰਡੀਅਨ ਲੋਕਾਂ ਦੀ ਭਾਰੀ ਵੱਸੋਂ ਹੁੰਦੀ, ਉੱਥੇ ਵੀ ਹੁੰਦੀਆਂ, ਜਿਵੇਂ ਫ਼ਰੈਜ਼ਨੋ ਵਾਦੀ

ਜਾਂ ਯੂਬਾ ਸਿਟੀ ਵਿੱਚ। ਜਿੱਥੇ ਵੀ ਸਾਡੇ ਲੋਕ ਹੁੰਦੇ ਮੀਟਿੰਗ ਬੁਲਾ ਲਈ ਜਾਂਦੀ। ਗ਼ਦਰ ਪਾਰਟੀ ਦੀਆਂ ਸਰਗਰਮੀਆਂ ਬਾਰੇ ਮੈਨੂੰ ਉਨ੍ਹਾਂ ਦਿਨਾਂ 'ਚ ਪਤਾ ਲੱਗਾ।

**• ਤੁਸੀਂ ਪੰਜਾਬੀ ਪੜ੍ਹਣੀ ਲਿਖਣੀ ਕਦੋਂ ਸ਼ੁਰੂ ਕੀਤੀ ?**

– ਪੰਜਾਬੀ ਤਾਂ ਮੈਂ ਹੁਣ ਵੀ ਚੰਗੀ ਤਰ੍ਹਾਂ ਪੜ੍ਹ ਬੋਲ ਨਹੀਂ ਸਕਦੀ। ਮੈਂ ਜਿਵੇਂ ਇਹਦੇ ਵਿੱਚ ਪਹਿਲੀ ਤੋਂ ਅਗਾਂਹ ਨਾ ਗਈ ਹੋਵਾਂ। ਜਦ ਮੇਰਾ ਪਿਤਾ ਹਲ ਵਾਹੁੰਦਾ ਤਾਂ ਮੈਂ ਉਹਦੇ ਨਾਲ ਖੇਤ 'ਚ ਦੌੜਦੀ ਰਹਿੰਦੀ, ਉਦੋਂ ਮੈਂ ਸੱਤ ਸਾਲਾਂ ਦੀ ਸੀ। ਉਹ ਮੈਨੂੰ ਮੁਹਾਰਨੀ ਬੋਲਣ ਲਈ ਕਹਿੰਦਾ। ਪਿਤਾ ਨੇ ਮੈਨੂੰ ਪੜ੍ਹਾਉਣ ਦਾ ਜ਼ਿੰਮਾ ਲੈ ਰੱਖਿਆ ਸੀ। ਮਾਂ ਮੇਰੀ ਛੋਟੀ ਭੈਣ ਨੂੰ ਪੰਜਾਬੀ ਪੜ੍ਹਾਉਂਦੀ ਸੀ। ਜਦ ਮੈਂ ਹਲ ਵਾਹੁੰਦੇ ਪਿਤਾ ਨਾਲ ਮੁਹਾਰਨੀ ਬੋਲਦੀ ਦੌੜੀ ਜਾਂਦੀ, ਮੈਨੂੰ ਬੜਾ ਲੁਤਫ਼ ਆਉਂਦਾ। ਘਰ ਵਿੱਚ ਬੰਦ ਰਹਿਣ ਨਾਲੋਂ ਇਹ ਕਿਤੇ ਵੱਧ ਚੰਗਾ ਸੀ। ਉਦੋਂ ਹੀ ਮੈਂ ਪੰਜਾਬੀ ਦੀ ਪੈਂਤੀ ਸਿੱਖੀ। ਸ਼ਾਮ ਨੂੰ ਪਿਤਾ ਘਰ ਆਉਂਦਾ ਤਾਂ ਮੈਨੂੰ ਗੁਰਮੁਖੀ ਲਿਖਣੀ ਸਿਖਾਉਂਦਾ। ਸ਼ਾਮ ਨੂੰ ਗੁਰਬਾਣੀ ਪੜ੍ਹਨੀ ਜ਼ਰੂਰੀ ਹੁੰਦੀ ਤੇ ਸਵੇਰੇ ਸਵੇਰੇ ਜਿਹੜਾ ਪਾਠ ਹੁੰਦਾ ਉਹਨੂੰ ਕੀ ਕਹਿੰਦੇ ਆ ?

**• ਜਪੁਜੀ ਸਾਹਿਬ ?**

– ਹਾਂ, ਜਪੁਜੀ ਸਾਹਿਬ। ਇਹਦਾ ਸਾਨੂੰ ਸਵੇਰੇ ਪਾਠ ਕਰਨਾ ਪੈਂਦਾ। ਹੁੰਦਾ ਇਹ ਸੀ ਪਈ ਸਵੇਰੇ ਉੱਠਦਿਆਂ ਹੀ ਸਾਨੂੰ ਠੰਢੇ ਪਾਣੀ ਨਾਲ ਨਹਾਉਣਾ ਪੈਂਦਾ ਤੇ ਤਿਆਰ ਹੋ ਕੇ ਪਾਠ ਕਰਨਾ ਪੈਂਦਾ। ਸਾਨੂੰ ਇੱਕ ਲਫ਼ਜ਼ ਵੀ ਪਾਠ ਦਾ ਸਮਝ ਨਹੀਂ ਸੀ ਪੈਂਦਾ, ਪਰ ਇਹੀ ਲੱਗਦਾ ਇਹ ਬਹੁਤ ਜ਼ਰੂਰੀ ਹੈ ਕਿਉਂਕਿ ਜੋ ਮਾਤਾ ਪਿਤਾ ਕਰਦੇ, ਸਾਨੂੰ ਲੱਗਦਾ ਇਹ ਬਹੁਤ ਅਹਿਮੀਅਤ ਵਾਲੀ ਗੱਲ ਹੈ। ਪੰਜਾਬੀ ਬਾਰੇ ਮੇਰੀ ਵਿੱਦਿਆ ਏਥੇ ਖਤਮ ਹੋ ਜਾਂਦੀ ਹੈ।

**• ਆਪਣੇ ਮੁੱਢਲੇ ਜੀਵਨ 'ਤੇ ਆਧਾਰਿਤ ਜਿਹੜੀ ਤੁਸੀਂ 'ਤੋਤੇ ਦੀ ਚੁੰਝ' ਕਹਾਣੀ ਲਿਖੀ ਹੈ, ਉਹਦੇ ਵਿੱਚ ਤੁਹਾਡੀ ਮਾਂ ਦੀ ਟੋਕਾ-ਟਾਕੀ ਤੇ ਮਾਰ-ਕੁੱਟ ਦਾ ਜ਼ਿਕਰ ਹੈ। ਇਹਦੇ ਬਾਰੇ ਕੁਝ ਦੱਸੋ।**

– ਜਦੋਂ ਅਸੀਂ ਕੈਲਿਫੋਰਨੀਆ ਆ ਕੇ ਰਹਿਣ ਲੱਗੇ ਮੇਰੀ ਉਮਰ ਸੱਤ ਸਾਲਾਂ ਦੀ ਸੀ। ਅਸਟੋਰੀਆ ਵਿੱਚ ਸਾਡਾ ਆਪਣਾ ਘਰ ਸੀ; ਮਾਂ ਸਾਰੇ ਟੱਬਰ ਦਾ ਖਾਣਾ ਬਣਾਉਂਦੀ। ਟੱਬਰ ਵੱਡਾ ਸੀ, ਏਨਾ ਵੱਡਾ ਕਿ ਮਾਂ ਲਈ ਸੰਭਾਲਣਾ ਮੁਸ਼ਕਿਲ ਸੀ। ਕੈਲਿਫੋਰਨੀਆ ਆਏ ਤਾਂ ਮਾਂ ਦੀ ਜ਼ਿੰਮੇਵਾਰੀ ਹੋਰ ਵਧ ਗਈ। ਉਹਨੂੰ ਬਾਜਰੇ ਦੀ ਵਾਢੀ ਕਰਕੇ ਛੱਤ 'ਤੇ ਪਾਉਣਾ ਪੈਂਦਾ ਤਾਂ ਜੋ ਸਰਦੀਆਂ 'ਚ ਕੰਮ ਆ ਸਕੇ। ਅਚਾਰ ਪਾਉਣਾ ਵੀ ਵੱਡੀ ਮੁਹਿੰਮ ਸੀ। ਦਹੀਂ ਜੰਮਾਉਣਾ, ਸਾਰਿਆਂ ਨੇ ਲੱਸੀ ਪੀਣੀ ਹੁੰਦੀ। ਮੇਰੀ ਮਾਂ ਹਮੇਸ਼ਾਂ ਘਰ ਦੇ ਕੰਮ 'ਚ ਹੀ ਦੱਬੀ ਰਹਿੰਦੀ। ਉਹਦੇ ਢਿੱਡ 'ਚ ਬੱਚੇ ਤੋਂ ਬਾਅਦ ਬੱਚਾ ਵੀ ਹੁੰਦਾ। ਹੁਣ ਮੈਂ ਸੋਚਦੀ ਹਾਂ ਉਦੋਂ ਮੇਰੀ ਮਾਂ ਦੀ ਜ਼ਿੰਦਗੀ ਕਿੰਨੀ ਔਖੀ ਸੀ। ਮੇਰੇ 'ਤੇ ਮਾਂ ਦੀ ਟੋਕਾ-ਟਾਕੀ ਦਾ ਸਿਲਸਿਲਾ ਅਸਟੋਰੀਆ ਤੋਂ ਸ਼ੁਰੂ ਹੋ ਗਿਆ। ਮੈਂ ਚੌਥਾ ਬੱਚਾ ਸੀ ਤੇ ਮੇਰੇ ਬਾਅਦ ਚਾਰ ਹੋਰ ਹੋਏ। ਅੰਦਾਜ਼ਾ ਲਗਾਓ 16 ਸਾਲਾਂ ਦੀ ਵਿਆਹੁਤਾ ਜ਼ਿੰਦਗੀ 'ਚ ਅੱਠ ਬੱਚੇ। ਮੇਰੇ ਤੋਂ ਪਹਿਲਾਂ ਤਿੰਨ ਬੱਚੇ, ਹਰੇਕ ਬੱਚੇ ਵਿਚਕਾਰ ਦੋ ਸਾਲਾਂ ਤੋਂ ਘੱਟ ਦਾ ਵਕਫ਼ਾ। ਮੇਰੇ ਬਾਅਦ ਪੰਜਾਂ ਸਾਲਾਂ ਦਾ ਫ਼ਰਕ ਹੈ। ਪਹਿਲਾ ਬੱਚਾ 1910 'ਚ ਪੈਦਾ ਹੋਇਆ, ਮੈਂ 1915 'ਚ, ਯਾਨੀਕਿ ਪੰਜ ਸਾਲਾਂ 'ਚ ਚਾਰ ਬੱਚੇ। ਮੇਰੇ ਤੋਂ ਬਾਅਦ ਜਿਹੜੇ ਚਾਰ ਪੈਦਾ ਹੋਏ ਉਨ੍ਹਾਂ ਵਿਚਕਾਰ ਦੋ ਸਾਲਾਂ ਦਾ ਫ਼ਰਕ ਹੈ। ਜੋ ਬੱਚਾ ਸਭ ਤੋਂ ਅਖੀਰ 'ਚ ਹੋਇਆ ਉਹ ਮੇਰੇ ਪਿਤਾ ਦੀ ਮੌਤ ਤੋਂ ਦੋ ਮਹੀਨੇ ਬਾਅਦ ਪੈਦਾ ਹੋਇਆ। ਵਿਯੋਗ ਕੱਟਣਾ ਕਿਹੜਾ ਸੌਖਾ ਕੰਮ ਹੈ। ਫਿਰ ਮੇਰੀ ਮਾਂ ਦੇ ਸਿਰ ਏਨਾ ਕੰਮ। ਔਰਤ ਹੋਣ ਨਾਤੇ ਮੈਂ ਸਮਝ ਸਕਦੀ ਹਾਂ ਉਹਦੇ ਨਾਲ ਕੀ ਬੀਤੀ ਹੋਵੇਗੀ। ਸਾਡੇ ਬੱਚਿਆਂ ਦੇ ਕੱਪੜੇ ਵੀ ਉਹਨੂੰ ਆਪ ਸੀਣੇ ਪੈਂਦੇ। ਨਿੱਤ ਸਾਡੇ ਸਵੈਟਰ ਬੁਣਦੀ ਰਹਿੰਦੀ।

**• ਮਾਂ ਬਾਰੇ ਇਹ ਹਮਦਰਦੀ ਤਾਂ ਤੁਸੀਂ ਏਸ ਉਮਰ 'ਚ ਮਹਿਸੂਸ ਕਰਦੇ ਹੋ; ਉਦੋਂ ਕਿੱਦਾਂ ਮਹਿਸੂਸ ਕਰਦੇ ਸੀ ?**

– ਉਦੋਂ ਮੈਂ ਸੋਚਦੀ ਮੇਰੇ ਨਾਲ ਧੱਕਾ ਹੋ ਰਿਹੈ। ਮੈਨੂੰ ਪਤਾ ਨਾ ਲੱਗੇ ਮੈਂ ਮਾੜਾ ਕੀ ਕੀਤਾ ਪਈ ਮਾਂ ਮੇਰੇ ਦੁਆਲੇ ਹੋਈ ਰਹਿੰਦੀ ਹੈ। ਮੇਰੇ ਚਿੱਤ 'ਚ ਆਉਂਦਾ ਕਿ ਮੈਂ ਕਿਸੇ ਵੀ ਤਰ੍ਹਾਂ ਮਾੜਾ ਬੱਚਾ ਨਹੀਂ।

**• ਇਹਦੇ ਨਾਲ ਤੁਹਾਡੇ ਆਤਮ-ਸਨਮਾਨ ਨੂੰ ਠੇਸ ਵੀ ਪੁੱਜਦੀ ਹੋਣੀ ਐ।**

– ਬਿਲਕੁਲ ਠੇਸ ਪੁੱਜਦੀ ਸੀ। ਮੈਨੂੰ ਲੱਗਣ ਲੱਗਦਾ ਜਿਵੇਂ ਮੈਂ ਸੱਚੀ-ਮੁਚੀ ਮਾੜੀ ਹਾਂ।

**• ਇਸ ਗੱਲ ਨੇ ਤੁਹਾਡੇ ਬਾਅਦ ਦੇ ਜੀਵਨ ਵਿੱਚ ਕੜਵਾਹਟ ਕਾਇਮ ਰੱਖੀ ? ਇਹਦੇ ਬਾਰੇ ਸੁਪਨੇ ਵੀ ਆਉਂਦੇ ਹੋਣਗੇ।**

– ਹਾਂ, ਮੈਂ ਇਸ ਸਭ ਕੁਝ 'ਚੋਂ ਗੁਜ਼ਰੀ ਹਾਂ। ਮਾੜੀ ਗੱਲ ਇਹ ਸੀ ਕਿ ਇੱਕ ਪਾਸੇ ਮਾਂ ਮੈਨੂੰ ਕੋਸਦੀ ਰਹਿੰਦੀ, ਮਾੜਾ ਕਹਿੰਦੀ। ਦੂਜੇ ਪਾਸੇ ਸਕੂਲ ਵਿੱਚ ਗੋਰੀਆਂ ਕੁੜੀਆਂ ਆਪਣੇ ਆਪ ਨੂੰ ਇਸ ਕਰਕੇ ਉੱਚਾ ਦੱਸਦੀਆਂ ਕਿ ਉਹ ਗੋਰੀਆਂ ਹਨ ਤੇ ਮੈਂ ਗੋਰੀ ਨਹੀਂ ਹਾਂ। ਪਰ ਕਮਾਲ ਇਸ ਗੱਲ ਦਾ ਹੈ ਕਿ ਇਹਦੇ ਬਾਵਜੂਦ ਮੇਰੇ ਅੰਦਰ ਕਿਸੇ ਵੀ ਤਰ੍ਹਾਂ ਦੀ ਇਹ ਭਾਵਨਾ ਕਦੇ



ਕਰਤਾਰ ਢਿੱਲੋਂ (ਸੱਜੇ) ਆਪਣੇ ਪਿਤਾ ਅਤੇ ਭੈਣ ਭਰਾਵਾਂ ਨਾਲ।

ਨਾ ਆਈ ਕਿ ਮੈਂ ਕਿਸੇ ਹੋਰ ਤੋਂ ਘੱਟ ਹਾਂ।

**• ਅਜਿਹੇ ਹਾਂ-ਪੱਖੀ ਅਹਿਸਾਸ ਦਾ ਕਾਰਨ ਕੀ ਸੀ ?**

– ਮੈਨੂੰ ਲੱਗਦਾ ਹੈ ਮੇਰੇ ਅੰਦਰ ਜੋ ਤਾਕਤ ਸੀ ਉਹਦਾ ਕਾਰਨ ਮੈਨੂੰ ਬਚਪਨ 'ਚ ਮਿਲੀ ਧਾਰਮਿਕ ਸਿੱਖਿਆ ਸੀ; ਤੇ ਇਹ ਜੋ ਮੈਂ ਪਾਠ ਕਰਦੀ ਸੀ ਉਹ ਸੀ। ਸਾਡੇ ਘਰ ਵਿੱਚ ਨਿੱਤ ਦਿਨ ਜੋ ਗੁਰੂ ਦਾ ਨਾਂ ਲਿਆ ਜਾਂਦਾ ਤੇ ਚੰਗੇ ਜੀਵਨ ਮੁੱਲਾਂ ਦੀ ਜੋ ਗੱਲ ਹੁੰਦੀ, ਇਨ੍ਹਾਂ ਮੈਨੂੰ ਅੰਦਰੋਂ ਤਕੜਾ ਬਣਾਇਆ। ਉਦੋਂ ਇਹ ਕੁਝ ਸਾਡੇ ਜੀਵਨ ਦਾ ਹਿੱਸਾ ਸੀ, ਭਾਵੇਂ ਬਾਅਦ ਵਿੱਚ ਮੈਂ ਹਰੇਕ ਤਰ੍ਹਾਂ ਦੇ ਧਰਮ ਤੋਂ ਮੁਨਕਰ ਹੋ ਗਈ।

**• ਉਨ੍ਹਾਂ ਦਿਨਾਂ 'ਚ ਤੁਹਾਡਾ ਮੁੰਡਿਆਂ ਨਾਲ ਵਾਹ ਪੈਂਦਾ ਸੀ ? ਤੁਸੀਂ ਉਨ੍ਹਾਂ ਨਾਲ ਖੇਡਦੇ ਜਾਂ ਘੁੰਮਦੇ ਸੀ ?**

– ਨਾ, ਉੱਕਾ ਨਹੀਂ। ਅਸੀਂ ਵੱਡੀਆਂ ਹੁੰਦੀਆਂ ਗਈਆਂ, ਜੇ ਕਿਸੇ ਮੁੰਡੇ ਨਾਲ ਗੱਲ ਵੀ ਕਰ ਲੈਣੀ ਤਾਂ ਇਹਨੂੰ ਬਹੁਤ ਮਾੜਾ ਸਮਝਿਆ ਜਾਂਦਾ। ਜੇ ਕੋਈ ਮੁੰਡਾ ਸਾਨੂੰ 'ਹੈਲੋ' ਕਰਦਾ ਜਾਂ ਬੁਲਾਉਂਦਾ ਦੇਖ ਲਿਆ ਜਾਂਦਾ ਤਾਂ ਸ਼ਾਮਤ ਆ ਜਾਂਦੀ।

**• ਜਦ ਤੁਸੀਂ ਸਕੂਲ ਜਾਣਾ ਸ਼ੁਰੂ ਕੀਤਾ, ਤੁਹਾਡੀ ਮਾਤਾ ਨੂੰ ਫ਼ਿਕਰ ਹੁੰਦਾ ਹੋਣਾ ਕਿਉਂਕਿ ਸਕੂਲ 'ਚ ਮੁੰਡੇ ਕੁੜੀਆਂ ਇਕੱਠੇ ਪੜ੍ਹਦੇ ਸਨ ?**

– ਨਿੱਕੀ ਉਮਰ 'ਚ ਜਦ ਅਸੀਂ ਸਕੂਲ ਜਾਂਦੀਆਂ, ਉਦੋਂ ਤਾਂ ਇਹ ਫ਼ਿਕਰ ਨਹੀਂ ਸੀ। ਹਾਂ, ਜਦ ਅਸੀਂ ਵੱਡੀਆਂ ਹੋਈਆਂ ਮਾਂ ਲਈ ਵਕਤ ਗੁਜ਼ਾਰਨਾ ਔਖਾ ਹੋ ਜਾਂਦਾ।

**• ਤੁਸੀਂ ਕਦੇ ਆਪਣੇ ਮਾਂ-ਬਾਪ ਦੇ ਜ਼ਬਤ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ?**

– ਬਿਲਕੁਲ ਕੀਤੀ, ਖ਼ਾਸ ਕਰਕੇ ਜਦ ਮੇਰੇ ਪਿਤਾ ਗੁਜ਼ਰ ਗਏ। ਉਦੋਂ ਹੀ ਮੇਰੀ ਮਾਂ ਦੇ ਫ਼ਿਕਰ ਵਧ ਗਏ।

**• ਪਿਤਾ ਦੇ ਗੁਜ਼ਰ ਜਾਣ ਬਾਅਦ ਤੁਸੀਂ ਸੁਰੱਖਿਅਤ ਮਹਿਸੂਸ ਕਰਦੇ ਰਹੇ ? ਕੈਲਿਫੋਰਨੀਆ 'ਚ ਜਿੱਥੇ ਤੁਹਾਡੇ ਪਿਤਾ ਖੇਤੀ ਕਰਦੇ ਸਨ, ਉੱਥੇ ਹੋਰ ਇੰਡੀਅਨ ਵੀ ਹੋਣਗੇ ?**

– ਅਸੀਂ ਜਿੱਥੇ ਕਿਤੇ ਵੀ ਰਹੇ ਪੰਜਾਬੀ ਭਾਈਬੰਦ ਤਾਂ ਹਰੇਕ ਜਗ੍ਹਾ ਹੁੰਦੇ ਸਨ। ਮੇਰੀ ਮਾਂ ਨੂੰ ਉਨ੍ਹਾਂ ਕਰਕੇ ਫ਼ਿਕਰ ਨਹੀਂ ਸੀ। ਉਹਨੂੰ ਫ਼ਿਕਰ ਸਾਡੇ ਇੰਡੀਅਨ ਚੌਗਿਰਦੇ ਦੇ ਬਾਹਰ ਦਾ ਸੀ। ਸਾਰੇ ਇੰਡੀਅਨ ਪਰਿਵਾਰ ਵਾਂਗ ਹੀ ਸਨ। ਜਦ ਮੇਰੇ ਪਿਤਾ ਦੀ ਮੌਤ ਹੋਈ ਸਾਰੇ ਕੈਲਿਫੋਰਨੀਆ ਵਿੱਚ ਪੰਜਾਬੀਆਂ 'ਚੋਂ ਸਿਰਫ਼ ਸਾਡਾ ਪਰਿਵਾਰ ਹੀ ਕੈਲਿਫੋਰਨੀਆ 'ਚ ਰਹਿੰਦਾ ਸੀ। ਬਾਕੀ ਸਾਰੇ ਪੰਜਾਬ ਤੋਂ ਆਏ ਮਰਦ ਬਿਨਾਂ ਪਰਿਵਾਰ ਦੇ ਇਕੱਲੇ ਰਹਿੰਦੇ ਸਨ। ਇਨ੍ਹਾਂ ਪੰਜਾਬੀ ਮਰਦਾਂ ਨੇ ਬੜੇ ਔਖੇ ਦਿਨ ਦੇਖੇ। ਉਨ੍ਹਾਂ ਦੇ ਟੱਬਰ ਪਿਛਾਂਹ ਪੰਜਾਬ 'ਚ ਸਨ ਤੇ ਉਹ ਏਨੀ ਦੂਰ ਇਕੱਲੇ ਰਹਿੰਦੇ ਸਨ।

**• ਇਨ੍ਹਾਂ ਪੰਜਾਬੀ ਬੰਦਿਆਂ ਬਾਰੇ ਦੱਸੋ। ਬਾਲ ਬੱਚੇ ਤੋਂ ਟੁੱਟ ਕੇ ਏਨੀ ਦੂਰ ਰਹਿਣਾ ਇਨ੍ਹਾਂ ਲਈ ਤਾਂ ਬੜਾ ਔਖਾ ਹੁੰਦਾ ਹੋਵੇਗਾ; ਅੱਗੋਂ ਉਨ੍ਹਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਕਦੋਂ ਬਾਲ ਪਰਿਵਾਰ ਨਾਲ ਮੇਲ ਹੋਵੇਗਾ। ਉਹ ਆਪਣਾ ਕਿਵੇਂ ਗੁਜ਼ਰ ਕਰਦੇ ਸਨ ?**

– ਉਹ ਫਾਰਮਾਂ 'ਚ ਟੋਲੇ ਬਣਾ ਕੇ ਰਹਿੰਦੇ ਤੇ ਇਕੱਠੇ ਖਾਣਾ ਪੀਣਾ ਕਰਦੇ। ਉਦੋਂ ਉਨ੍ਹਾਂ ਨੂੰ ਜ਼ਮੀਨ ਦੀ ਮਾਲਕੀ ਦਾ ਹੱਕ ਨਹੀਂ ਸੀ; ਜਿੱਥੇ ਵੀ ਕਿਤੇ ਟਿਕਾਣੇ ਦਾ ਸਬੱਬ ਬਣਦਾ ਉੱਥੇ ਰਹਿਣ ਲੱਗ ਪੈਂਦੇ। ਉਨ੍ਹਾਂ ਦਾ ਜੀਵਨ ਕੈਂਪਾਂ ਵਰਗਾ ਸੀ। ਮੰਜੀਆਂ ਦੀ ਕਤਾਰ ਬਣਾ ਕੇ ਸੌਂਦੇ ਤੇ ਉਨ੍ਹਾਂ ਦਾ ਸਾਮਾਨ ਮੰਜੇ ਹੇਠ ਸੂਟਕੇਸ 'ਚ ਹੁੰਦਾ। ਸੂਰਜ ਚੜ੍ਹਨ ਵੇਲੇ ਕੰਮ 'ਤੇ ਲੱਗਦੇ ਤੇ ਡੁੱਬਦੇ ਤਕ ਕੰਮ ਕਰਦੇ ਰਹਿੰਦੇ। ਜਿਸ ਦਿਨ ਔਫ ਹੁੰਦਾ ਉਸ ਦਿਨ ਕੱਪੜੇ ਧੋਂਦੇ। ਜੇ ਕਿਸੇ ਪਾਸ ਕਾਰ ਹੁੰਦੀ, ਸੰਗੀ ਸਾਥੀ ਕਾਰ 'ਚ ਸਵਾਰ ਹੋ ਕੇ ਘੁੰਮਣ ਜਾਂਦੇ।

**• ਤੁਹਾਡੇ ਪਰਿਵਾਰ ਦਾ ਉਨ੍ਹਾਂ ਨਾਲ ਕਿਹੋ ਜਿਹਾ ਸਬੰਧ ਸੀ ?**

– ਉਹ ਸਾਰੇ ਜਿਵੇਂ ਸਾਡੀ ਫੈਮਿਲੀ ਦਾ ਹੀ ਹਿੱਸਾ ਸਨ। ਕੋਈ ਸਫ਼ਰ ਕਰਦਾ ਉੱਧਰ ਆ ਨਿਕਲਦਾ ਤਾਂ ਸਾਡੇ ਘਰ ਆ ਟਿਕਦਾ। ਉਨ੍ਹਾਂ ਦਿਨਾਂ 'ਚ ਆਪਣੇ ਇੰਡੀਅਨ ਇੱਕ ਦੂਜੇ ਨਾਲ ਬੜੇ ਜੁੜੇ ਹੋਏ ਸਨ। ਇਹ ਸਾਰੇ ਪੰਜਾਬ ਦੇ ਪਿੰਡਾਂ ਤੋਂ ਆਏ ਜੱਟ ਸਿੱਖ ਸਨ। ਸ਼ਹਿਰੀ ਹੁੰਦੇ ਤਾਂ ਗੱਲ ਹੋਰ ਸੀ।

**• ਕੀ ਇਹ ਪੰਜਾਬੀ ਭਾਈਬੰਦ ਜੋ ਖੇਤਾਂ 'ਚ ਕੰਮ ਕਰਦੇ ਸਨ ਉਹ ਗ਼ਦਰ ਲਹਿਰ ਬਾਰੇ ਜਾਂ ਇੰਡੀਆ 'ਚ ਜੋ ਸਿਆਸੀ ਹਾਲਾਤ ਸੀ, ਉਹਦੇ ਬਾਰੇ ਗੱਲਾਂ ਕਰਦੇ ਸਨ ?**

– ਉਹ ਏਦਾਂ ਦੀਆਂ ਗੱਲਾਂ ਜ਼ਰੂਰ ਕਰਦੇ ਸਨ।

**• ਤੁਹਾਨੂੰ ਗ਼ਦਰ ਲਹਿਰ ਦੀ ਅਹਿਮੀਅਤ ਬਾਰੇ ਕਦੋਂ ਪਤਾ ਲੱਗਣਾ ਸ਼ੁਰੂ ਹੋਇਆ ?**

– ਬਚਪਨ 'ਚ। ਮੈਂ ਕਈ ਵੇਰ ਆਪਣੇ ਸਕੂਲ 'ਚ ਅੰਗਰੇਜ਼ੀ ਦੀ ਟੀਚਰ ਨਾਲ ਬਹਿਸਣ ਲੱਗ ਪੈਣਾ। ਉਹ ਬਹੁਤ ਚੰਗੀ ਔਰਤ ਸੀ। ਮੈਨੂੰ ਪਤਾ ਸੀ ਕਿ ਅੰਗਰੇਜ਼ ਸਾਡੇ ਦੇਸ 'ਚ ਰਾਜ ਕਰ ਰਹੇ ਸਨ। ਉਦੋਂ ਘਰਾਂ 'ਚ ਬਰਤਾਨੀਆ ਵਿਰੋਧੀ ਭਾਵਨਾ ਬੜੀ ਤਕੜੀ ਸੀ; ਅਤੇ ਅਸੀਂ ਇਸਾਈਅਤ ਦੇ ਖਿਲਾਫ਼ ਵੀ ਸੀ ਕਿਉਂਕਿ ਇਹ ਮਿਸ਼ਨਰੀ ਹੀ ਸਨ ਜੋ ਸਾਡੇ ਲੋਕਾਂ ਨੂੰ ਆਪਣੇ ਵੱਸ 'ਚ ਕਰ ਰਹੇ ਸਨ।

**• ਤੁਸੀਂ ਗੋਰੀ ਨਸਲ ਦੇ ਖਿਲਾਫ਼ ਸੀ ?**

– ਨਹੀਂ, ਉਲਟਾ ਉਹ ਸਾਡੇ ਖਿਲਾਫ਼ ਸਨ। ਸਾਨੂੰ ਇਹ ਲੋਕ ਹੀਣ ਸਮਝਦੇ ਸਨ। ਅਸੀਂ ਇਨ੍ਹਾਂ ਨਾਲ ਮਿਲਦੇ ਬੈਠਦੇ ਨਹੀਂ ਸੀ। ਹੁਣ ਤੁਸੀਂ ਇਹ ਜੋ ਮੇਰਾ ਦੋਹਤਾ ਦੇਖਿਆ, ਇਹਦੇ ਨਾਲ ਕਈ ਹੋਰ ਬੱਚੇ ਵੀ ਸਨ, ਇਨ੍ਹਾਂ 'ਚੋਂ ਇੱਕ ਬਲੈਕ ਸੀ, ਦੂਜੀ ਜਾਪਾਨੀ ਕੁੜੀ ਸੀ, ਇੱਕ ਭੂਰੇ ਵਾਲਾਂ ਵਾਲੀ ਕੁੜੀ ਸੀ; ਏਦਾਂ ਉਦੋਂ ਨਹੀਂ ਸੀ ਹੁੰਦਾ ਕਿ ਵੱਖੋ ਵੱਖਰੀ ਨਸਲ ਦੇ ਬੱਚੇ ਇਕੱਠੇ ਤੁਰਨ ਫਿਰਨ। ਸਾਡੀ ਫੈਮਿਲੀ ਇੰਡੀਅਨ ਸੀ ਤੇ ਇਹ ਜ਼ਰੂਰੀ ਸੀ ਕਿ ਸਿਰਫ਼ ਇੰਡੀਅਨ ਫਰੈਂਡ ਹੀ ਸਾਡੇ ਘਰ ਆਉਣ, ਹੋਰ ਨਹੀਂ ਸਨ ਆਉਂਦੇ। ਅਸੀਂ ਕਦੇ ਕਿਸੇ ਅਮਰੀਕਨ ਦੇ ਘਰ ਨਹੀਂ ਸੀ ਗਏ। ਹਾਂ, ਅਸੀਂ ਸਕੂਲ 'ਚ ਹਰ ਤਰ੍ਹਾਂ ਦੇ ਬੱਚੇ ਨੂੰ ਮਿਲਦੇ, ਤੇ ਗੱਲ ਉੱਥੇ ਹੀ ਖਤਮ ਹੋ ਜਾਂਦੀ।

**• ਕਦੇ ਮਾਂ ਅਮਰੀਕਾ 'ਚ ਰਹਿਣ ਤੋਂ ਤੰਗ ਨਹੀਂ ਸੀ ਪੈਂਦੀ ? ਉਹਨੂੰ ਕੋਈ ਸ਼ਿਕਾਇਤ ਹੁੰਦੀ ਹੋਵੇਗੀ; ਉਹ ਇੰਡੀਆ ਬਾਰੇ ਗੱਲਾਂ ਕਰਦੀ ਹੋਵੇਗੀ। ਇੰਡੀਆ ਦੀ ਜ਼ਿੰਦਗੀ ਤੇ ਅਮਰੀਕਾ ਦੀ ਜ਼ਿੰਦਗੀ ਵਿਚਕਾਰ ਮੁਕਾਬਲਾ ਕਰਦੀ ਹੋਵੇਗੀ ?**

– ਮਾਂ ਪਿਛਾਂਹ ਬਾਰੇ, ਉੱਥੇ ਦੀ ਜ਼ਿੰਦਗੀ ਬਾਰੇ, ਗੱਲਾਂ ਕਰਦੀ ਰਹਿੰਦੀ। ਉਹ ਸੋਚਦੀ ਅਮਰੀਕਾ ਸਦਾਚਾਰ ਪੱਖੋਂ ਗਿਰਿਆ ਹੋਇਆ। ਉਹ ਹਮੇਸ਼ਾਂ ਵਾਪਸ ਇੰਡੀਆ ਜਾਣ ਨੂੰ ਉਡੀਕਦੀ। ਉਹਨੇ ਕੱਪੜਿਆਂ, ਖਿਡੌਣਿਆਂ ਤੇ ਕਿਤਾਬਾਂ ਨਾਲ ਦੋ ਟਰੰਕ ਭਰ ਰੱਖੇ ਸਨ ਕਿ ਇਨ੍ਹਾਂ ਨੂੰ ਲੈ ਕੇ ਜਾਣਾ, ਪਿੰਡ 'ਚ ਕਈ ਘਰਾਂ 'ਚ ਵੰਡਣ ਲਈ।

**• ਤੁਹਾਡੇ ਪਿਤਾ ਦਾ ਵਾਪਸ ਜਾ ਵੱਸਣ ਦਾ ਕਦੇ ਵਿਚਾਰ ਬਣਿਆ ?**

– ਦਰਅਸਲ, ਪਿਤਾ ਚਾਹੁੰਦਾ ਸੀ ਕਿ ਬੱਚੇ ਚੰਗੀ ਵਿੱਦਿਆ ਹਾਸਲ ਕਰ ਲੈਣ। ਪਰ ਇਹ ਚਿੱਤ 'ਚ ਹਮੇਸ਼ਾਂ ਰਹਿੰਦਾ ਕਿ ਅੰਤ ਵਾਪਸ ਇੰਡੀਆ ਚਲੇ ਜਾਣਾ ਹੈ।

**• ਤੁਸੀਂ ਇੰਡੀਆ ਅਜੇ ਤਕ ਕਿੰਨੀ ਵੇਰ ਗਏ ਹੋ ?**

– ਇੱਕੋ ਵੇਰ, 1972 ਵਿੱਚ। ਮੈਂ ਆਪਣੇ ਆਪ ਉੱਥੇ ਗਈ। ਕਿਸੇ ਵਿਅਕਤੀ ਜਾਂ ਸੰਸਥਾ ਨੇ ਮੈਨੂੰ ਨਹੀਂ ਸੀ ਸੱਦਿਆ। ਮੈਂ ਪਾਸਪੋਰਟ ਬਣਵਾਇਆ ਤੇ ਸਾਨ ਫਰਾਂਸਿਸਕੋ ਦੇ ਇੰਡੀਅਨ ਕੌਂਸਲ ਦੇ ਦਫ਼ਤਰ ਵੀਜ਼ਾ ਲੈਣ ਚਲੀ ਗਈ। ਮੈਨੂੰ ਪਤਾ ਨਹੀਂ ਸੀ ਕਿ ਵੀਜ਼ਾ ਨਹੀਂ ਮਿਲਣਾ; ਦਫ਼ਤਰ ਵਾਲਿਆਂ ਕਿਹਾ ਕਿ ਕੌਂਸਲਰ ਹਾਜ਼ਰ ਨਹੀਂ ਹੈ, ਕਿਤੇ ਬਾਹਰ ਟੂਅਰ 'ਤੇ ਗਿਆ ਜਾਂ ਏਦਾਂ ਕੁਝ ਬਹਾਨਾ ਲਗਾਇਆ। ਮੈਂ ਉਡੀਕਦੀ ਰਹੀ; ਹਫ਼ਤੇ ਬਾਅਦ ਮੈਂ ਫਿਰ ਕੌਂਸਲ ਦੇ ਦਫ਼ਤਰ ਗਈ ਤਾਂ ਉਨ੍ਹਾਂ ਮੈਨੂੰ ਪਾਸਪੋਰਟ ਮੋੜ ਦਿੱਤਾ; ਉਹਦੇ 'ਤੇ ਮੋਹਰ ਲੱਗੀ ਸੀ: 'ਵੀਜ਼ੇ ਦੀ ਅਰਜ਼ੀ ਭੁਗਤ ਚੁੱਕੀ ਹੈ।' ਮੈਂ ਸੋਚਿਆ ਇਹ ਮੈਨੂੰ ਵੀਜ਼ਾ ਨਹੀਂ ਦਿੰਦੇ, ਪਰ ਚਲੋ ਮੈਂ ਵੈਨਕੂਵਰ ਤੋਂ ਲੈ ਲਵਾਂਗੀ; ਉੱਥੇ ਮੇਰੀ ਭੈਣ ਰਹਿੰਦੀ ਹੈ। ਮੈਂ ਵੈਨਕੂਵਰ ਗਈ, ਪਰ ਪਤਾ ਲੱਗਾ ਜਿਹੜੀ ਮੋਹਰ ਪਾਸਪੋਰਟ 'ਤੇ ਲੱਗੀ ਹੈ ਉਹਦੇ ਕਰਕੇ ਵੀਜ਼ਾ ਮਿਲਣਾ ਮੁਸ਼ਕਲ ਹੈ। ਤਦ ਮੈਂ ਵੀਜ਼ਾ ਦੇ ਬਗ਼ੈਰ ਹੀ ਇੰਡੀਆ ਜਾਣ ਦਾ ਫ਼ੈਸਲਾ ਕਰ ਲਿਆ। ਮੈਂ ਪਾਨਐਮ ਏਅਰਲਾਈਨ ਦੇ ਬ੍ਰੋਸ਼ਰ 'ਚ ਪੜ੍ਹਿਆ ਸੀ ਕਿ ਸਮੁੰਦਰ ਜਾਂ ਹਵਾਈ ਰਸਤੇ ਥਾਣੀ ਕੋਈ ਵੀ ਸਫ਼ਰ ਕਰਨ ਵਾਲਾ ਇੰਡੀਆ 'ਚ ਬਿਨਾਂ ਵੀਜ਼ੇ ਦੇ ਬਾਰਾਂ ਦਿਨ ਤਕ ਰਹਿ ਸਕਦਾ ਹੈ। ਮੈਂ ਇੰਡੀਆ ਪਹੁੰਚ ਗਈ। ਮੈਂ ਉੱਥੇ ਇਮੀਗ੍ਰੇਸ਼ਨ ਦਫ਼ਤਰ ਵਾਲਿਆਂ ਕੋਲ ਗਈ ਤੇ ਕਿਹਾ, ਮੈਂ ਚਾਰ ਮਹੀਨੇ ਰਹਿਣਾ ਹੈ। ਦਫ਼ਤਰ ਵਿੱਚ ਜਿਹੜਾ ਅਧਿਕਾਰੀ ਬੈਠਾ ਸੀ ਉਹ ਮੇਰੇ ਨਾਲ ਗੱਲ ਕਰਨ ਲਈ ਤਿਆਰ ਨਹੀਂ ਸੀ। ਉਹਨੇ ਕਿਹਾ, ਤੁਹਾਨੂੰ ਚਾਰ ਮਹੀਨੇ ਲਈ ਵੀਜ਼ਾ ਨਹੀਂ ਮਿਲ ਸਕਦਾ। ਮੇਰਾ ਇੰਡੀਆ 'ਚ ਇੱਕ ਮਿੱਤਰ ਸੀ ਜੋ ਮੈਨੂੰ ਕਮਿਊਨਿਸਟ ਪਾਰਟੀ ਦੇ ਹੈੱਡ-ਕੁਆਰਟਰ ਅਜੈ ਭਵਨ 'ਚ ਲੈ ਗਿਆ। ਉੱਥੇ ਸੋਹਨ ਸਿੰਘ ਜੋਸ਼ ਮਿਲ ਗਿਆ। ਮੈਨੂੰ ਨਹੀਂ ਸੀ ਪਤਾ ਉਹ ਕੌਣ ਹੈ। ਉਹ ਕਹਿਣ ਲੱਗਾ ਤੂੰ ਸੂਰਤ ਸਿੰਘ ਗਿੱਲ ਨੂੰ ਜਾਣਦੀ ਏਂ ? ਮੈਂ ਜਦ 'ਹਾਂ' ਕਿਹਾ ਤਾਂ ਉਹ ਕਹਿਣ ਲੱਗਾ: "ਮੈਂ ਸੋਹਨ ਸਿੰਘ ਜੋਸ਼ ਹਾਂ। ਸੂਰਤ ਮੇਰਾ ਯਾਰ ਸੀ।" ਮੈਂ ਉਹਨੂੰ ਕਿਹਾ, "ਮੈਨੂੰ ਇਹਦਾ ਪਤਾ। ਮੈਂ ਤੈਨੂੰ ਪਿੰਡ ਜਾ ਕੇ ਮਿਲਣਾ ਸੀ; ਉੱਥੇ ਸੂਰਤ ਦੇ ਸਾਕ ਸਬੰਧੀ ਵੀ ਨੇ, ਉਨ੍ਹਾਂ ਨੂੰ ਵੀ ਮਿਲਣਾ।" ਉਹ ਕਹਿਣ ਲੱਗਾ, "ਪਿੰਡ ਜਾਣਾ ਤਾਂ ਮੈਂ ਲੈ ਚਲਨਾ।" ਉਹ ਮੈਨੂੰ ਆਪਣੇ ਤੇ ਸੂਰਤ ਦੇ ਪਿੰਡ ਚੇਤਨਪੁਰਾ ਲੈ ਗਿਆ ਜਿੱਥੇ ਮੈਂ ਸੂਰਤ ਦੇ ਸਾਕ ਸਬੰਧੀਆਂ ਨੂੰ ਮਿਲੀ।

**• ਵੀਜ਼ੇ ਦਾ ਕੀ ਬਣਿਆ ? ਅਖੀਰ ਮਿਲਿਆ ?**

– ਮੈਂ ਕਈਆਂ ਨੂੰ ਆਪਣੇ ਵੀਜ਼ੇ ਦੀ ਦਿੱਕਤ ਬਾਰੇ ਦੱਸਿਆ। ਇੱਕ ਬੰਦਾ ਕਹਿਣ ਲੱਗਾ, ਸਵਰਨ ਸਿੰਘ ਨਾਲ ਸਿੱਧੀ ਗੱਲ ਕਿਉਂ ਨਹੀਂ ਕਰਦੇ ? ਮੈਨੂੰ ਦੱਸਿਆ ਗਿਆ ਕਿ ਸਵਰਨ ਸਿੰਘ ਵਿਦੇਸ਼ ਮੰਤਰੀ ਹੈ। ਉਹੋ ਬੰਦਾ ਕਹਿਣ ਲੱਗਾ, "ਸਵਰਨ ਸਿੰਘ ਮੇਰਾ ਦੋਸਤ ਐ; ਮੈਂ ਲੈ ਚਲਦਾਂ ਤੁਹਾਨੂੰ ਉਹਦੇ ਕੋਲ।" ਕੁਝ ਦਿਨਾਂ ਬਾਅਦ ਅਸੀਂ ਸਵਰਨ ਸਿੰਘ ਕੋਲ ਗਏ। ਜਦ ਮੈਂ ਉਹਨੂੰ ਮਿਲੀ ਤਾਂ ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਹ ਪੁੱਛਣ ਲੱਗਾ: "ਅਸੀਂ ਤੁਹਾਨੂੰ ਅਮਰੀਕਨਾਂ ਨੂੰ ਵੀਜ਼ਾ ਕਿਉਂ ਦੇਈਏ ? ਤੁਸੀਂ ਕਿੰਨੇ ਕੁ ਸਾਡੇ ਲੋਕਾਂ ਨੂੰ ਵੀਜ਼ਾ ਦਿੰਦੇ ਹੋ ?" ਇਸ ਤੋਂ ਪਹਿਲਾਂ ਕਿ ਮੈਂ ਕੁਝ ਕਹਾਂ, ਮੇਰੇ ਨਾਲ ਗਏ ਦੋ ਬੰਦੇ, ਜਿਨ੍ਹਾਂ 'ਚ ਪਟਿਆਲੇ ਵਾਲਾ ਮੇਰਾ ਮੇਜ਼ਬਾਨ ਡਾਕਟਰ ਜੀਵਨ ਸਿੰਘ ਬੇਦੀ ਵੀ ਸੀ, ਝੱਟ ਬੋਲ ਪਏ, "ਨਹੀਂ ਜੀ ਨਹੀਂ, ਇਹ ਤਾਂ ਅਮਰੀਕਨ ਨਹੀਂ ਜੇ, ਸਿਰਫ਼ ਅਮਰੀਕਾ 'ਚ ਜਨਮ ਲਿਆ, ਇਹ ਤਾਂ ਪੱਕੇ ਇੰਡੀਅਨ ਨੇ।" ਫਿਰ ਉਨ੍ਹਾਂ ਮੇਰੇ ਪਰਿਵਾਰ ਦੇ ਗ਼ਦਰ ਪਾਰਟੀ ਨਾਲ ਨਾਤੇ ਦਾ ਜ਼ਿਕਰ ਕੀਤਾ; ਮੇਰੇ ਭਰਾ ਬੁੱਧ ਢਿੱਲੋਂ ਬਾਰੇ ਵੀ ਗੱਲ ਚੱਲੀ। ਸਵਰਨ ਸਿੰਘ ਨੂੰ ਮੇਰੇ ਪਿਤਾ ਤੇ ਭਰਾ ਬਾਰੇ ਪਹਿਲਾਂ ਹੀ ਪਤਾ ਸੀ। ਉਹਨੇ ਕਿਹਾ ਮੈਂ ਅਗਲੇ ਦਿਨ ਇਮੀਗ੍ਰੇਸ਼ਨ ਦਫ਼ਤਰ ਜਾਵਾਂ, ਕੰਮ ਹੋ ਜਾਵੇਗਾ। ਏਦਾਂ ਮੈਨੂੰ ਵੀਜ਼ਾ ਮਿਲਿਆ। ਏਥੇ ਮੈਂ ਇੱਕ ਹੋਰ ਗੱਲ ਦਾ ਜ਼ਿਕਰ ਕਰਨਾ ਚਾਹੁੰਦੀ ਹਾਂ। ਜਦੋਂ ਮੈਂ ਵਾਪਸ ਅਮਰੀਕਾ ਪਹੁੰਚੀ, ਕੋਈ ਮਹੀਨੇ ਬਾਅਦ ਸਵਰਨ ਸਿੰਘ ਸਾਨ ਫਰਾਂਸਿਸਕੋ ਆਇਆ। ਉਹਦੇ ਮਾਣ 'ਚ ਇੱਕ ਵੱਡੀ ਡਿਨਰ ਪਾਰਟੀ ਕੀਤੀ ਗਈ। ਮੈਂ ਉਹਦੇ ਕੋਲੋਂ ਜਾਣਨਾ ਚਾਹਿਆ ਕਿ ਮੈਨੂੰ ਸਾਨ ਫਰਾਂਸਿਸਕੋ ਦੇ ਕੌਂਸਲ ਦਫ਼ਤਰ 'ਚ ਹੀ ਵੀਜ਼ਾ ਕਿਉਂ ਨਾ ਦਿੱਤਾ ਗਿਆ। ਉਹਨੇ ਦੱਸਿਆ ਕਿ ਸਫ਼ਾਰਤਖਾਨੇ ਕੋਲ 200 ਨਾਵਾਂ ਦੀ ਸੂਚੀ ਹੈ ਜਿਨ੍ਹਾਂ ਨੂੰ ਇੰਡੀਆ 'ਚ ਦਾਖਲ ਹੋਣ ਦੀ ਮਨਾਹੀ ਹੈ। ਕਹਿਣ ਲੱਗਾ, "ਇਹ ਸੂਚੀ ਅੰਗਰੇਜ਼ੀ ਰਾਜ ਵੇਲੇ ਦੀ ਬਣੀ ਪਈ ਹੈ ਤੇ ਜਿਵੇਂ ਦਫ਼ਤਰਸ਼ਾਹੀ ਦਾ ਕੰਮ ਸੁਸਤ ਚਾਲੇ ਚਲਦਾ ਹੈ ਇਸ ਸੂਚੀ 'ਚ ਕਿਸੇ ਨੇ ਅਜੇ ਤਕ ਰੱਦੋ-ਬਦਲ ਨਹੀਂ ਕੀਤਾ।"

**• ਆਪਣੇ ਪੰਜਾਬ ਦੇ ਮੁੰਡੇ ਉੱਤਰੀ ਅਮਰੀਕਾ ਵਿੱਚ ਆਉਣ ਲਈ ਹਰ ਤਰ੍ਹਾਂ ਦੀ ਕੀਮਤ ਦੇਣ ਲਈ ਤਿਆਰ ਨੇ। ਤੁਹਾਡੇ ਪਿਤਾ ਏਥੇ ਆਰਥਿਕ ਸ਼ਰਨਾਰਥੀ ਬਣ ਕੇ ਆਏ। ਦੋਨਾਂ ਸਥਿਤੀਆਂ ਵਿੱਚ ਤੁਹਾਨੂੰ ਕੀ ਫ਼ਰਕ ਦਿਖਾਈ ਦਿੰਦਾ ਹੈ ?**

– ਮੇਰੇ ਪਿਤਾ ਜਦੋਂ ਆਏ ਉਨ੍ਹਾਂ ਅੰਦਰ ਹੋਰ ਤਰ੍ਹਾਂ ਦੀ ਭਾਵਨਾ ਸੀ। ਏਥੇ ਰਹਿੰਦਿਆਂ ਆਪਣੇ ਬੰਦੇ ਕੰਮ ਕਰਦੇ, ਪਰ ਆਪਣੇ ਦੇਸ ਦੇ ਸੁਪਨੇ ਵੀ ਲੈਂਦੇ ਰਹੇ। ਅਸੀਂ ਸਭ ਸੋਚਦੇ ਸੀ ਕਿ ਦੇਸ਼ ਆਜ਼ਾਦੀ ਤੋਂ ਬਾਅਦ ਇੰਡੀਆ ਵਿੱਚ ਸਭਨਾਂ ਲਈ ਇਨਸਾਫ਼ ਹੋਵੇਗਾ, ਵਧੀਆ ਸਿੱਖਿਆ ਸਭ ਨੂੰ ਮਿਲੇਗੀ ਤੇ ਲੋਕ ਇੱਕ ਦੂਜੇ ਨਾਲ ਸਾਂਝ ਨਾਲ ਰਹਿਣਗੇ। ਗ਼ਦਰ ਪਾਰਟੀ ਦੀ ਸਭ ਤੋਂ ਚੰਗੀ ਗੱਲ ਇਹ ਸੀ ਕਿ ਧਰਮ ਨੂੰ ਪਹਿਲ ਨਹੀਂ ਸੀ, ਧਰਮ ਬੁਨਿਆਦੀ ਲੋੜਾਂ ਪੂਰੀਆਂ ਹੋਣ ਬਾਅਦ ਆਉਂਦਾ ਸੀ। ਸਾਰੇ ਇੱਕ ਦੂਜੇ ਵੱਲ ਚੰਗੀ ਭਾਵਨਾ ਰੱਖਦੇ ਸਨ। ਹੁਣ ਉਹ ਗੱਲਾਂ ਨਹੀਂ ਰਹੀਆਂ। ਨਾ ਦੇਸ਼ ਆਜ਼ਾਦ ਹੋਣ ਤੋਂ ਬਾਅਦ ਆਮ ਲੋਕਾਂ ਦੇ ਜੀਵਨ ਵਿੱਚ ਕੋਈ ਫ਼ਰਕ ਪਿਆ ਹੈ। ਕੋਈ ਕਿਸੇ ਦੇ ਦੁੱਖ 'ਚ ਸ਼ਰੀਕ ਹੋ ਕੇ ਖ਼ੁਸ਼ ਨਹੀਂ। ਉਚੇਰੀ ਸਿੱਖਿਆ ਵੀ ਖ਼ੁਦਗ਼ਰਜ਼ੀ ਦੀ ਖਾਤਰ ਹਾਸਲ ਕੀਤੀ ਜਾ ਰਹੀ ਹੈ।

**• ਆਖਰੀ ਸੁਆਲ: ਇੰਡੀਆ ਫਿਰ ਜਾਣ ਦਾ ਦਿਲ ਕਰਦੈ ?**

– ਜਾਣਾ ਮੈਂ ਚਾਹੁੰਦੀ ਹਾਂ, ਪਰ ਲੱਗਦਾ ਸੰਭਵ ਨਹੀਂ ਹੋ ਸਕਣਾ।

*("ਪੰਜਾਬੀ ਟ੍ਰਿਬਿਊਨ" 'ਚੋਂ ਧੰਨਵਾਦ ਸਹਿਤ)*

# ਤਖ਼ਤੇ ਤੋਂ ਤਖ਼ਤ ਤਕ

**ਪਹਿਲਾਂ-ਪਹਿਲ ਪੰਜਾਬੀਆਂ ਨੇ ਰੁਜ਼ਗਾਰ ਖਾਤਰ ਪਰਵਾਸ ਕੀਤਾ। ਪਰਵਾਸ ਸਦਕਾ ਉਨ੍ਹਾਂ ਨੂੰ ਸਿਆਸੀ ਚੇਤਨਾ ਵੀ ਹਾਸਲ ਹੋਈ। ਕਿੱਥੇ ਤਾਂ ਪੰਜਾਬੀਆਂ ਨੂੰ ਕੌਮਾਗਾਟਾ ਮਾਰੂ ਜਹਾਜ਼ ਰਾਹੀਂ ਕੈਨੇਡਾ ਦੀ ਬੰਦਰਗਾਹ 'ਤੇ ਉਤਰਨ ਤੋਂ ਰੋਕ ਦਿੱਤਾ ਗਿਆ ਸੀ ਤੇ ਕਿੱਥੇ ਹੁਣ ਪੰਜਾਬੀ ਉਸ ਮੁਲਕ 'ਚ ਹਰ ਖੇਤਰ ਵਿੱਚ ਮੱਲਾਂ ਮਾਰ ਰਹੇ ਹਨ। ਸੰਘਰਸ਼ ਤੇ ਕਾਮਯਾਬੀ ਦੇ ਇਸੇ ਸਫ਼ਰ ਤੋਂ ਜਾਣੂੰ ਕਰਵਾਉਂਦੀ ਹੈ ਇਹ ਰਚਨਾ।**

## ਸੰਘਰਸ਼ ਦਾ ਜਸ਼ਨ

ਅੱਜ ਕੈਨੇਡਾ ਵਿੱਚ ਭਾਰਤੀ ਪਿਛੋਕੜ ਦੇ ਲੋਕਾਂ ਦਾ ਕੈਨੇਡੀਅਨ ਸਮਾਜ ਵਿੱਚ ਸਥਾਨ ਪਹਿਲਾਂ ਦੇ ਮੁਕਾਬਲੇ ਬਹੁਤ ਸਨਮਾਨ ਵਾਲਾ ਹੈ ਅਤੇ ਇਹ ਸਮਾਜ ਦੇ ਹਰ ਹਿੱਸੇ ਵਿੱਚ ਪੂਰੀ ਤਰ੍ਹਾਂ ਰਚੇ-ਮਿਚੇ ਹੋਏ ਹਨ। ਇਹ ਸਭ ਕੁਝ ਸੁਖਾਲਾ ਨਹੀਂ ਵਾਪਰਿਆ ਸਗੋਂ ਇਸ ਪਿੱਛੇ ਕੈਨੇਡਾ ਵਸਦੇ ਪੰਜਾਬੀ/ ਭਾਰਤੀ ਭਾਈਚਾਰੇ ਵੱਲੋਂ ਅਗਾਂਹਵਧੂ ਵਿਚਾਰਧਾਰਾ ਦੇ ਆਧਾਰ 'ਤੇ ਕੀਤੀ ਜੱਦੋਜਹਿਦ ਦਾ ਵੱਡਾ ਹੱਥ ਹੈ। ਇਸੇ ਨੇ ਸਾਨੂੰ ਤਖ਼ਤੇ ਤੋਂ ਤਖ਼ਤ ਤੀਕ ਪਹੁੰਚਾਇਆ। ਗੋਲਡਨ ਡਿਸਟ੍ਰਿਕਟ ਹਿਸਟੋਰੀਕਲ ਸੁਸਾਇਟੀ ਵੱਲੋਂ ਛਾਪੀ ਗਈ ਹੈਦਰ ਮਿਲਰ ਦੀ ਪੁਸਤਕ 'ਇਨ ਬਾਸਕਟ ਕੰਟਰੀ' ਅਨੁਸਾਰ ਸਭ ਤੋਂ ਪਹਿਲਾਂ ਪੰਜਾਬੀ 1880ਵਿਆਂ ਵਿੱਚ ਬ੍ਰਿਟਿਸ਼ ਕੋਲੰਬੀਆ (ਬੀਸੀ) ਵਿੱਚ ਆਏ ਸਨ। ਵੇਲੇ ਦੀਆਂ ਸਥਾਨਕ ਅਖ਼ਬਾਰਾਂ ਦੇ ਸਾਂਭੇ ਅੰਕ ਵੀ ਇਸ ਦੀ ਸ਼ਾਹਦੀ ਭਰਦੇ ਹਨ। ਪਹਿਲਾਂ-ਪਹਿਲ ਕੈਨੇਡਾ ਪਹੁੰਚਣ ਵਾਲੇ ਕਰਤਾਰ ਸਿੰਘ (ਦੁਕੀ) ਲਤਾਲਾ ਮੁਤਾਬਿਕ ਪਹਿਲੇ ਪੰਜਾਬੀ ਨੂੰ ਇੱਕ ਅਮਰੀਕੀ ਕੰਪਨੀ ਸ਼ੰਘਾਈ ਤੋਂ ਇੱਥੇ ਲਿਆਈ ਸੀ ਜੋ ਬੀਨ ਵਜਾਉਂਦਾ ਸੀ। ਖੋਜੀ ਰਜਨੀ ਕਾਂਤ ਦਾਸ ਆਪਣੀ 1923 ਵਿੱਚ ਲਿਖੀ ਪੁਸਤਕ ਵਿੱਚ ਇਸ ਦੀ ਪੁਸ਼ਟੀ ਬਖਸ਼ੀਸ਼ ਸਿੰਘ ਮਲਵਈ ਵਜੋਂ ਅਤੇ ਆਉਣ ਦਾ ਸਮਾਂ 1899 ਦੱਸਦੀ ਹੈ। ਬਹੁਤ ਸਾਰੇ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ 1897 ਵਿੱਚ ਲੰਡਨ 'ਚ ਮਹਾਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਮਨਾਏ ਜਾਣ ਸਮੇਂ ਭਾਰਤ ਤੋਂ ਸਿੱਖ ਰਸਾਲੇ ਦੇ ਕੁਝ ਜਵਾਨ ਜਸ਼ਨਾਂ ਦੀ ਸ਼ਾਨ ਵਿੱਚ ਵਾਧਾ ਕਰਨ ਲਈ ਆਏ। ਉਨ੍ਹਾਂ ਨੂੰ ਕੈਨੇਡਾ ਦੀ ਸੈਰ ਲਈ ਵੀ ਲਿਆਂਦਾ ਗਿਆ। ਉਨ੍ਹਾਂ ਵਿੱਚੋਂ ਕੁਝ ਇੱਥੋਂ ਦੀ ਆਬੋ-ਹਵਾ, ਸਹੂਲਤਾਂ ਅਤੇ ਰੋਜ਼ੀ-ਰੋਟੀ ਦੇ ਜ਼ਿਆਦਾ ਸਾਧਨ ਵੇਖ ਕੇ ਇੱਥੇ ਹੀ ਰੁਕ ਗਏ। ਫ਼ੌਜੀ ਨੌਕਰੀ ਨਾਲੋਂ ਜ਼ਿਆਦਾ ਧਨ ਕਮਾਉਣ ਦੀ ਲਾਲਸਾ ਨੇ ਵੀ ਉਨ੍ਹਾਂ ਨੂੰ ਇੱਥੇ ਰਹਿਣ ਲਈ ਪ੍ਰੇਰਿਆ। ਬਿਹਤਰ ਮੌਕਿਆਂ ਬਾਰੇ ਸੁਣ ਕੇ ਫਿਰ ਕਈ ਪੰਜਾਬੀ, ਕੈਨੇਡਾ ਪੁੱਜੇ। ਇਨ੍ਹਾਂ ਵਿੱਚੋਂ ਬਹੁਤੇ ਸਿੱਖ ਸਨ, ਪਰ ਸਥਾਨਕ ਲੋਕ ਸਿੱਖਾਂ ਨੂੰ ਵੀ ਹਿੰਦੂ ਆਖਦੇ। ਮਗਰੋਂ ਕਈ ਸਿੱਖ ਵੀ ਸਥਾਨਕ ਹਾਲਾਤ ਤਹਿਤ ਮੋਨੇ ਹੋ ਗਏ। ਉਨ੍ਹਾਂ ਸਭ ਨੂੰ ਵੱਖਰੇ ਕਿਸਮ ਦੇ ਅਣਸੁਖਾਵੇਂ ਹਾਲਾਤ ਵਿੱਚ ਬਹੁਤ ਸੰਘਰਸ਼ ਕਰਨਾ ਪਿਆ।

ਦਰਅਸਲ, ਫ਼ੌਜੀਆਂ ਤੋਂ ਇਲਾਵਾ ਕੈਨੇਡਾ ਵਿੱਚ ਹਿੰਦੁਸਤਾਨੀ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਪੁੱਜਣੇ ਸ਼ੁਰੂ ਹੋਏ। 1908 ਤਕ ਤਕਰੀਬਨ ਪੰਜ ਹਜ਼ਾਰ ਤੋਂ ਜ਼ਿਆਦਾ ਭਾਰਤੀ ਲੋਕ ਕੈਨੇਡਾ ਪੁੱਜ ਚੁੱਕੇ ਸਨ। ਇਨ੍ਹਾਂ ਵਿੱਚੋਂ ਥੋੜ੍ਹੇ ਜਿਹਿਆਂ ਨੂੰ ਛੱਡ ਕੇ ਬਾਕੀ ਸਾਰੇ ਸਿੱਧੇ-ਸਾਦੇ ਪੰਜਾਬੀ ਸਨ ਜੋ ਖੇਤਾਂ ਵਿੱਚ ਕੰਮ ਕਰਦੇ ਜਾਂ ਅੰਗਰੇਜ਼ੀ ਫ਼ੌਜ ਦੀਆਂ ਨੌਕਰੀਆਂ ਕਰਕੇ ਆਏ ਸਨ। ਸ਼ੁਰੂ ਵਿੱਚ ਇਨ੍ਹਾਂ ਦੀ ਸੂਝ ਬਹੁਤ ਹੀ ਘੱਟ ਸੀ ਅਤੇ ਉਹ ਹਿੰਦੁਸਤਾਨ ਵਿੱਚ ਬ੍ਰਿਟਿਸ਼ ਰਾਜ ਨੂੰ ਮਾੜਾ ਨਹੀਂ ਸਨ ਸਮਝਦੇ। ਕੈਨੇਡਾ ਪੁੱਜ ਕੇ ਦੇਖਾ-ਦੇਖੀ ਇਨ੍ਹਾਂ ਅੰਦਰ ਰਾਜਨੀਤਿਕ ਜਾਗਰੂਕਤਾ ਬੜੀ ਤੇਜ਼ੀ ਨਾਲ ਆਈ। ਥੋੜ੍ਹੇ ਸਾਲਾਂ ਵਿੱਚ ਹੀ ਇਹ ਹਿੰਦੂ, ਸਿੱਖ, ਮੁਸਲਮਾਨ ਜਾਂ ਪੰਜਾਬੀ, ਬੰਗਾਲੀ, ਗੁਜਰਾਤੀ ਆਦਿ ਦੇ ਵਖਰੇਵਿਆਂ ਨੂੰ ਭੁਲਾ ਕੇ ਆਪਣੇ ਆਪ ਨੂੰ ਸਿਰਫ਼ ਹਿੰਦੁਸਤਾਨੀ ਸਮਝਣ ਲੱਗੇ। ਉਹ ਇਹ ਗੱਲ ਵੀ ਸਮਝਣ ਲੱਗੇ ਕਿ ਕੈਨੇਡਾ ਵਿੱਚ ਉਨ੍ਹਾਂ ਦੀ ਦੁਰਦਸ਼ਾ ਦੀ ਜ਼ਿੰਮੇਵਾਰ ਸਿਰਫ਼ ਕੈਨੇਡਾ ਦੀ ਨਸਲਵਾਦੀ ਸਰਕਾਰ ਹੀ ਨਹੀਂ ਸਗੋਂ ਇਸ ਦੀ ਜੜ੍ਹ ਇੰਗਲੈਂਡ ਦੀ ਸਾਮਰਾਜੀ ਸਰਕਾਰ ਹੈ ਜੋ ਹਿੰਦੁਸਤਾਨ ਨੂੰ ਗੁਲਾਮ ਬਣਾਈ ਬੈਠੀ ਹੈ। ਇਸ ਨਵੀਂ ਮਿਲੀ ਸਿਆਸੀ ਚੇਤਨਤਾ ਕਾਰਨ ਉਨ੍ਹਾਂ ਨਾ ਸਿਰਫ਼ ਕੈਨੇਡਾ ਵਿੱਚ ਇਕੱਠਿਆਂ ਹੋ ਕੇ ਆਪਣੇ ਹੱਕਾਂ ਲਈ ਘੋਲ ਲੜੇ ਸਗੋਂ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਵੀ ਵੱਡਾ ਹਿੱਸਾ ਪਾਇਆ। ਜਦੋਂ ਉੱਤਰੀ ਅਮਰੀਕਾ ਵਿੱਚ ਗ਼ਦਰ ਪਾਰਟੀ (1913) ਬਣੀ ਤਾਂ ਕੈਨੇਡਾ ਦੇ ਹਿੰਦੁਸਤਾਨੀ ਵੀ ਆਪਣੀਆਂ ਜਾਇਦਾਦਾਂ ਤੇ ਕੰਮਾਂ ਕਾਰਾਂ ਨੂੰ ਤਿਆਗ ਕੇ ਬਰਤਾਨਵੀ ਸਾਮਰਾਜ ਵਿਰੁੱਧ ਹਿੰਦੁਸਤਾਨ ਦੀ ਆਜ਼ਾਦੀ ਦੀ ਜੰਗ ਵਿੱਚ ਕੁੱਦ ਪਏ।

ਬੀਸੀ ਦੇ ਸਿੱਖਾਂ ਨੇ 1906 ਵਿੱਚ ਖਾਲਸਾ ਦੀਵਾਨ ਸੁਸਾਇਟੀ ਬਣਾਈ। ਇਹ ਸਿੱਖਾਂ ਦੀ ਇੱਕ ਧਾਰਮਿਕ ਜਥੇਬੰਦੀ ਸੀ, ਪਰ ਇਸ ਨੇ ਰਾਜਨੀਤਿਕ ਮਾਮਲਿਆਂ



ਵਿੱਚ ਵੀ ਬੜੀ ਸਰਗਰਮ ਭੂਮਿਕਾ ਨਿਭਾਈ। ਇਸ ਦੇ ਬਹੁਤੇ ਮੈਂਬਰ ਅਗਾਂਹਵਧੂ ਵਿਚਾਰਾਂ ਵਾਲੇ ਬਣ ਚੁੱਕੇ ਸਨ। ਸੋਸ਼ਲਿਸਟਾਂ ਦੇ ਪ੍ਰਚਾਰ ਸਦਕਾ ਇਸ ਜਥੇਬੰਦੀ ਦੇ ਆਗੂਆਂ ਦੀ ਸਿਆਸੀ ਸੂਝ ਸਮਾਜਵਾਦੀ ਬਣ ਚੁੱਕੀ ਸੀ। ਉਹ ਸਿੱਖ ਧਰਮ ਦੇ ਸਰਬੱਤ ਦਾ ਭਲਾ, ਕਿਰਤ ਕਰਨਾ ਵੰਡ ਛਕਣਾ ਅਤੇ ਬਰਾਬਰਤਾ ਤੇ ਸਾਂਝੀਵਾਲਤਾ ਦੇ ਅਸੂਲਾਂ 'ਤੇ ਚੱਲਣ ਵਾਲੇ ਸਿੱਖ ਸਨ। ਉਹ ਸਿੱਖ ਵਿਚਾਰਧਾਰਾ ਅਤੇ ਸਮਾਜਵਾਦੀ ਫਲਸਫ਼ੇ ਵਿੱਚ ਕੋਈ ਫ਼ਰਕ ਨਹੀਂ ਸਨ ਸਮਝਦੇ। ਇਸੇ ਲਈ ਖਾਲਸਾ ਦੀਵਾਨ ਸੁਸਾਇਟੀ ਦੇ ਬਹੁਤ ਸਾਰੇ ਮੈਂਬਰ ਸਮਾਜਵਾਦੀ ਵਿਚਾਰਧਾਰਾ ਵਾਲੀ ਹਿੰਦੁਸਤਾਨ ਐਸੋਸੀਏਸ਼ਨ ਦੇ ਵੀ ਮੈਂਬਰ ਸਨ। 1908 ਤੋਂ 1913 ਤਕ ਹਿੰਦੁਸਤਾਨੀ ਭਾਈਚਾਰੇ, ਜਿਸ ਵਿੱਚ ਹਿੰਦੂ, ਸਿੱਖ ਅਤੇ ਮੁਸਲਿਮ ਸ਼ਾਮਿਲ ਸਨ, ਨੇ ਮਹੱਤਵਪੂਰਨ ਘੋਲ ਲੜੇ ਜਿਵੇਂ ਹਾਂਡੂਰਸ ਭੇਜੇ ਜਾਣ ਵਿਰੁੱਧ ਘੋਲ (1908), ਮੈਡਲਾਂ ਤੇ ਵਰਦੀਆਂ ਦੀ ਲੋਹੜੀ ਸਾੜਨੀ (1909), ਬਾਦਸ਼ਾਹ ਜੌਰਜ ਪੰਚਮ ਦੇ ਤਾਜਪੋਸ਼ੀ ਜਸ਼ਨਾਂ ਦਾ ਬਾਈਕਾਟ (1910), ਪਰਿਵਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਸੰਘਰਸ਼ (1911), ਕੌਮਾਗਾਟਾ ਮਾਰੂ ਦਾ ਘੋਲ (1913) ਅਤੇ ਗ਼ਦਰ ਲਹਿਰ ਵਿੱਚ ਹਿੱਸਾ ਲੈਣਾ। ਗ਼ਦਰ ਲਹਿਰ ਦੇ ਸ਼ੁਰੂਆਤੀ ਦੌਰ ਵਿੱਚ ਹੀ ਕੁਝ ਕੁ ਆਪਣਿਆਂ ਦੀ ਗੱਦਾਰੀ ਕਾਰਨ ਭਾਈ ਸੇਵਾ ਸਿੰਘ ਲੋਪੋਕੇ ਨੂੰ ਫਾਂਸੀ (1915) ਦਿੱਤੀ ਗਈ। ਉਹ ਕੈਨੇਡਾ ਦਾ ਪਹਿਲਾ ਅਤੇ ਆਖ਼ਰੀ ਸ਼ਹੀਦ ਹੈ ਜਿਸ ਨੂੰ ਉਸ ਸਮੇਂ ਕੈਨੇਡਾ ਦੀ ਧਰਤ 'ਤੇ ਵੀ ਕਾਬਜ਼ ਬ੍ਰਿਟਿਸ਼ ਹਕੂਮਤ ਵੱਲੋਂ ਫਾਹੇ ਲਾਇਆ ਗਿਆ।



**ਵਿਜੈ ਬੰਬੇਲੀ**

ਜਦੋਂ ਸ਼ੁਰੂ ਵਿੱਚ ਪੰਜਾਬੀਆਂ ਨੇ ਕੈਨੇਡਾ ਦੇ ਸੂਬੇ ਬੀਸੀ ਵਿੱਚ ਰਹਿਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਕੋਲ ਵੋਟ ਦਾ ਹੱਕ ਸੀ ਜੋ 1907 ਵਿੱਚ ਖੋਹ ਲਿਆ ਗਿਆ। ਬਿਨਾਂ ਕਿਸੇ ਬਾਹਰੀ ਇਮਦਾਦ ਦੇ ਕੈਨੇਡਾ ਵਸਦੇ ਪੰਜਾਬੀ ਲਗਾਤਾਰ ਇਸ ਹੱਕ ਖਾਤਰ ਜੱਦੋਜਹਿਦ ਕਰਦੇ ਰਹੇ। ਵੋਟ ਹੱਕ ਦੀ ਪ੍ਰਾਪਤੀ ਦਾ ਘੋਲ 1942-1947 ਵਿੱਚ ਸਿਖਰ ਉੱਤੇ ਸੀ। ਇਸ ਵਿੱਚ ਅਪਰੈਲ 1947 'ਚ ਫਤਹਿ ਪ੍ਰਾਪਤ ਹੋਈ। ਬੀਸੀ ਦੀ ਸਰਕਾਰ ਨੇ ਕੈਨੇਡਾ ਵਿੱਚ ਰਹਿੰਦੇ ਭਾਰਤੀਆਂ, ਚੀਨੀਆਂ ਅਤੇ ਜਪਾਨੀਆਂ ਨੂੰ ਵੋਟ ਦਾ ਹੱਕ ਦੇਣ ਸਬੰਧੀ ਕਾਨੂੰਨ ਪਾਸ ਕਰ ਦਿੱਤਾ। ਇਸ ਭਾਈਚਾਰੇ ਦੇ ਦੋ ਅਹਿਮ ਮਸਲੇ 1947 ਵਿੱਚ ਹੱਲ ਹੋ ਗਏ। ਉਸ ਸਾਲ ਅਪਰੈਲ ਵਿੱਚ ਉਨ੍ਹਾਂ ਨੂੰ ਚਾਲੀ ਸਾਲਾਂ ਦੇ ਸੰਘਰਸ਼ ਉਪਰੰਤ ਵੋਟ ਦੇਣ ਦਾ ਹੱਕ ਮੁੜ ਪ੍ਰਾਪਤ ਹੋ ਗਿਆ ਸੀ ਤੇ ਅਗਸਤ 1947 ਵਿੱਚ ਭਾਰਤ ਨੂੰ ਆਜ਼ਾਦੀ ਮਿਲ ਗਈ ਸੀ। ਇਨ੍ਹਾਂ ਦੋ ਮਸਲਿਆਂ ਤੋਂ ਬਾਅਦ ਭਾਰਤੀਆਂ ਦੇ ਕੈਨੇਡਾ ਆਉਣ ਉੱਤੇ ਇਮੀਗ੍ਰੇਸ਼ਨ ਦੇ ਕਾਨੂੰਨਾਂ ਤਹਿਤ ਲੱਗੀਆਂ ਪਾਬੰਦੀਆਂ ਨੂੰ ਹਟਾਉਣਾ ਵੱਡਾ ਮਸਲਾ ਸੀ। ਇਸ ਮਸਲੇ ਦੇ ਹੱਲ ਲਈ ਉਨ੍ਹਾਂ ਨੇ ਮੁੱਢ ਤੋਂ ਹੀ ਬਹੁਤ ਸਰਗਰਮੀ ਵਿਖਾਈ ਸੀ। ਵੀਹਵੀਂ ਸਦੀ ਦੇ ਛੇਵੇਂ ਦਹਾਕੇ (1950-60) ਦੌਰਾਨ ਇਹ ਮਸਲਾ ਵੀ ਦੋ ਕਾਰਨਾਂ ਕਰਕੇ ਫੌਰੀ ਤੌਰ 'ਤੇ ਇੰਨੀ ਜ਼ਿਆਦਾ ਅਹਿਮੀਅਤ ਨਹੀਂ ਸੀ ਰੱਖਦਾ। ਪਹਿਲਾ, ਉਸ ਵੇਲੇ ਦੂਜੀ ਸੰਸਾਰ ਜੰਗ (1939-1945) ਕਾਰਨ ਯੂਰੋਪ ਵਿੱਚ ਹੋਈ ਤਬਾਹੀ ਤੋਂ ਬਾਅਦ ਮੁੜ ਉਸਾਰੀ ਸ਼ੁਰੂ ਹੋ ਚੁੱਕੀ ਸੀ। ਬਹੁਤ ਸਾਰੇ ਪੰਜਾਬੀ ਇੰਗਲੈਂਡ ਆਉਣੇ ਸ਼ੁਰੂ ਹੋ ਗਏ ਸਨ ਜਿਸ ਨਾਲ ਪੰਜਾਬ ਦੇ ਲੋਕਾਂ ਲਈ ਬਾਹਰ ਜਾਣ ਦੀ ਲੋੜ ਕਾਫ਼ੀ ਹੱਦ ਤਕ ਪੂਰੀ ਹੋ ਰਹੀ ਸੀ। ਦੂਜੇ ਪਾਸੇ ਕੈਨੇਡਾ ਨੇ ਵੀ ਆਪਣੀਆਂ ਨੀਤੀਆਂ ਵਿੱਚ ਕੁਝ ਨਰਮੀ ਲਿਆਉਣੀ ਸ਼ੁਰੂ ਕਰ ਦਿੱਤੀ ਸੀ।

ਕੈਨੇਡਾ ਦੇ ਇਮੀਗ੍ਰੇਸ਼ਨ ਕਾਨੂੰਨਾਂ ਵਿੱਚ ਹੋਈਆਂ ਤਬਦੀਲੀਆਂ ਸਦਕਾ 1970ਵਿਆਂ ਦੇ ਸ਼ੁਰੂਆਤੀ ਸਾਲਾਂ ਦੌਰਾਨ ਵੱਡੀ ਗਿਣਤੀ ਪੰਜਾਬੀ ਇੱਥੇ ਆਏ। ਇਨ੍ਹਾਂ ਦੇ ਇੱਥੇ ਆਉਣ ਨਾਲ ਦੋ ਗੱਲਾਂ ਵਾਪਰੀਆਂ। ਪਹਿਲੀ ਗੱਲ ਇਹ ਹੈ ਕਿ ਪੰਜਾਬੀ ਭਾਈਚਾਰੇ ਵਿਚਲਾ ਲੰਮੇ ਸਮੇਂ ਤੋਂ ਸਥਾਪਿਤ ਹੋਇਆ ਢਾਂਚਾ ਬਹੁਤ ਤੇਜ਼ੀ ਨਾਲ ਟੁੱਟਣ ਲੱਗਾ। ਆਉਣ ਵਾਲਿਆਂ ਵਿੱਚ ਬਹੁਗਿਣਤੀ ਆਜ਼ਾਦ ਹਿੰਦੁਸਤਾਨ ਵਿੱਚ ਪੈਦਾ ਹੋਏ ਪੜ੍ਹੇ-ਲਿਖੇ ਅਤੇ ਨਵੀਂ ਸਿਆਸੀ ਚੇਤਨਾ ਵਾਲੇ ਲੋਕ ਸਨ। ਇਨ੍ਹਾਂ ਨੇ ਪਹਿਲੇ ਪੰਜਾਬੀ ਕੈਨੇਡੀਅਨਾਂ ਵੱਲੋਂ ਸਥਾਪਿਤ ਕਦਰਾਂ ਕੀਮਤਾਂ ਨੂੰ ਸਮਝਣ-ਮੰਨਣ ਤੋਂ ਇਨਕਾਰ ਕਰ ਦਿੱਤਾ। ਦੂਜੀ ਗੱਲ ਇਹ ਸੀ ਕਿ ਵੈਨਕੂਵਰ ਤੇ ਬ੍ਰਿਟਿਸ਼ ਕੋਲੰਬੀਆ ਤੋਂ ਨਿਕਲ ਕੇ ਪੰਜਾਬੀ ਲੋਕ ਕੈਨੇਡਾ ਦੇ ਦੂਜੇ ਹਿੱਸਿਆਂ ਵੱਲ ਵਧਣੇ



ਸ਼ੁਰੂ ਹੋਏ ਅਤੇ ਛੇਤੀ ਹੀ ਟੋਰਾਂਟੋ, ਮੌਂਟਰੀਅਲ, ਵਿਨੀਪੈਗ, ਐਡਮਿੰਟਨ ਤੇ ਕੈਲਗਰੀ ਆਦਿ ਵਿੱਚ ਇਨ੍ਹਾਂ ਦੀ ਗਿਣਤੀ ਵਧਣ ਲੱਗੀ। ਕੈਨੇਡਾ ਦੇ ਵੱਖ ਵੱਖ ਭਾਗਾਂ ਵਿੱਚ ਪੰਜਾਬੀ ਵਸੋਂ ਵਿੱਚ ਤੇਜ਼ੀ ਨਾਲ ਹੋਏ ਵਾਧੇ ਅਤੇ ਇਸ ਵਾਧੇ ਕਾਰਨ ਹੋਣ ਵਾਲੀਆਂ ਤਬਦੀਲੀਆਂ ਨੇ ਪੰਜਾਬੀ ਭਾਈਚਾਰੇ ਵਾਸਤੇ ਬਹੁਤ ਸਾਰੀਆਂ ਨਵੀਆਂ ਸਮੱਸਿਆਵਾਂ ਖੜ੍ਹੀਆਂ ਕੀਤੀਆਂ। ਇਹ ਸਮੱਸਿਆਵਾਂ ਅੰਦਰੂਨੀ ਵੀ ਸਨ ਅਤੇ ਬਾਹਰੀ ਵੀ। ਕੈਨੇਡੀਅਨ ਪੰਜਾਬੀ ਭਾਈਚਾਰੇ ਵਿੱਚ, ਜਿਸ ਦਾ ਕੇਂਦਰ ਵੈਨਕੂਵਰ ਸੀ, ਪਹਿਲਾਂ ਸਥਾਪਿਤ ਸੰਸਥਾਵਾਂ ਮੁੱਖ ਰੂਪ ਵਿੱਚ ਧਾਰਮਿਕ ਹੀ ਸਨ; ਸਿਵਾਏ ਇੱਕ-ਅੱਧ ਅਰਧ-ਧਾਰਮਿਕ ਸੰਸਥਾ ਜਿਵੇਂ ਈਸਟ ਇੰਡੀਅਨਜ਼ ਕੈਨੇਡੀਅਨ ਸਿਟੀਜਨਜ਼ ਵੈਲਫੇਅਰ ਐਸੋਸੀਏਸ਼ਨ ਦੇ। ਇਹ ਸੰਸਥਾਵਾਂ ਨਵੇਂ ਆਏ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਨਜਿੱਠਣ ਵਿੱਚ ਅਸਮਰੱਥ ਰਹੀਆਂ। ਇਨ੍ਹਾਂ ਜਥੇਬੰਦੀਆਂ ਉੱਤੇ ਉਸ ਵੇਲੇ ਆਰਥਿਕ ਅਤੇ ਵਪਾਰਕ ਪੱਖੋਂ ਸਥਾਪਿਤ ਲੋਕਾਂ ਦਾ ਕਬਜ਼ਾ ਸੀ। ਇਨ੍ਹਾਂ ਵਿੱਚ ਪਹਿਲੇ ਪੰਜਾਬੀਆਂ ਵੱਲੋਂ ਕੀਤੀ ਜੱਦੋਜਹਿਦ ਵਾਲਾ ਜਜ਼ਬਾ ਕੁਝ ਹੱਦ ਤਕ ਕਾਇਮ ਸੀ, ਪਰ ਸਰਮਾਏਦਾਰੀ ਸਮਾਜ ਦਾ ਹਿੱਸਾ ਹੋਣ ਕਾਰਨ ਇਨ੍ਹਾਂ ਵਿੱਚੋਂ ਬਹੁਤੇ ਲੋਕਾਂ ਨੇ ਹੌਲੀ ਹੌਲੀ ਸਰਮਾਏਦਾਰੀ ਸੋਚ ਤੇ ਢੰਗ ਅਪਣਾ ਲਏ ਸਨ। ਨਤੀਜੇ ਵਜੋਂ 1970ਵਿਆਂ ਦੇ ਸ਼ੁਰੂ ਵਿੱਚ ਵੱਡੀ ਗਿਣਤੀ ਵਿੱਚ ਆਏ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਤੋਂ ਪੁਰਾਣੇ ਆਗੂਆਂ ਵਿੱਚੋਂ ਬਹੁਤੇ ਆਗੂ ਅਸਮਰੱਥ ਰਹੇ। ਨਵੀਆਂ ਮੁਸ਼ਕਿਲਾਂ ਨੂੰ ਸਮਝਣ ਅਤੇ ਸੁਲਝਾਉਣ ਵਾਸਤੇ ਨਵੇਂ ਆਏ ਲੋਕਾਂ ਦੀਆਂ ਆਪਣੀਆਂ ਕੋਸ਼ਿਸ਼ਾਂ ਨਾਲ ਅਨੇਕਾਂ ਸਮਾਜਿਕ, ਧਾਰਮਿਕ ਅਤੇ ਸਿਆਸੀ ਨੁਮਾ ਜਥੇਬੰਦੀਆਂ ਹੋਂਦ ਵਿੱਚ ਆਉਣ ਲੱਗੀਆਂ। ਜਿਵੇਂ: ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਟੋਰਾਂਟੋ; ਇੰਡੀਅਨ ਪੀਪਲਜ਼ ਐਸੋਸੀਏਸ਼ਨ, ਨੌਰਥ ਅਮਰੀਕਾ; ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ, ਕੈਨੇਡਾ (ਵੈਨਕੂਵਰ); ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮਿੰਟਨ ਅਤੇ 1907 ਤੋਂ ਲਗਾਤਾਰ ਸਰਗਰਮ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਆਦਿ। ਕੁਝ ਭਾਰਤੀ ਕਾਰਨਾਂ ਕਰਕੇ ਭਾਵੇਂ 'ਵੱਖਵਾਦੀ ਅਤੇ ਧਾਰਮਿਕ ਕੱਟੜਪੰਥੀ' ਵੀ ਉੱਥੇ ਸਰਗਰਮ ਹੋਏ, ਪਰ ਸਿਵਾਏ ਰੌਲੇ ਦੇ ਉਨ੍ਹਾਂ ਦੀ ਉੱਥੇ ਭਾਰਤੀ ਭਾਈਚਾਰੇ ਵਿੱਚ ਬਹੁਤੀ ਪੁੱਗਤ ਨਹੀਂ ਹੋਈ।

ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਸਥਾਪਿਤ ਹੋਈਆਂ ਪੰਜਾਬੀਆਂ ਦੀਆਂ ਇਨ੍ਹਾਂ ਨਵੀਂਆਂ ਜਥੇਬੰਦੀਆਂ ਨੂੰ ਜਨਮ ਦੇਣ ਤੇ ਅੱਗੇ ਤੋਰਨ ਵਾਲੀ ਸ਼ਕਤੀ ਦੋ ਅਹਿਮ ਮਸਲੇ ਸਨ। ਵੱਖ ਵੱਖ ਜਥੇਬੰਦੀਆਂ ਵੱਲੋਂ ਇਨ੍ਹਾਂ ਸਮੱਸਿਆਵਾਂ ਨੂੰ ਵੱਖੋ-ਵੱਖਰੇ ਤਰੀਕੇ ਨਾਲ ਪ੍ਰਕਾਸ਼ਿਤ ਕਰ ਕੇ ਉਸ ਮੁਤਾਬਿਕ ਆਪਣੀ ਸੇਧ ਅਤੇ ਕੰਮ ਕਰਨ ਦਾ ਢੰਗ ਅਪਣਾਇਆ ਗਿਆ। ਇਹ ਮਸਲੇ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਸਨ: ਹਿੰਦੁਸਤਾਨ ਨਾਲ ਸਬੰਧਿਤ ਮਸਲੇ ਅਤੇ ਕੈਨੇਡਾ ਵਿੱਚ ਸਥਾਪਤੀ ਦੀਆਂ ਸਮੱਸਿਆਵਾਂ ਨਾਲ ਸਬੰਧਿਤ ਮਸਲੇ। ਸਾਰੀਆਂ ਜਥੇਬੰਦੀਆਂ ਨੇ ਕੈਨੇਡਾ ਦੇ ਧਰਾਤਲ ਤੋਂ ਭਾਰਤੀਆਂ ਨੂੰ ਸਿਆਸੀ ਤੌਰ 'ਤੇ ਵੀ ਪੱਕੇ-ਪੈਰੀਂ ਕਰਨ ਵਿੱਚ ਮਹੱਤਵਪੂਰਨ ਰੋਲ ਨਿਭਾਇਆ, ਪਰ ਖਾਲਸਾ ਦੀਵਾਨ ਅਤੇ ਗ਼ਦਰ ਲਹਿਰ ਵੱਲੋਂ ਮੁੱਢਲਾ ਸਿੱਕੇਬੰਦ ਰੋਲ ਵੀ ਬੇਹੱਦ ਮਹੱਤਵਪੂਰਨ ਹੈ। ਨਵੀਆਂ ਜਥੇਬੰਦੀਆਂ ਦੇ ਜ਼ਿਆਦਾ ਸਰਗਰਮ ਜਾਂ ਉੱਭਰਵੇਂ ਆਗੂ ਕੈਨੇਡਾ ਦੀਆਂ ਵੱਖ ਵੱਖ ਸਿਆਸੀ ਧਿਰਾਂ ਵਿੱਚ ਵੀ ਸਰਗਰਮ ਹੋਣ ਲੱਗੇ। ਵੋਟ ਦੇਣ ਦਾ ਹੱਕ ਪ੍ਰਾਪਤ ਕਰਨ ਉਪਰੰਤ ਚੋਣ ਲੜਨ ਤਕ ਬੇਹੱਦ ਮਹੱਤਵਪੂਰਨ ਸਰਗਰਮੀਆਂ ਚੱਲੀਆਂ। ਸਥਾਨਕ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਵੱਲੋਂ ਵੀ ਸ਼ਹਿਰ, ਰਾਜ ਅਤੇ ਮੁਲਕ ਪੱਧਰੀ ਟਿਕਟਾਂ ਤੇ ਨਾਮਜ਼ਦਗੀਆਂ ਵੀ ਪੰਜਾਬੀਆਂ ਨੂੰ ਪ੍ਰਾਪਤ ਹੋਈਆਂ। ਪੰਜਾਬੀ ਵੱਖ ਵੱਖ ਥਾਵਾਂ ਤੋਂ ਚੋਣ ਲੜ ਕੇ ਜਿੱਤੇ ਵੀ ਤੇ ਉਨ੍ਹਾਂ ਨੇ ਸਰਕਾਰ ਵਿੱਚ ਅਹਿਮ ਅਹੁਦੇ ਹਾਸਲ ਕੀਤੇ ਹਨ। ਭਾਰਤ ਦੇ ਸਪੂਤਾਂ ਦੀਆਂ ਪ੍ਰਾਪਤੀਆਂ ਦਾ ਇਤਿਹਾਸ ਡੇਢ-ਦੋ ਦਹਾਕੇ ਦੀਆਂ ਸਰਗਰਮੀਆਂ ਤੇ ਮਿਹਨਤ ਤੋਂ ਹੀ ਸ਼ੁਰੂ ਨਹੀਂ ਹੁੰਦਾ ਸਗੋਂ ਇਸ ਦੀਆਂ ਜੜ੍ਹਾਂ 19ਵੀਂ ਸਦੀ ਦੇ 8ਵੇਂ ਦਹਾਕੇ ਤੋਂ ਲੈ ਕੇ ਤਕਰੀਬਨ ਇੱਕ ਸਦੀ ਦੀਆਂ ਘਾਲਣਾਵਾਂ, ਕੁਰਬਾਨੀਆਂ ਅਤੇ ਉਸਾਰੂ ਸਰਗਰਮੀਆਂ 'ਚ ਹਨ ਜਿਨ੍ਹਾਂ ਨੇ ਸਾਨੂੰ ਫਾਂਸੀ ਦੇ ਤਖ਼ਤੇ ਤੋਂ ਤਖ਼ਤ ਤਕ ਪਹੁੰਚਾਇਆ।

# Sir Speedy Tustin® Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



ਰਜਿੰਦਰ ਕੌਰ
ਫ਼ੋਨ: 98889-02339, 84271-12339

(ਭਾਗ- 25)

## ਭਿੰਨੀ ਰੈਣੜੀਏ

– ਤੇ ਇਸ ਐਤਵਾਰ ਅਸੀਂ ਵੱਡੇ ਸ਼ਿਮਲੇ ਜਾਂਦੇ ਹਾਂ – ਤਿੰਨੇ – ਭੈਣ ਭਰਾ।

ਇਕ 'ਸਰਕਾਰੀ ਲਿਫ਼ਾਫ਼ਾ' ਡਾਕ ਵਿਚ ਪਾਉਣਾ ਹੈ ਇੱਥੇ, ਵੱਡੇ ਸ਼ਿਮਲੇ, ਵੱਡੇ ਡਾਕਖਾਨੇ – ਤਾਕੀਦ ਕਰ ਭਾਪਾ ਜੀ ਸਾਨੂੰ ਤੋਰ ਦਿੰਦੇ ਹਨ ਤੇ ਨਾਲ ਖਰਚਣ ਲਈ ਇਕ 'ਦੁਆਨੀ' ਵੀ ਦਿੰਦੇ ਹਨ।

'ਦੁਆਨੀ' ਐਡੀ ਵੱਡੀ ਰਕਮ ਉਹ ਵੀ ਖਰਚਣ ਲਈ, ਸਾਡੀਆਂ ਤਾਂ ਵਾਛਾਂ ਹੀ ਖਿਲ ਜਾਂਦੀਆਂ ਹਨ। ਆਮ ਤਾਂ ਸਾਨੂੰ ਪੈਸਾ ਟਕਾ ਜਾਂ ਵੱਧ ਤੋਂ ਵੱਧ ਆਨਾ ਹੀ ਮਿਲਦਾ ਹੈ ਤੇ ਅੱਜ ਇਹ ਦੁਆਨੀ। (ਇਕ ਰੁਪਈਏ ਵਿਚ – ਦੋ ਆਠਿਆਨੀਆਂ – ਚਾਰ ਚੁਆਨੀਆਂ – ਅੱਠ ਦੁਆਨੀਆਂ – ਸੋਲ੍ਹਾਂ ਆਨੇ – ਬੱਤੀ ਟਕੇ ਤੇ ਚੌਂਹਟ ਪੈਸੇ ਹੁੰਦੇ ਹਨ।)

ਹੁਣ ਤੁਰਨ ਤੋਂ ਪਹਿਲਾਂ ਅਸੀਂ ਆਪਣੀਆਂ ਆਪਣੀਆਂ ਛੋਟੀਆਂ ਛੋਟੀਆਂ ਛਤਰੀਆਂ ਵੀ ਨਾਲ ਲੈ ਲੈਂਦੇ ਹਾਂ। ਮੇਰੀ ਛਤਰੀ ਗੁਲਾਬੀ ਰੰਗ ਦੀ ਵੱਡੇ ਵੱਡੇ ਗੁਲਾਬੀ ਫੁੱਲਾਂ ਵਾਲੀ ਹੈ। ਇਹ ਮੈਨੂੰ ਪਾਪਾ ਜੀ ਨੇ ਬਹੁਤ ਨਿੱਕੀ ਹੁੰਦੀ ਨੂੰ ਹੀ ਲੈ ਦਿੱਤੀ ਸੀ। ਹੁਣ ਮੈਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰੀ ਹੈ। ਉਹ ਦਸਦੇ ਹਨ ਕਿ ਇਕ ਦਿਨ ਮੈਂ ਸੜਕ 'ਤੇ ਵੱਡੀ ਕਾਲੀ ਛਤਰੀ ਖੋਲ੍ਹ – ਰੀਸ਼ ਵਿਚ ਉੱਪਰ ਲੈ ਕੇ ਚਲਣ ਦੀ ਕੋਸ਼ਿਸ਼ ਕਰ ਰਹੀ ਸਾਂ ਪਰ ਚੁੱਕੀ ਨਾ ਜਾਣ ਕਰਕੇ ਪਿੱਛੇ ਵੱਲੋਂ ਹੀ ਖਿੱਚੀ ਲਈ ਆਉਂਦੀ ਹਾਂ, ਤਾਂ ਸਾਹਮਣਿਓ ਆਉਂਦੀ ਇਕ ਮੇਮ ਨੇ, ਭਾਪਾ ਜੀ ਨੂੰ ਰੋਕ ਕੇ, ਮੈਨੂੰ ਛੋਟੀ ਛਤਰੀ ਲੈ ਕੇ ਦੇਣ ਲਈ ਕਿਹਾ ਤੇ ਅਗਲੇ ਦਿਨ ਹੀ ਉਨ੍ਹਾਂ ਮੈਨੂੰ ਇਹ ਨਿੱਕੀ ਛਤਰੀ ਲੈ ਦਿੱਤੀ ਸੀ, ਜੋ ਬਹੁਤ ਦੇਰ ਤੱਕ – ਜਾਣੋ ਮੇਰੇ ਨਾਲ ਹੀ ਵੱਡੀ ਹੁੰਦੀ ਚਲੀ ਗਈ, ਕਿਤੇ।

ਇੱਥੇ ਮੌਸਮ ਦਾ ਪਤਾ ਨਹੀਂ ਲਗਦਾ – ਹੁਣੇ ਧੁੱਪ ਹੈ ਹੁਣੇ ਗੜ ਗੜ ਕਰਕੇ ਬਦਲ ਚੜ੍ਹ ਆਉਂਦੇ ਹਨ ਤੇ ਬਰਸਣ ਲਗ ਜਾਂਦੇ ਹਨ। ਬਦਲ ਤਾਂ ਹੇਠਾਂ ਉਤਰ ਸਾਡੇ ਨਾਲ ਭਿੜਣ ਲਈ ਵੀ ਆ ਜਾਂਦੇ ਹਨ ਕਦੇ ਕਦੇ – ਜਦੋਂ ਉਨ੍ਹਾਂ ਦੀ ਮਰਜ਼ੀ ਹੁੰਦੀ ਹੈ – ਫੇਰ ਮੂਹਰੇ ਹੋ ਰਾਹ ਹੀ ਰੋਕ ਲੈਂਦੇ ਹਨ – ਫੇਰ ਨਾ ਦਿਖਦਾ ਹੈ ਨਾ ਤੁਰਿਆ ਜਾਂਦਾ ਹੈ।

ਘਰੋਂ ਨਿਕਲਣ ਵੇਲੇ ਹਰ ਕੋਈ ਆਪਣੀ ਛਤਰੀ ਲੈ ਲੈਂਦਾ ਹੈ – ਬਾਂਹ 'ਤੇ ਲਟਕਾ, ਪਿੱਛੇ ਪਿੱਠ ਤੇ ਟੰਗ ਜਾਂ ਹੱਥ ਵਿਚ ਫੜ ਕੇ।

ਹੱਥਾਂ ਵਿਚ ਤਾਂ ਹੁਣ ਅਸੀਂ ਤਿੰਨਾਂ ਨੇ ਆਪਣੇ ਆਪਣੇ "ਯੋਈਯੋ' ਵੀ ਲੈ ਲਏ ਹਨ – (ਮੋਹਣ ਦਾ ਲਾਲ ਹੈ, ਸੁਰਿੰਦਰ ਦਾ ਗੂਹੜਾ ਹਰਾ ਤੇ ਮੇਰ ਸਫੇਦ) ਰਸਤੇ ਵਿਚ ਚਲਾਉਣ ਤੇ ਖੇਡਣ ਲਈ – "ਯੋਈਯੋ" – ਪਲਾਸਟਿਕ ਦਾ ਵੱਡਾ ਗੋਲ ਰੀਲ ਨੁਮਾ ਖਿਡੌਣਾ, ਜਿਸ ਵਿਚ ਵਿਚਕਾਰ ਤੰਗ ਜਿਹੀ ਨਲਕੀ ਤੇ ਧਾਗਾ ਲਪੇਟਿਆ ਹੁੰਦਾ ਹੈ, ਪੱਕਾ, ਥੋੜ੍ਹਾ ਮਜ਼ਬੂਤ – ਇਕ ਸਿਰਾ ਅੰਗੂਠੇ ਦੇ ਨਾਲ ਵਾਲੀ ਉਂਗਲ ਵਿਚ ਬੰਨ੍ਹ ਲਿਆ ਜਾਂਦਾ ਹੈ। ਉਸ ਨੂੰ ਹੁਣ ਜਿੰਨੇ ਜ਼ੋਰ ਨਾਲ ਧਰਤੀ ਵੱਲ ਸੁੱਟੋ ਉਹ ਉੱਨੀ ਰਫ਼ਤਾਰ ਨਾਲ ਹੀ ਮੁੜ ਕੇ ਹੱਥ ਵਿਚ ਆ ਜਾਂਦਾ ਹੈ – ਕਈ ਤਾਂ ਮੂਹਰੇ ਨੂੰ ਸਿੱਟ ਸਿੱਟ ਕੇ ਵੀ ਖੇਡ ਲੈਂਦੇ ਹਨ – ਅਰਾਮ ਨਾਲ।

ਅਜ ਕੱਲ੍ਹ ਇੱਥੇ "ਯੋਈਯੋ" ਚਲਾਉਣ ਦਾ ਬਹੁਤ ਰਿਵਾਜ਼ ਹੈ – ਸ਼ਾਨ ਸਮਝਦਾ ਹੈ ਹਰ ਕੋਈ – ਕੁੜੀਆਂ, ਮੁੰਡੇ, ਆਦਮੀ, ਤੀਵੀਆਂ – ਸਭ ਦੇ ਹੱਥਾਂ ਵਿਚ ਚੁੱਕੇ ਹੁੰਦੇ ਹਨ – ਜਦ ਇਕ ਦੂਜੇ ਕੋਲੋਂ ਲੰਘ ਕੇ ਤਾਂ ਮੁਸਕਰਾ ਕੇ ਆਪਣਾ ਯੋਈਯੋ ਚਲਾ ਕੇ ਦਿਖਾਉਂਦੇ ਤੇ ਤੁਹਾਡਾ ਦੇਖਦੇ, ਖਾਸ ਕਰ 'ਮਾਲ' 'ਤੇ ਘੁੰਮਦੇ ਘੁੰਮਦੇ – ਆਪਣੇ ਆਪ ਸੁਤਹ ਸਿੱਧ ਹਰ ਕੋਈ ਆਉਂਦਾ ਜਾਂਦਾ ਚਲਾ ਰਿਹਾ ਹੈ ਤੇ ਇੰਜ ਲਗਦਾ ਹੈ ਜਿਵੇਂ ਹਵਾ ਵਿਚ ਕਿੰਨੀਆਂ ਹੀ ਰੰਗ-ਬਰੰਗੀਆਂ ਤਿੱਤਲੀਆਂ ਉੱਡ ਰਹੀਆਂ ਹੋਣ।

ਅੱਜ ਕੱਲ੍ਹ ਤਾਂ ਰਾਮਲੀਲਾ ਕਰਨ ਵਾਲੇ ਵੀ ਸਟੇਜ 'ਤੇ ਆ ਆ "ਯੋਈਯੋ" ਚਲਾ ਚਲਾ ਗੀਤ ਗਾ ਗਾ – 'ਸਾਂਗ' ਕਰਦੇ ਦਿਖਦੇ ਹਨ–

"ਯੋਈਯੋ ਸੇ ਪਿਆਰ ਕਰਤਾ ---
ਬੱਚਾ ਬੂੜਾ ਔਰ ਜਵਾਨ–"

ਹੁਣ ਮੌਜ– ਮਸਤੀ ਕਰਦੇ ਅਸੀਂ ਜਾ ਰਹੇ ਹਾਂ ਵੱਡੇ ਸ਼ਿਮਲੇ – ਰਾਹ ਵਿਚ ਮੋੜਾਂ 'ਤੇ ਪਹਾੜੀਆਂ ਤੇ ਨਿੱਕੀਆਂ ਨੁੱਕਰਾਂ ਵਿਚ ਜਿੱਥੇ ਕਿਤੇ ਥੋੜ੍ਹੀ ਜਿਹੀ ਥਾਂ ਹੁੰਦੀ ਹੈ, ਟੀਨਾ ਦੇ ਨਿੱਕੇ ਨਿੱਕੇ ਟੁਕੜੇ ਜੋੜ, ਆਰਜ਼ੀ ਦੁਕਾਨੜੀਆਂ ਜਿਹੀਆਂ ਬਣਾਈਆਂ ਹੁੰਦੀਆਂ ਹਨ – ਇਨ੍ਹਾਂ 'ਪਹਾੜੀਆਂ' ਨੇ – ਕੋਈ ਭੁੱਟੇ (ਛੱਲੀਆਂ) ਭੁੰਨ ਭੁੰਨ ਵੇਚ ਰਿਹਾ ਹੈ – ਕੋਈ ਮੂੰਗਫਲੀ, ਚਣਾ-ਜ਼ੋਰ ਗਰਮ – ਨਿੱਕੀਆਂ ਨਿੱਕੀਆਂ, ਲੰਮੂਤਰੀਆਂ, ਪੁੜੀਆਂ ਬੰਨ੍ਹ ਬੰਨ੍ਹ – ਪਰ ਅਸੀਂ ਹਾਲੇ ਆਪਣੀ ਦੁਆਨੀ ਨਹੀਂ ਖਰਚਦੇ ਹਾਂ – ਉਹ ਅਸੀਂ ਵੱਡੇ ਸ਼ਿਮਲੇ ਖਰਚਣ ਲਈ ਸਾਂਭੀ ਹੋਈ ਹੈ।

ਗੁਰਦੁਆਰਾ, ਛੋਟਾ – ਡਾਕਖਾਨਾ ਲੰਘ ਹੁਣ ਅਸੀਂ ਐਧਰ ਮਨਿਸਟਰਾਂ ਦੀਆਂ ਕੋਠੀਆਂ ਕੋਲ ਪੁੱਜ ਗਏ ਹਾਂ – ਇੱਥੇ ਵੀ ਦੂਜੇ ਪਾਸੇ ਪਹਾੜੀ ਤੇ ਇਕ ਛੋਟਾ ਜਿਹਾ ਪਾਰਕ ਹੈ, ਅਰਾਮ ਕਰਨ ਲਈ – ਦਰੱਖਤਾਂ ਦੇ ਤਣੇ ਕੱਟ ਕੱਟ, ਬੈਂਚ ਬਣਾਏ ਹੋਏ। ਨਿੱਕੀਆਂ ਨਿੱਕੀਆਂ ਬੱਲੀਆਂ ਦੇ 'ਵਗਲ', ਬੱਚਿਆਂ ਦੇ ਖੇਡਣ ਝੂਟਣ ਲਈ ਸਾਧਾਰਨ ਝੂਟੇ ਵੀ ਹਨ ਤੇ ਦਰੱਖਤਾਂ 'ਤੇ ਇੱਥੇ ਪਾਰਕ ਵਿਚ ਹੀ ਨਹੀਂ, ਥਾਂ-ਥਾਂ ਪੰਛੀਆਂ ਵਾਸਤੇ ਘਰ-ਨੁਮਾ ਕਈ ਤਰ੍ਹਾਂ ਦੇ ਆਲ੍ਹਣੇ ਵੀ ਟੰਗੇ ਹੋਏ ਹਨ ਹਰੇ ਹਰੇ ਰੰਗਾਂ ਦੇ, ਲੱਕੜੀ ਦੇ ਪਰ ਇਨ੍ਹਾਂ ਵਿਚ ਪੰਛੀ ਆਉਂਦੇ ਹੋਣਗੇ, ਬੈਠਦੇ ਹੋਣਗੇ ਸਾਨੂੰ ਤਾਂ ਕਿਤੇ ਨਹੀਂ ਦਿਖਦੇ ਉਂਜ ਆਮ ਦਰਖਤਾਂ 'ਤੇ ਤਾਂ ਪਹਾੜੀ-ਕਾਵਾਂ ਦਾ ਅੰਤ ਨਹੀਂ – ਮੋਟੀ ਮੋਟੀ ਆਵਾਜ਼ ਵਿਚ ਕਾਂ ਕਾਂ ਕਰਦੇ, ਸੁਣਦੇ ਹਨ – ਇਨ੍ਹਾਂ ਦੀ ਆਵਾਜ਼ ਹੇਠਾਂ ਮੈਦਾਨਾਂ ਵਾਲੇ ਕਾਵਾਂ ਤੋਂ ਮੋਟੀ ਤੇ ਭਾਰੀ ਹੁੰਦੀ ਹੈ – ਉਂਜ ਵੀ ਇਹ ਨਿਰੇ ਹੀ ਕਾਲੇ ਕਾਲੇ ਹੁੰਦੇ ਹਨ।



ਐਧਰ ਥਾਂ ਥਾਂ 'ਤੇ ਕੂੜਾ ਸੁਟਣ ਲਈ ਤਾਰਾਂ ਦੀਆਂ ਟੋਕਰੀਆਂ ਲੱਗੀਆਂ ਹੋਈਆਂ ਹਨ – ਇੱਥੇ ਕੀ, ਇਹ ਤਾਂ ਸਾਰੇ ਸ਼ਿਮਲੇ ਵਿਚ ਹੀ ਸੜਕਾਂ ਕੰਢੇ, ਥੋੜ੍ਹੀ ਥੋੜ੍ਹੀ ਦੂਰ ਲੱਗੀਆਂ ਹੋਈਆਂ ਹਨ– ਕਾਗਜ਼, ਛਿਲਕੇ ਸੁਟਣ ਲਈ। ਸਫ਼ਾਈ ਦਾ ਬਹੁਤ ਧਿਆਨ ਰਖਿਆ ਜਾਂਦਾ ਹੈ। ਭਾਪਾ ਜੀ ਤਾਂ ਇਹ ਵੀ ਦਸਦੇ ਹਨ – ਵੱਡੇ ਸ਼ਿਮਲੇ – ਖ਼ਾਸ ਕਰ ਮਾਲ 'ਤੇ ਜੇ ਕੋਈ ਪਾਨ ਖਾ ਕੇ ਸੜਕ 'ਤੇ ਥੁੱਕਦਾ ਫੜਿਆ ਜਾਂਦਾ ਹੈ ਤਾਂ ਉਸ ਨੂੰ ਪੰਜ ਰੁਪਏ ਜ਼ੁਰਮਾਨਾ ਲਗਦਾ ਹੈ।

ਹੁਣ ਅਸੀਂ ਐਥੇ ਛੋਟੇ ਹਵਾ– ਘਰ ਕੋਲ ਪੁੱਜ ਜਾਂਦੇ ਹਾਂ ਇੱਥੋਂ ਹੀ ਇਕ ਸੜਕ ਉਪਰ 'ਬਾਰਨੈਸ ਕੋਰਟ' ਨੂੰ ਚਲੀ ਜਾਂਦੀ ਹੈ। ਹਵਾ ਘਰ ਵਿਚ ਬੈਠਣ – ਪੀਣ ਦੇ ਪਾਣੀ ਤੇ 'ਬਾਹਰ-ਅੰਦਰ' ਜਾਣ ਲਈ ਮਰਦਾਂ ਤੇ ਤੀਵੀਆਂ ਦਾ ਵੱਖੋ-ਵੱਖਰਾ ਪ੍ਰਬੰਧ ਹੈ – ਪਰ ਅਸੀਂ ਤਾਂ ਬਿਨਾਂ ਪਿਆਸ ਦੇ – ਭੱਜ ਕੇ ਉਸ ਨਲਕੇ 'ਤੇ ਚਲੇ ਜਾਂਦੇ ਹਾਂ ਜੋ ਔਹ ਪਰ੍ਹਾਂ ਪਹਾੜੀ ਕੋਲ ਲੱਗਾ ਹੋਇਆ ਹੈ। ਵੱਡੇ ਗੋਲ 'ਲੈਟਰ-ਬਕਸੇ' ਵਰਗਾ, ਕਾਲੇ ਰੰਗ ਦਾ ਸ਼ੇਰ-ਮੂੰਹਾ, ਇਸ 'ਤੇ ਸੱਜੇ ਪਾਸੇ ਘੁਮਾਉਣ ਲਈ ਇਕ ਲਾਟੂ ਲੱਗਾ ਹੋਇਆ ਹੈ – ਸ਼ੇਰ ਦਾ ਮੂੰਹ ਤੇ ਇਹ ਲਾਟੂ ਦੋਵੇਂ ਪਿੱਤਲ ਦੇ ਲਿਸ਼ ਲਿਸ਼ ਕਰਦੇ – ਲਾਟੂ ਘੁਮਾਓ, ਸ਼ੇਰ ਦੇ ਮੂੰਹ ਵਿਚੋਂ ਪਾਣੀ ਨਿਕਲ ਆਉਂਦਾ ਹੈ –ਅਜਿਹੇ ਨਲਕੇ ਸ਼ਿਮਲੇ ਵਿਚ ਥਾਂ ਥਾਂ ਲੱਗੇ ਹੋਏ ਹਨ।

ਬਿਨ ਪਿਆਸ ਦੇ ਪਾਣੀ ਪੀ, ਢਿੱਡ ਫਟਾ ਅੱਗੇ ਤੁਰ ਪੈਂਦੇ ਹਾਂ। ਐਧਰ ਖੱਬੇ ਹੱਥ ਇਕ ਬਹੁਤ ਵੱਡਾ ਬੰਗਲਾ ਹੈ, ਸੜਕ ਦੇ ਨਾਲ ਨਾਲ, ਬਹੁਤ ਦੂਰ ਤੱਕ ਫੈਲਿਆ ਹੋਇਆ। ਕੀਹਦਾ ਹੈ, ਨਹੀਂ ਜਾਣਦੀ ਹਾਂ ਪਰ ਬਾਅਦ ਵਿਚ ਇਹ 'ਚੀਫ-ਮਨਿਸਟਰ' ਦੀ ਕੋਠੀ ਕਹਿਲਾਉਣ ਲੱਗ ਪਿਆ ਹੈ – ਦੋ ਗੇਟ ਹਨ ਇਸ ਦੇ, ਇਕ ਛੋਟੇ ਹਵਾ ਘਰ ਵੱਲ ਤੇ ਇਕ ਔਧਰ ਹੇਠਾਂ ਉਤਰ ਵੱਡੇ ਸ਼ਿਮਲੇ ਵੱਲ – ਵੱਡੀ ਚੌੜੀ ਕੰਧ 'ਤੇ ਗੁਲਾਬੀ, ਚਿੱਟੇ, ਜਾਮਣੀ, ਨਿੱਕੇ ਨਿੱਕੇ ਫੁੱਲਾਂ ਦੇ ਵੱਡੇ ਵੱਡੇ ਗੁੱਛੇ ਲੱਗੇ ਹੋਏ ਹਨ (ਇਹ ਫੁੱਲ ਬਹੁਤਾ ਇੱਥੇ ਹੀ ਹੁੰਦਾ ਹੈ) ਤੇ ਨਾਲ ਨਾਲ ਬਹੁਰੰਗੇ ਤੇ ਦੋ ਦੋ ਰੰਗਾਂ (ਚਿੱਟੇ ਲਾਖੇ) ਵਾਲੇ, ਡੇਲੀਏ ਦੇ ਫੁੱਲ ਵੀ। ਬਹੁਤ ਸੋਹਣੀ ਹੈ, ਇਹ ਕੋਠੀ – ਬਾਹਰ ਤੋਂ ਆਉਣ ਜਾਣ ਵਾਲੇ ਨੂੰ ਆਪਣੇ ਵੱਲ ਖਿੱਚਦੀ – ਅੰਦਰ ਕੀ ਹੈ – ਅਸੀਂ ਤਾਂ ਕਦੇ ਨਹੀਂ ਦੇਖਿਆ ਅੰਦਰ ਜਾ ਕੇ।

ਹੁਣ ਵੱਡਾ ਨਾਲਾ ਲੰਘ ਆ ਜਾਂਦੇ ਹਾਂ ਵੱਡਾ 'ਹਵਾ-ਘਰ' – ਬਹੁਤ ਸਜਿਆ ਹੋਇਆ ਹੈ ਇਹ – ਫੁੱਲ – ਬੂਟਿਆਂ ਤੇ ਬੈਂਚਾਂ ਨਾਲ। ਛਤਰੀ ਨੁਮਾ ਛੱਤ ਹੇਠਾਂ ਵੀ ਤੇ ਬਾਹਰ ਧੁੱਪ ਵਿਚ ਵੀ ਬਹੁਤ ਬੈਂਚ ਲੱਗੇ ਹੋਏ ਹਨ, ਬੈਠਣ ਅਰਾਮ ਕਰਨ ਲਈ – ਕੋਈ ਅਜਿਹਾ ਨਹੀਂ ਹੋਵੇਗਾ ਜੋ ਵੱਡੇ ਸ਼ਿਮਲੇ ਘੁੰਮਣ ਆਏ ਤੇ ਇੱਥੇ ਇਸ 'ਹਵਾਘਰ' ਦਾ ਨਜ਼ਾਰਾ ਨਾ ਲਵੇ – ਆ ਕੇ।

ਹਵਾ ਘਰ ਲੰਘ ਅੱਗੇ 'ਕਲਾਰਕਸ ਹੋਟਲ' ਹੈ ਤੇ ਹੁਣ ਅਸੀਂ (ਲਗਭਗ) ਵੱਡੇ ਸ਼ਿਮਲੇ ਪੁੱਜ ਗਏ ਹਾਂ। ਸੱਜੇ ਹੱਥ ਪਹਾੜੀ ਦੇ ਨਾਲ ਨਾਲ, ਕਿਤੇ ਕਿਤੇ 'ਰਿਕਸ਼ਾ ਸਟੈਂਡ' ਬਣੇ ਹੋਏ ਹਨ – ਲੰਮੇ ਲੰਮੇ ਡੰਡਿਆਂ ਵਾਲੇ ਰਿਕਸ਼ਾ ਤੇ ਨਾਲ ਸਵਾਰੀਆਂ ਦੀ ਉਡੀਕ ਵਿਚ ਧੁੱਪ ਦਾ ਨਿੱਘ ਆਨੰਦ ਮਾਣ ਰਹੇ –ਰਿਕਸ਼ਾ ਚਾਲਕ।

ਇਥੋਂ ਲਗਭਗ ਬਜ਼ਾਰ ਸ਼ੁਰੂ ਹੋ ਜਾਂਦਾ ਹੈ। ਮੁੱਢਲੀਆਂ ਵੱਡੀਆਂ ਦੁਕਾਨਾਂ ਦੇ ਵਿਚਕਾਰ – ਇਕ ਚਰਚ ਹੈ – ਅੱਜ ਤਾਂ ਅੰਦਰ ਲੋਕ ਪ੍ਰਾਰਥਨਾ ਵੀ ਕਰ ਰਹੇ ਹਨ – ਐਤਵਾਰ ਜੁ ਹੈ। ਅੰਗਰੇਜ਼ਾਂ ਦੇ ਨਾਲ ਨਾਲ ਕੁਝ ਸਾਡੇ ਵਰਗੇ ਲੋਕ ਵੀ ਹਨ – ਗੀਤ ਸੁਨਣ ਤਾਂ ਅਸੀਂ ਵੀ ਅੰਦਰ ਲੰਘ ਜਾਂਦੇ ਹਾਂ। ਆਪਣੇ ਆਪਣੇ ਹੱਥਾਂ ਵਿਚ ਗੁਟਕੇ ਨੁਮਾ ਕਿਤਾਬ ਲਈ ਖੜ੍ਹੇ ਹਨ ਸਭ ਤੇ ਇਕ ਆਦਮੀ ਮੂਹਰੇ ਖੜ੍ਹਾ ਹੈ ਉੱਚੇ ਚਬੂਤਰੇ 'ਤੇ – ਉਹਦੇ ਨਾਲ ਨਾਲ ਸਾਰੇ ਗਾ ਰਹੇ ਹਨ। ਸਾਨੂੰ ਹੋਰ ਤਾਂ ਬਹੁਤੀ ਸਮਝ ਨਹੀਂ ਆਉਂਦੀ ਤੇ ਜਿੰਨੀ ਕੁ ਆਉਂਦੀ ਹੈ ਉਹ ਅਸੀਂ ਕਦੇ ਭੁੱਲੇ ਹੀ ਨਹੀਂ ਹਾਂ – ਜੋ ਅਸੀਂ ਘਰ ਆ ਕੇ ਵੀ ਗਾਉਂਦੇ ਰਹਿੰਦੇ ਹਾਂ ਉਨ੍ਹਾਂ ਦੀ ਰੀਸ ਵਿਚ–

"ਗੁੱਠੇ (ਇਕੱਠੇ) ਹੋ ਕੇ ਗਾਓ
ਸਭ ਮੇਰਿਓ ਭਾਈ....
ਅੰਡ ਡੰਡ, ਡੰਡ ਡੰਡ, ਡੰਡ ਡੰਡ ਡੰਡ..."

ਨਾਲ ਸੰਗੀਤ ਵੱਜ ਰਿਹਾ ਹੈ –
ਸਾਨੂੰ ਇਹੋ ਬੋਲ ਤੇ ਇਹੋ ਤਾਲ ਸਮਝ ਆ ਰਹੀ ਹੈ ਬਸ – ਇਸ ਤੋਂ ਅੱਗੇ ਕੁਝ ਨਹੀਂ ਤੇ ਅਸੀਂ ਹੱਸਦੇ ਖੇਡਦੇ ਬਿੰਦ ਕੁ ਮਗਰੋਂ ਬਾਹਰ ਆ ਜਾਂਦੇ ਹਾਂ – ਸਾਡੀ ਮੰਜ਼ਲ ਤਾਂ ਹੱਥ ਵਿਚ ਫੜਿਆ – ਸਰਕਾਰੀ ਲਿਫ਼ਾਫ਼ਾ ਹੈ –

ਹੁਣ ਅਸੀਂ ਲੋਅਰ ਬਾਜ਼ਾਰ, ਮਾਲ ਲੰਘ ਐਧਰ ਲਾਲ ਲਾਜਪਤ ਰਾਏ ਦੇ ਬੁੱਤ (ਸਕੈਂਡਲ ਪੁਆਇੰਟ) ਕੋਲ ਪੁੱਜ ਗਏ ਹਾਂ ਜਿੱਥੇ ਐਨ ਸਾਹਮਣੇ ਵੱਡੇ ਸ਼ਿਮਲੇ ਦਾ 'ਵੱਡਾ-ਡਾਕਖਾਨਾ' ਹੈ – ਖ਼ਤ ਨੂੰ ਉਹਦੀ ਮੰਜ਼ਲ ਤੱਕ ਪਹੁੰਚਾ, ਵਿਹਲੇ ਹੋ, ਤੁਰ ਪੈਂਦੇ ਹਾਂ 'ਰਿੱਜ' ਵੱਲ ਜਿੱਥੇ ਵੱਡੇ ਗੋਲ ਛਤਰੀ-ਨੁਮਾਦ ਹਵਾ-ਘਰ ਬਣਿਆ ਹੋਇਆ ਹੈ– ਖੁੱਲ੍ਹੇ ਮੈਦਾਨ ਵਿਚ। ਇਥੇ ਬੈਠ ਅਸੀਂ ਆਪਣੀ ਥਕਾਵਟ ਲਾਹੁੰਦੇ ਹਾਂ ਪਰ ਥਕਾਵਟ ਉਤਾਰਨ ਲਈ ਤਾਂ ਅਜੇ ਸਾਡੇ ਹੱਥ ਵਿਚ ਦੁਆਨੀ ਬਚੀ ਪਈ ਹੈ ਜੋ ਸਾਂਭ ਰਖੀ ਹੈ– ਅਸਾਂ। ਲਗਦਾ ਹੈ ਹੁਣ ਉਹ ਵੀ ਉੱਸਲਵੱਟੇ ਲੈਣ ਲੱਗ ਪਈ ਹੈ।

ਸ਼ਾਹ ਬਣੇ ਅਸੀਂ ਹੁਣ ਦੁਆਨੀ ਖਰਚਦੇ ਹਾਂ – ਮੂੰਗਫਲੀ, ਚਣੇ, ਰਿਓੜੀਆਂ ਖਰੀਦ-ਵੰਡ, ਆਪਣੀਆਂ, ਆਪਣੀਆਂ ਜੇਬਾਂ ਤੂੜ, ਨਿਸ਼ਚਿੰਤ ਖੇਡਦੇ ਹਾਂ। ਇੱਥੇ ਰਿੱਜ ਤੇ ਪਰ੍ਹਾਂ ਲੱਕੜ ਬਜ਼ਾਰ ਵੱਲ ਘੁੰਮ ਫਿਰ ਆ ਜਾਂਦੇ ਹਾਂ – 'ਲੇਡੀਜ਼-ਪਾਰਕ'।

ਇਹ ਘੰਟਾ ਘਰ ਦੇ ਸਿਨਮੇ – ਤੇ ਹੇਠਾਂ ਲੋਅਰ ਬਾਜ਼ਾਰ ਦੇ ਵਿਚਕਾਰ ਕਰਕੇ ਹੈ ਥੋੜ੍ਹਾ – ਇਕ ਵੱਡੀ ਖੁੱਲ੍ਹੀ ਫੁੱਲ – ਬੂਟਿਆਂ ਨਾਲ ਸ਼ਿੰਗਾਰੀ ਥਾਂ। ਇੱਥੇ ਬੱਚਿਆਂ ਲਈ ਤੇ ਔਰਤਾਂ ਲਈ ਵੱਡੀਆਂ ਛੋਟੀਆਂ ਪੀਘਾਂ ਤੇ ਹੋਰ ਝੂਲੇ ਲੱਗੇ ਹੋਏ ਹਨ।

ਮੂਹਰੇ ਬਾਹਰੋਂ ਵੱਡੇ ਗੇਟ ਵਿਚੋਂ ਅੰਦਰ ਲੰਘਦੇ ਹੀ ਜ਼ਾਫਰੀ ਲੱਗੀ ਹੋਈ ਹੈ – ਹਰੇ ਰੰਗ ਦੀ – ਦੋਹਰੀ ਵਰਾਂਡੇ ਨੁਮਾ –ਜਿਸ ਤੇ 'ਮੋਰਨਿੰਗ-ਗਲੋਰੀ' ਦੀਆਂ ਵੇਲਾਂ ਚੜ੍ਹੀਆਂ ਹੋਈਆਂ ਹਨ – ਜਾਮਣੀ ਫੁੱਲਾਂ ਵਾਲੀਆਂ। ਇਸ ਵਰਾਂਡੇ ਵਿਚ ਸਵੇਰ ਤੋਂ ਸ਼ਾਮ ਤੱਕ ਇਕ ਕਰਮਚਾਰਨ ਬੈਠੀ ਹੁੰਦੀ ਹੈ – ਰਜਿਸਟਰ ਲੈ, ਹਰ ਆਉਣ ਵਾਲੇ ਦਾ ਨਾਂ-ਥਾਂ ਦਰਜ ਕਰਦੀ ਹੈ। ਅੰਦਰ ਸਿਰਫ਼ ਔਰਤਾਂ ਤੇ ਬੱਚੇ ਹੀ ਜਾ ਸਕਦੇ ਹਨ, ਮਰਦ ਨਹੀਂ। ਉਨ੍ਹਾਂ ਨੇ ਜੋ ਕਿਸੇ ਨੂੰ ਮਿਲਣਾ ਜਾਂ ਬੁਲਾਉਣਾ ਹੁੰਦਾ ਹੈ ਤਾਂ ਉਹ ਇਸ ਕਰਮਚਾਰਨ ਹੱਥ ਸੁਨੇਹਾ ਭੇਜ ਕੇ ਬੁਲਾ ਸਕਦੇ ਹਨ। ਇੱਥੇ ਖੇਡ-ਕੁੱਦ, ਖਾ ਪੀ ਅਸੀਂ ਸ਼ਾਮ ਤੱਕ ਘਰ ਮੁੜਦੇ ਹਾਂ।

ਅਜੇ ਤਾਂ ਅਸੀਂ ਹੇਠਾਂ ਮਾਲ ਤੇ ਆ ਹੀ ਰਹੇ ਹਾਂ ਕਿ ਅੱਗੋਂ ਸਾਨੂੰ ਭਾਈ ਸਾਹਿਬ – ਭਾਈ ਗੁਪਾਲ ਸਿੰਘ ਜੀ ਮਿਲ ਜਾਂਦੇ ਹਨ। ਪੁੱਛਣ 'ਤੇ ਪਤਾ ਲਗਦਾ ਹੈ ਉਹ ਇੱਥੇ ਕਿਸੇ ਗੁਰਸਿੱਖ ਦੇ ਘਰ ਜਾ ਰਹੇ ਹਨ ਕੀਰਤਨ ਕਰਨ ਤੇ ਅਸੀਂ ਵੀ ਉਨ੍ਹਾਂ ਨਾਲ ਟੁਰ ਪੈਂਦੇ ਹਾਂ ਕਿਉਂਕਿ ਭਾਈ ਜੀ ਸਾਨੂੰ ਆਪਣੇ ਘਰਦਿਆਂ ਵਾਂਗ ਹੀ ਲਗਦੇ ਹਨ। ਨਾ ਉਨ੍ਹਾਂ ਰੋਕਿਆ, ਨਾ ਟੋਕਿਆ। ਪਤਾ ਨਹੀਂ ਇਸ ਵਿਚ ਉਨ੍ਹਾਂ ਦੀ ਕਿੰਨੀ ਮਰਜ਼ੀ ਸ਼ਾਮਲ ਸੀ, ਕਿੰਨੀ ਸਾਡੀ – ਨਹੀਂ ਜਾਣਦੇ ਪਰ ਅਸੀਂ ਤਾਂ ਟੁਰ ਪਏ ਹਾਂ ਉਨ੍ਹਾਂ ਨਾਲ ਬਗੈਰ ਕੁਝ ਹੋਰ ਸੋਚੇ-ਸਮਝੇ–

ਹਨੇਰਾ ਹੋਣ ਲਗਦਾ ਹੈ – ਰਹਿਰਾਸ ਸਾਹਿਬ ਦਾ ਪਾਠ ਤੇ ਹੁਣ ਕੀਰਤਨ ਸ਼ੁਰੂ ਹੋ ਗਿਆ ਹੈ। ਜਿਵੇਂ ਜਿਵੇਂ ਹਨੇਰਾ ਸੰਘਣਾ ਹੁੰਦਾ ਜਾਂਦਾ ਹੈ ਹੁਣ ਮੈਨੂੰ ਡਰ ਲਗਣਾ ਸ਼ੁਰੂ ਹੋ ਜਾਂਦਾ ਹੈ। ਇਹ ਕੀ ਕੀਤਾ, ਕੀ ਬਣੇਗਾ ਘਰ ਜਾ ਕੇ ਪਰ ਹੁਣ ਕੀ ਹੋ ਸਕਦਾ ਸੀ – 'ਆਪੇ ਫਾਥੜੀਏ ਤੈਨੂੰ ਕੌਣ ਛਡਾਵੇ'। ਭਾਈ ਜੀ ਦਾ ਕੀਰਤਨ ਵਿਚ ਮਗਨ ਹਨ–

"ਭਿੰਨੀ ਰੈਣਨੜੀਏ – ਚਮਕਣ ਤਾਰੇ..."

ਤੇ ਹੁਣ ਮੂਹਰੇ ਪਰਸ਼ਾਦ ਵੀ ਆ ਗਿਆ ਹੈ, ਰਸਭਿੰਨਾ ਕੀਰਤਨ – ਮਿੱਠੀ-ਮਿੱਠੀ ਸੁਗੰਧ – ਸਭ ਬਹੁਤ ਵਧੀਆ ਲੱਗ ਰਿਹਾ ਹੈ ਪਰ ਮੇਰਾ ਤਾਂ ਅੰਦਰੋਂ ਮਨ ਕਾਹਲਾ ਪੈਣ ਲੱਗ ਪਿਆ ਹੈ। ਸੁਰਿੰਦਰ ਮੋਹਣ ਆਰਾਮ ਨਾਲ ਬੈਠੇ ਹਨ ਨਿਸ਼ਚਿੰਤ – ਮੈਂ ਜੁ ਮੂਹਰੇ ਹਾਂ– 'ਬਲੀ ਦਾ ਬੱਕਰਾ'।

ਰਾਤ ਪਈ ਘਰ ਮੁੜਦੇ ਹਾਂ – ਜਿਵੇਂ ਕਿਵੇਂ ਅੱਜ ਝਿੜਕਾਂ ਤੋਂ – ਮਾਰ ਤੋਂ ਤਾਂ ਬੱਚ ਜਾਂਦੇ ਹਾਂ – ਖ਼ਬਰੇ ਇਹ ਸਭ ਭਾਈ ਜੀ ਦੇ ਸਤਿਕਾਰ ਵਜੋਂ ਪਰ ਬਾਅਦ ਵਿਚ ਜਿੰਨਾਂ ਕੁ ਬੀਜੀ ਭਾਪਾ ਜੀ ਗੁੱਸੇ ਕਰਦੇ ਹਨ ਉਸ ਤੋਂ ਕਿਤੇ ਵੱਧ ਹੁੰਦਾ ਹੈ ਮੈਨੂੰ ਪਛਤਾਵਾ – ਜੋ ਮੈਂ ਆਪਣੇ ਆਪ ਨੂੰ, ਕਦੇ – ਮਾਫ਼ ਨਹੀਂ ਕਰ ਸਕੀ– ਅੱਜ ਤੱਕ ਵੀ ਨਹੀਂ।

*(ਬਾਕੀ ਅਗਲੇ ਹਫ਼ਤੇ)*

**ਅਜ ਕੱਲ੍ਹ ਇੱਥੇ "ਯੋਈਯੋ" ਚਲਾਉਣ ਦਾ ਬਹੁਤ ਰਿਵਾਜ਼ ਹੈ - ਸ਼ਾਨ ਸਮਝਦਾ ਹੈ ਹਰ ਕੋਈ - ਕੁੜੀਆਂ, ਮੁੰਡੇ, ਆਦਮੀ, ਤੀਵੀਆਂ - ਸਭ ਦੇ ਹੱਥਾਂ ਵਿਚ ਚੁੱਕੇ ਹੁੰਦੇ ਹਨ - ਜਦ ਇਕ ਦੂਜੇ ਕੋਲੋਂ ਲੰਘ ਕੇ ਤਾਂ ਮੁਸਕਰਾ ਕੇ ਆਪਣਾ ਯੋਈਯੋ ਚਲਾ ਕੇ ਦਿਖਾਉਂਦੇ ਤੇ ਤੁਹਾਡਾ ਦੇਖਦੇ, ਖਾਸ ਕਰ 'ਮਾਲ' 'ਤੇ ਘੁੰਮਦੇ ਘੁੰਮਦੇ - ਆਪਣੇ ਆਪ ਸੁਤਹ ਸਿੱਧ ਹਰ ਕੋਈ ਆਉਂਦਾ ਜਾਂਦਾ ਚਲਾ ਰਿਹਾ ਹੈ ਤੇ ਇੰਜ ਲਗਦਾ ਹੈ ਜਿਵੇਂ ਹਵਾ ਵਿਚ ਕਿੰਨੀਆਂ ਹੀ ਰੰਗ-ਬਰੰਗੀਆਂ ਤਿੱਤਲੀਆਂ ਉੱਡ ਰਹੀਆਂ ਹੋਣ।**

# ਮੈਂ ਨਿਆਂ ਨਹੀਂ ਮੰਗ ਰਹੀ

**ਡਾ. ਹਰਸ਼ਿੰਦਰ ਕੌਰ**, ਐਮ. ਡੀ.
ਮੋਬਾਈਲ: 0175-2216783



(ਇਹ ਘਟਨਾ ਸੁਰਿੰਦਰ ਸਿੰਘ ਜੀ ਵੱਲੋਂ ਦੱਸੀ ਗਈ ਹੈ। ਦਿੱਲੀ ਵਿਚ ਉਹ ਇਸ ਘਟਨਾ ਦੇ ਅੱਖੀਂ ਵੇਖੇ ਗਵਾਹ ਸਨ ਤੇ ਉਨ੍ਹਾਂ ਦਾ ਆਪਣਾ ਸਕਾ ਭਰਾ ਵੀ ਦੰਗਾਈਆਂ ਹੱਥੋਂ ਅਧਮਰਿਆ ਕਰ ਕੇ ਪੁਲਿਸ ਜਿਪਸੀ ਵਿਚ ਫੂਕੇ ਜਾਣ ਲਈ ਸੁਟਿਆ ਗਿਆ ਸੀ। ਗ਼ੱਲ ਇਕ ਨਵੰਬਰ 1984 ਦੀ ਹੈ। ਦਿੱਲੀ ਦੇ ਨਜਫਗੜ੍ਹ ਇਲਾਕੇ (ਤਿਲਕ ਨਗਰ ਨੇੜੇ) ਵਿਚ 13 ਦਿਨ ਦੀ ਨਵਜੰਮੀ ਬੱਚੀ ਨੂੰ ਵੇਖਣ ਉਸ ਦਾ ਪਿਤਾ ਫੌਜ ਵਿਚੋਂ ਛੁੱਟੀ ਲੈ ਕੇ ਘਰ ਆਇਆ ਸੀ।)

"ਮੈਂ ਤਾਂ ਹਾਲੇ 13 ਦਿਨ ਦੀ ਨਿੱਕੀ ਜਿਹੀ ਬੱਚੀ ਸੀ। ਆਪਣੀ ਮੰਮੀ ਦੀ ਪਿਆਰੀ ਗੋਦ ਵਿਚ ਪਈ ਮੈਂ ਰੋਜ਼ ਮੰਮੀ ਨੂੰ ਰਬ ਦਾ ਸ਼ੁਕਰ ਕਰਦਿਆਂ ਸੁਣਦੀ ਸੀ। ਪਤੈ ਉਸ ਦਿਨ ਮੰਮੀ ਕਿੰਨੀ ਖੁਸ਼ ਸੀ। ਵਾਰ-ਵਾਰ ਮੇਰਾ ਮੱਥਾ ਚੁੰਮ ਕੇ ਮੈਨੂੰ ਕਹਿ ਰਹੀ ਸੀ, ਅੱਜ ਤੇਰੇ ਪਾਪਾ ਨੇ ਆਉਣਾ ਹੈ। ਉਹ ਤੈਨੂੰ ਬਹੁਤ ਪਿਆਰ ਕਰਦੇ ਨੇ। ਉਨ੍ਹਾਂ ਨੇ ਕਿਹੈ ਕਿ ਉਹ ਆ ਕੇ ਸਾਨੂੰ ਗੁਰਦੁਆਰੇ ਲਿਜਾ ਕੇ ਤੇਰਾ ਨਾਮਕਰਣ ਕਰਨਗੇ। ਤੈਨੂੰ ਤਾਂ ਹਾਲੇ ਤਕ ਉਹ ਦੁਰਗਾ ਕਹਿ ਕੇ ਹੀ ਬੁਲਾਉਂਦੇ ਨੇ ਕਿਉਂਕਿ ਤੇਰੇ ਪਾਪਾ ਨੂੰ ਇਹ ਨਾਂ ਬਹੁਤ ਪਸੰਦ ਐ। ਪਤੈ ਤੇਰੇ ਪਾਪਾ ਦੀ ਦਾਦੀ ਹਿੰਦੂ ਟੱਬਰ 'ਚੋਂ ਸੀ ਤੇ ਉਸ ਦਾ ਨਾਂ ਦੁਰਗਾ ਸੀ। ਪਰ ਤੇਰਾ ਜਨਮ ਸਿੱਖ ਟੱਬਰ 'ਚ ਹੋਣ ਕਰਕੇ, ਜੋ ਗੁਰੂ ਗ੍ਰੰਥ ਸਾਹਿਬ ਤੋਂ ਹੁਕਮ ਹੋਇਆ, ਉਹੀ ਨਾਂ ਰੱਖਣਗੇ। ਪਰ ਤੂੰ ਰਹੀਂ ਦੁਰਗਾ ਹੀ। ਪਾਪੀਆਂ ਦਾ ਨਾਸ ਕਰਨ ਵਾਲੀ। ਬਹਾਦਰ ਪਿਤਾ ਦੀ ਬਹਾਦਰ ਧੀ। ਦੇ$ ਉੱਤੇ ਜਾਨ ਵਾਰ ਦੇਣ ਵਾਲੀ। ਮੈਂ ਤਾਂ ਤੈਨੂੰ ਫੌਜ 'ਚ ਹੀ ਭਰਤੀ ਕਰਵਾਵਾਂਗੀ। ਵੱਡੀ ਹੋ ਕੇ ਦੇਸਵਾਸੀਆਂ ਦੀ ਰਾਖੀ ਲਈ ਆਪਣੀ ਜਾਨ ਵਾਰ ਦੇਣ ਵਾਲੀ। ਬਿਟੀਆ ਮੇਰੀ, ਤੂੰ ਧਰਮ ਦੀ ਖ਼ਾਤਰ ਕਦੇ ਕਿਸੇ ਨਾਲ ਵਿਤਕਰਾ ਨਾ ਕਰੀਂ। ਸਾਡਾ ਤਾਂ ਟੱਬਰ ਹੀ ਸਾਂਝੀਵਾਲਤਾ ਦਾ ਪ੍ਰਤੀਕ ਹੈ। ਸਾਡੀ ਰਿਸ਼ਤੇਦਾਰੀ ਵਿਚ ਵੀ ਹਿੰਦੂ ਸਿੱਖ ਸਾਂਝੇ ਵਰਤਦੇ ਨੇ। ਲੈ ਮੈਂ ਵੀ ਕਿਹੜੀਆਂ ਗ਼ੱਲਾਂ ਲੈ ਕੇ ਬਹਿ ਗਈ ਆਂ। ਚੱਲ ਤੈਨੂੰ ਨਵੇਂ ਕਪੜੇ ਪਾ ਕੇ ਤਿਆਰ ਕਰਾਂ। ਤੇਰੇ ਪਾਪਾ ਆਉਣ ਵਾਲੇ ਨੇ।"

"ਇਸ ਤੋਂ ਬਾਅਦ ਪਤਾ ਨਹੀਂ ਕਿੰਨੀ ਦੇਰ ਮੰਮੀ ਰਸੋਈ ਵਿਚ ਖੁਸ਼ਬੂਦਾਰ ਚੀਜ਼ਾਂ ਬਣਾਉਂਦੀ ਰਹੀ ਤੇ ਮੈਂ ਮੰਜੇ ਉੱਤੇ ਪਈ ਪਾਸੇ ਵਾਲੀ ਕੰਧ ਉੱਤੇ ਲਟਕਦੀ ਪਾਪਾ ਦੀ ਵਰਦੀ ਵਾਲੀ ਤਸਵੀਰ ਵੱਲ ਵੇਖਦੀ ਰਹੀ। ਕਿੰਨੇ ਸੁਹਣੇ ਲੱਗ ਰਹੇ ਸਨ ਮੇਰੇ ਪਾਪਾ ਫੌਜੀ ਵਰਦੀ ਵਿਚ। ਸਿਰ ਉੱਤੇ ਹਰੀ ਪੱਗ। ਗੋਰੇ ਚਿੱਟੇ। ਛਾਤੀ ਉੱਤੇ ਢੇਰ ਸਾਰੇ ਮੈਡਲ। ਮੈਂ ਆਪ ਤਾਂ ਸੀਸ਼ਾ ਨਹੀਂ ਸੀ ਵੇਖ ਸਕਦੀ, ਪਰ ਮੰਮੀ ਤੇ ਪਾਪਾ ਏਨੇ ਸੁਹਣੇ ਸੀ ਤਾਂ ਮੈਂ ਜ਼ਰੂਰ ਬਹੁਤ ਸੁਹਣੀ ਹੋਵਾਂਗੀ। ਮੈਂ ਵੀ ਉਡੀਕ ਰਹੀ ਸੀ ਕਿ ਕਦੋਂ ਪਾਪਾ ਆਉਣ ਤੇ ਮੈਨੂੰ ਗੋਦੀ ਚੁੱਕ ਕੇ ਖਿਡਾਉਣ।

"ਅਖ਼ੀਰ ਮੰਮੀ ਰਸੋਈ 'ਚੋਂ ਨਿਕਲੀ ਤੇ ਮੈਨੂੰ ਗੁਸਲਖ਼ਾਨੇ ਵਿਚ ਨੁਹਾਉਣ ਲੈ ਗਈ। ਮੰਮੀ ਨੇ ਬੜਾ ਖ਼ਿਆਲ ਰੱਖਿਆ ਸੀ ਕਿ ਕਿਤੇ ਪਾਣੀ ਜ਼ਿਆਦਾ ਗਰਮ ਜਾਂ ਠੰਢਾ ਨਾ ਹੋਵੇ। ਮੇਰੇ ਚਮੜੀ ਨਰਮ ਜੁ ਬਹੁਤ ਸੀ। ਮੰਮੀ ਕਹਿੰਦੀ ਸੀ, ਮੈਂ ਤਾਂ ਨਿਰੀ ਰੂੰ ਵਰਗੀ ਹਾਂ। ਕਦੇ-ਕਦੇ ਤਾਂ ਮੰਮੀ ਮੈਨੂੰ ਚਿੱਟੀ ਬਰਫ਼ ਦਾ ਗੋਲਾ ਕਹਿੰਦੀ ਸੀ।

"ਮੰਮੀ ਨੇ ਮੈਨੂੰ ਬਹੁਤ ਸੁਹਣੀ ਲਾਲ ਫਰਾਕ ਪਾਈ ਤੇ ਮੇਰੇ ਵਾਲ ਬਹੁਤ ਸੁਹਣੇ ਤਰੀਕੇ ਵਾਹੇ। ਫੇਰ ਮੈਨੂੰ ਛਾਤੀ ਨਾਲ ਲਾ ਕੇ, ਦੁੱਧ ਪਿਆ ਕੇ ਸੁਆ ਦਿੱਤਾ। ਮੈਂ ਸੁਫ਼ਨੇ 'ਚ ਪਾਪਾ ਦੀ ਗੋਦੀ ਚੜ੍ਹ ਰਹੀ ਸੀ ਕਿ ਅਚਾਨਕ ਮੈਨੂੰ ਪੋਲੇ ਜਿਹੇ ਕਿਸੇ ਨੇ ਚੁੱਕ ਕੇ, ਘੁੱਟ ਕੇ ਗਲ ਨਾਲ ਲਾ ਲਿਆ। ਓ ਹੋ ਕਿੰਨਾ ਜ਼ਿਆਦਾ ਚੁੰਮਿਆ। ਮੇਰੀ ਤਾਂ ਗਲ੍ਹ ਗਿੱਲੀ ਹੋ ਗਈ। ਮੈਂ ਨਿੱਕੀਆਂ ਨਿੱਕੀਆਂ ਅੱਖਾਂ ਖੋਲ੍ਹ ਕੇ ਵੇਖਿਆ ਤਾਂ ਇਹ ਬਿਲਕੁਲ ਉਹੀ ਸ਼ਕਲ ਸੀ ਜੋ ਕੰਧ ਉੱਤੇ ਲਟਕੀ ਤਸਵੀਰ ਵਿਚ ਸੀ। ਓ ਲੈ, ਇਹ ਤਾਂ ਮੇਰੇ ਪਾਪਾ ਸੀ। ਮੈਂ ਨਿੱਕੀ ਜਿਹੀ ਮੁਸਕਾਨ ਨਾਲ ਜਦੋਂ ਉਨ੍ਹਾਂ ਵੱਲ ਤੱਕਿਆ ਤਾਂ ਮੈਂ ਵੇਖਿਆ ਪਾਪਾ ਦੀਆਂ ਅੱਖਾਂ 'ਚੋਂ ਹੰਝੂ ਵਹਿ ਤੁਰੇ ਸਨ। ਪਾਪਾ ਇਕਦਮ ਬੋਲ ਪਏ, "ਇਹ ਤਾਂ ਮੇਰੀ ਪਰੀ ਵਰਗੀ ਬੱਚੀ ਐ। ਤੈਨੂੰ ਕਦੇ ਤੱਤੀ 'ਵਾ ਨਾ ਲੱਗੇ। ਤੇਰੀ ਆਈ ਮੈਂ ਮਰ ਜਾਂ। ਰਬ ਤੈਨੂੰ ਮੇਰੀ ਉਮਰ ਵੀ ਲਾ ਦੇਵੇ।

"ਪਾਪਾ ਮੈਨੂੰ ਗੋਦੀ 'ਚੋਂ ਲਾਹੁੰਦੇ ਹੀ ਨਹੀਂ ਸੀ ਪਏ। ਮੰਮੀ ਚਾਹ ਲੈ ਕੇ ਪਾਪਾ ਲਈ ਆਈ ਪਰ ਪਾਪਾ ਤਾਂ ਆਪਣੇ ਚਾਅ ਹੀ ਪੂਰੇ ਕਰਨ 'ਚ ਤੁਲੇ ਪਏ ਸਨ। ਮੈਂ ਤਾਂ ਪਾਪਾ ਉੱਤੇ ਸੁਸੂ ਵੀ ਕਰ 'ਤਾ ਪਰ ਪਾਪਾ ਹੋਰ ਘੁੱਟ ਕੇ ਪਿਆਰ ਕਰਨ ਲੱਗ ਪਏ ਤੇ ਕਹਿਣ ਲੱਗੇ, 'ਤੇਰਾ ਨਾਂ ਤਾਂ ਮੈਂ ਦੁਰਗਾ ਕੌਰ ਈ ਰੱਖ ਦੇਣੈ। ਸਾਂਝੀਵਾਲਤਾ ਦੀ ਪ੍ਰਤੀਕ। ਮੇਰੀ ਦਾਦੀ ਵਾਂਗ ਈ ਤੂੰ ਵੀ ਤਗੜੀ ਬਣਨੈ ਤੇ ਪਾਪਾ ਤੋਂ ਵੀ ਜ਼ਿਆਦਾ ਮੈਡਲ ਹਾਸਲ ਕਰਨੇ ਨੇ। ਬੋਲ ਕਰੇਂਗੀ ਨਾ? ਆਪਣੇ ਪਾਪਾ ਦਾ ਨਾਂ ਰੌਸ਼ਨ ਕਰੇਂਗੀ ਨਾ? ਮੇਰੀ ਬਹਾਦਰ ਬੱਚੀ ਬਣੇਂਗੀ ਨਾ?'

"ਮੈਂ ਵੀ ਪੂਰਾ ਜ਼ੋਰ ਲਾ ਕੇ ਮੁਸਕੁਰਾ ਕੇ ਹਾਮੀ ਭਰ ਦਿੱਤੀ। ਮੈਂ ਤਾਂ ਜ਼ਰੂਰ ਪਾਪਾ ਤੋਂ ਵੱਧ ਮੈਡਲ ਹਾਸਲ ਕਰ ਕੇ ਪਾਪਾ ਦਾ ਨਾਂ ਰੌਸ਼ਨ ਕਰਾਂਗੀ।

"ਅਖ਼ੀਰ ਮੰਮੀ ਕੋਲੋਂ ਚਾਹ ਦਾ ਕੱਪ ਫੜਨ ਲਈ ਪਾਪਾ ਮੈਨੂੰ ਮੰਜੇ ਉੱਤੇ ਪਾ ਕੇ ਹੱਥ ਧੋਣ ਗੁਸਲਖ਼ਾਨੇ ਚਲੇ ਗਏ। ਮੈਂ ਪੂਰੇ ਜ਼ੋਰ ਦੀ ਲੱਤਾਂ ਮਾਰ ਕੇ ਪਾਪਾ ਦੀ ਗੋਦੀ ਚੜ੍ਹਨ ਦੀ ਜ਼ਿਦ ਕਰਦਿਆਂ ਹੌਲੀ-ਹੌਲੀ ਰੂੰ-ਰੂੰ ਕਰਨਾ ਸ਼ੁਰੂ ਕਰ ਦਿੱਤਾ।

"ਹਾਲੇ ਪਾਪਾ ਹੱਥ ਧੋ ਕੇ ਮੁੜੇ ਹੀ ਸਨ ਤੇ ਚਾਹ ਦਾ ਕੱਪ ਫੜਿਆ ਵੀ ਨਹੀਂ ਸੀ ਕਿ ਬਾਹਰ ਰੌਲੇ ਰੱਪੇ ਦੀ ਆਵਾਜ਼ ਆਈ। ਮੈਂ ਤਭ੍ਰਕ ਗਈ ਪਰ ਰੋਣਾ ਬੰਦ ਕਰ ਦਿੱਤਾ ਕਿਉਂਕਿ ਮੈਂ ਸਾਬਤ ਕਰਨਾ ਸੀ ਕਿ ਮੈਂ ਪਾਪਾ ਦੀ ਤਾਕਤਵਰ ਧੀ ਹਾਂ।

"ਪਾਪਾ ਵਰਦੀ ਵਿਚ ਹੀ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲੇ ਤਾਂ ਉਨ੍ਹਾਂ ਨੂੰ ਧੱਕਾ ਮਾਰ ਕੇ ਬਾਹਰੋਂ ਭੀੜ ਅੰਦਰ ਆ ਵੜੀ। ਸਾਰੇ ਉੱਚੀ ਉੱਚੀ ਚੀਕ ਰਹੇ ਸੀ ਤੇ ਮੈਂ ਡੌਰ ਭੌਰ ਹੋਈ ਸਭ ਕੁੱਝ ਸਮਝਣ ਦਾ ਜਤਨ ਕਰ ਰਹੀ ਸੀ।

"ਮੰਮੀ ਕਹਿੰਦੀ ਹੁੰਦੀ ਸੀ ਕਿ ਜਦੋਂ ਮੈਂ ਸਵਾ ਮਹੀਨੇ ਦੀ ਹੋਵਾਂਗੀ ਤਾਂ ਉਹ ਪਾਰਟੀ ਰੱਖਣਗੇ। ਪਰ, ਹਾਲੇ ਤਾਂ ਮੈਂ ਸਿਰਫ਼ 13 ਦਿਨਾਂ ਦੀ ਹਾਂ। ਏਨਾ ਉੱਚਾ ਸ਼ੋਰ ਸੀ ਕਿ ਮੈਂ ਸਹਿਮ ਗਈ ਸੀ।

"ਅਚਾਨਕ ਤਿੰਨ ਜਣਿਆਂ ਨੇ ਅਗਾਂਹ ਹੋ ਕੇ ਪਾਪਾ ਦੀ ਬਾਂਹ ਖਿੱਚੀ ਤੇ ਚੀਕੇ "ਬਾਹਰ ਖੀਂਚੋ। ਫੂਕ ਦੋ ਸਾਲੇ ਕੋ।" ਮੈਂ ਸੱਚੀਂ ਮੁੱਚੀਂ ਡਰ ਗਈ ਤੇ ਚੀਕ ਪਈ। ਮੇਰੇ ਚੀਕਣ ਦੀ ਦੇਰ ਸੀ ਕਿ ਮੈਨੂੰ ਦੋ ਜਣਿਆਂ ਨੇ ਲੱਤਾਂ ਤੋਂ ਧੂਹ ਲਿਆ ਤੇ ਸਿੱਧਾ ਰਸੋਈ 'ਚ ਗੈਸ ਬਾਲ ਕੇ ਉਸ ਉੱਤੇ ਸੁੱਟ ਦਿੱਤਾ। ਮੇਰੀ ਮੰਮੀ ਨੂੰ ਘੜੀਸ ਕੇ ਕਈ ਜਣੇ ਬਾਹਰ ਲੈ ਗਏ ਤੇ ਮੇਰੇ ਪਾਪਾ ਨੂੰ ਪੱਗ ਤੋਂ ਫੜ ਕੇ ਪੂਰੀ ਭੀੜ ਨੇ ਧੂਹ ਕੇ ਬਾਹਰ ਖਿੱਚ ਲਿਆ। ਪਾਪਾ ਨੇ ਪੂਰਾ ਜ਼ੋਰ ਲਾ ਕੇ ਸਾਰਿਆਂ ਨੂੰ ਧੱਕ ਕੇ ਮੈਨੂੰ ਗੈਸ ਉੱਤੋਂ ਚੁੱਕਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਤਿੰਨ ਜਣਿਆਂ ਨੇ ਉਨ੍ਹਾਂ ਦੇ ਸਿਰ 'ਤੇ ਲੋਹੇ ਦੀਆਂ ਰਾਡਾਂ ਮਾਰ ਦਿੱਤੀਆਂ ਤੇ ਉਹ ਡਿੱਗ ਪਏ।

"ਮੈਂ ਕੀ ਦੱਸਾਂ ਮੈਨੂੰ ਕਿੰਨੀ ਪੀੜ ਹੋਈ। ਮੇਰੀਆਂ ਨਿੱਕੀਆਂ ਹੱਡੀਆਂ ਤੇ ਚਮੜੀ ਤਾਂ ਸੱਚੀਂ ਰੂੰ ਵਾਂਗ ਸੜ ਗਈਆਂ। ਮੰਮੀ ਠੀਕ ਕਹਿੰਦੀ ਸੀ ਕਿ ਮੈਂ ਨਿਰੀ ਰੂੰ ਹੀ ਤਾਂ ਸੀ। ਚੀਕਣ ਦੀ ਕੋਸ਼ਿਸ਼ ਵੀ ਕੀਤੀ ਤੇ ਪਾਪਾ ਦੀ ਬਹਾਦਰ ਧੀ ਬਣ ਕੇ ਹਿੱਲਣ ਦੀ ਵੀ ਕੋਸ਼ਿਸ਼ ਕੀਤੀ। ਪਰ, ਦੋ ਜਣਿਆਂ ਨੇ ਮੇਰੇ ਉੱਤੇ ਬਲਦਾ ਹੋਇਆ ਟਾਇਰ ਵੀ ਸੁੱਟ ਦਿੱਤਾ। ਮੇਰੀ ਮੰਮੀ ਵੱਲੋਂ ਲਾਡਾਂ ਨਾਲ ਪਾਈ ਲਾਲ ਫਰਾਕ ਧੂਅ-ਧੂਅ ਕੇ ਸੜੀ ਤੇ ਮੇਰੀ ਚੀਕ ਕਿਤੇ ਵਿੱਚੇ ਹੀ ਦਫ਼ਨ ਹੋ ਗਈ। ਮੇਰਾ ਸਰੀਰ ਪੂਰਾ ਫੁੱਲ ਗਿਆ ਤੇ ਫੇਰ ਸਾਰਾ ਕੁੱਝ ਸੜ ਗਿਆ। ਪਲਾਂ ਵਿਚ ਹੀ ਮੈਂ ਆਪਣੇ ਪਿਆਰੇ ਪਾਪਾ ਦੀ ਦੁਰਗਾ ਧੀ, ਸਿਰਫ਼ ਨਿੱਕੀਆਂ ਹੱਡੀਆਂ ਦੀ ਮੁੱਠ ਰਹਿ ਗਈ। ਜਦੋਂ ਮੇਰੀ ਰੂਹ ਨਿਕਲੀ ਤਾਂ ਮੈਂ ਵੇਖਿਆ, ਮੇਰਾ ਸਿਰ ਟੋਟੇ ਟੋਟੇ ਹੋਇਆ ਪਿਆ ਸੀ ਤੇ ਗੈਸ ਦੇ ਕੋਨੇ 'ਤੇ ਹਾਲੇ ਵੀ ਮੇਰਾ ਨਿੱਕਾ ਜਿਹਾ ਕਲਿੱਪ ਪਿਆ ਸੀ ਜੋ ਮੇਰੀ ਮਾਂ ਨੇ ਚੁੰਮ ਕੇ ਮੇਰੇ ਸਿਰ ਉੱਤੇ ਟੁੰਗਿਆ ਸੀ।

"ਪਰ ਇਹ ਕੀ? ਮੈਂ ਵੇਖਿਆ ਗਲੀ 'ਚ ਮੇਰੀ ਮੰਮੀ ਦੇ ਕਪੜੇ ਪਾੜ ਦਿੱਤੇ ਗਏ ਸੀ ਤੇ ਮੇਰੇ ਪਾਪਾ ਨੂੰ ਪੱਗ ਨਾਲ ਬੰਨ੍ਹ ਕੇ ਖਿੱਚਿਆ ਜਾ ਰਿਹਾ ਸੀ।

"ਭੀੜ ਨੇ ਪਾਪਾ ਨੂੰ ਰਾਡਾਂ ਮਾਰ-ਮਾਰ ਕੇ ਅਧਮੋਇਆ ਕਰ ਦਿੱਤਾ ਸੀ ਤੇ ਉਨ੍ਹਾਂ ਉੱਤੇ ਵੀ ਟਾਇਰ ਬਾਲ ਕੇ ਸੁੱਟ ਦਿੱਤਾ ਸੀ।

"ਕਿੰਨੀ ਸੁਹਣੀ ਫੌਜੀ ਵਰਦੀ ਅੱਗ ਵਿਚ ਧੂਅ ਧੂਅ ਕੇ ਬਲ ਰਹੀ ਸੀ। ਮੇਰੇ ਪਾਪਾ ਇੱਕੋ ਗ਼ੱਲ ਕਹੀ ਜਾ ਰਹੇ ਸਨ, "ਮੇਰੀ ਧੀ ਨੂੰ ਛੱਡ ਦਿਓ। ਮੇਰੀ ਦੁਰਗਾ ਬਚਾ ਲਓ।"

"ਮੇਰੀਆਂ ਤਾਂ ਭੁੱਬਾਂ ਨਿਕਲ ਗਈਆਂ। ਕਿਵੇਂ ਦੱਸਦੀ, ਪਾਪਾ ਮੈਂ ਪੂਰੀ ਬਹਾਦਰੀ ਵਿਖਾਈ ਪਰ ਤੁਹਾਡੀ ਦੁਰਗਾ ਅੱਗ ਨਾਲ ਲੜ ਨਹੀਂ ਸਕੀ ਤੇ ਵਿਦਾ ਹੋ ਚੁੱਕੀ ਹੈ। ਉਹ ਏਨੀ ਲਾਚਾਰ ਬਣ ਚੁੱਕੀ ਹੈ ਕਿ ਪਾਪਾ ਨੂੰ ਬਚਾਉਣ ਵੀ ਨਹੀਂ ਆ ਸਕਦੀ। ਮੇਰੇ ਕੋਲੋਂ ਹੋਰ ਕੁੱਝ ਵੀ ਵੇਖਣ ਦੀ ਤਾਕਤ ਨਹੀਂ ਸੀ ਬਚੀ। ਸਿਰ ਪਰ੍ਹਾਂ ਘੁਮਾਇਆ ਤਾਂ ਵੇਖਿਆ ਮੇਰੇ ਪਾਪਾ ਦੀ ਰੂਹ ਵੀ ਮੇਰੇ ਨਾਲ ਹੀ ਆ ਚੁੱਕੀ ਸੀ। ਅਸੀਂ ਫਿਰ ਘੁੱਟ ਕੇ ਜੱਫੀ ਪਾ ਲਈ। ਪਰ ਮੰਮੀ? ਉਹ ਤਾਂ ਕਿਤੇ ਵੀ ਦਿਸਦੀ ਨਹੀਂ ਸੀ ਪਈ! ਚੁਫੇਰੇ ਅੱਗਾਂ ਲੱਗੀਆਂ ਸਨ।

"ਹੁਣ ਤਾਂ ਤਿੰਨ ਦਹਾਕੇ ਤੋਂ ਵੱਧ ਦਾ ਸਮਾਂ ਹੋ ਗਿਆ। ਪਰ, ਮੈਨੂੰ ਕਿਸੇ ਨਾਲ ਕੋਈ ਗਿਲਾ ਸ਼ਿਕਵਾ ਨਹੀਂ। ਮੈਂ ਤੇ ਮੇਰੇ ਪਾਪਾ ਦੀ ਰੂਹ ਇਕੱਠੇ ਹਾਂ। ਉਦੋਂ ਹੀ ਪੰਜ ਦਿਨ ਬਾਅਦ ਪਤ ਗੁਆ ਕੇ ਮੇਰੀ ਮੰਮੀ ਵੀ ਸਾਡੇ ਨਾਲ ਹੀ ਆ ਗਈ ਸੀ। ਹੁਣ ਸਾਨੂੰ ਕੋਈ ਅਲੱਗ ਨਹੀਂ ਕਰ ਸਕਦਾ। ਅਸੀਂ ਬਹੁਤ ਖੁਸ਼ ਹਾਂ।

"ਮੈਂ ਬਿਲਕੁਲ ਕਿਸੇ ਤੋਂ ਕੋਈ ਨਿਆਂ ਨਹੀਂ ਮੰਗ ਰਹੀ, ਸਗੋਂ ਸ਼ੁਕਰਾਨਾ ਕਰ ਰਹੀ ਹਾਂ ਕਿ ਦੰਗਾ ਕਰਨ ਵਾਲਿਆਂ ਨੇ ਸਾਨੂੰ ਸਾਰੇ ਟੱਬਰ ਨੂੰ ਹਮੇਸ਼ਾ ਲਈ ਇਕੱਠਾ ਕਰ ਦਿੱਤਾ।

"ਪਰ, ਅੱਜ ਮੈਂ ਸ਼ਹੀਦ ਫੌਜੀਆਂ ਦੀ ਯਾਦ ਵਿਚ ਲੋਕਾਂ ਨੂੰ ਦੀਵੇ ਬਾਲਦੇ ਵੇਖਿਆ ਹੈ। ਮੈਂ ਪੂਰੀ ਲਿਸਟ ਵੇਖੀ ਹੈ। ਉੱਥੇ ਮੇਰੇ ਪਾਪਾ ਦਾ ਨਾਂ ਨਹੀਂ ਲਿਖਿਆ ਹੋਇਆ।

"ਸੱਚੀਂ ਕਹਿ ਰਹਿ ਹਾਂ। ਮੈਂ ਆਪ ਅੱਖੀਂ ਵੇਖੀ ਗਵਾਹ ਹਾਂ ਕਿ ਮੇਰੇ ਪਾਪਾ ਪੂਰੀ ਬਹਾਦਰੀ ਨਾਲ ਲੜੇ ਸੀ। ਪਰ, ਇਕ ਪਾਸੇ ਏਨੀਆਂ ਰਾਡਾਂ ਤੇ ਅੱਗ ਵਾਲੇ ਟਾਇਰ ਸਨ ਤੇ ਦੂਜੇ ਪਾਸੇ ਇਕੱਲੇ ਪਾਪਾ ਤੇ ਉਹ ਵੀ ਨਿਹੱਥੇ। ਹੋਰ ਕੁੱਝ ਵੀ ਨਾ ਕਰੋ ਪਰ ਪਲੀਜ਼ ਮੇਰੇ ਪਿਆਰੇ ਫੌਜੀ ਪਾਪਾ ਦਾ ਸ਼ਹੀਦਾਂ ਦੇ ਵਿਚ ਨਾਂ ਤਾਂ ਸ਼ਾਮਲ ਕਰ ਦਿਓ।

"ਰੱਬ ਦਾ ਵਾਸਤਾ ਜੇ! ਕੋਈ ਇਕ ਤਾਂ ਇਸ ਕਰੋੜਾਂ ਦੀ ਭੀੜ ਵਿੱਚੋਂ, ਸਿਰਫ਼ ਇਕ ਦੀਵਾ, ਇਕ ਨਵੰਬਰ ਦੇ ਦਿਨ ਦਿੱਲੀ ਵਿਚ ਮੇਰੇ ਪਾਪਾ ਦੇ ਨਾਂ ਦਾ ਵੀ ਜਗਾ ਦਿਆ ਕਰੋ। ਬਿਲਕੁਲ ਕੋਈ ਮੈਡਲ ਨਾ ਦੇਣਾ। ਉਹ ਪਾਪਾ ਕੋਲ ਪਹਿਲਾਂ ਹੀ ਹੈਗੇ ਸੀ।

"ਯਕੀਨ ਜਾਣਿਓ, ਤੇਜ਼ ਹਵਾਵਾਂ ਵੀ ਹੋਈਆਂ ਤਾਂ ਇਹ ਪਾਪਾ ਦੀ ਦੁਰਗਾ ਬੇਟੀ ਦੀ ਰੂਹ ਉਸ ਦੀਵੇ ਨੂੰ ਬੁਝਣ ਨਹੀਂ ਦੇਵੇਗੀ ਕਿਉਂਕਿ ਹੁਣ ਮੈਨੂੰ ਅੱਗ ਹੋਰ ਝੁਲਸਾ ਨਹੀਂ ਸਕਦੀ।

ਬਸ ਪਲੀਜ਼, ਇਕ ਨਵੰਬਰ ਦਾ ਦਿਨ ਤੇ ਸਿਰਫ਼ ਇਕ ਦੀਵਾ, ਮੇਰੇ ਪਾਪਾ ਦੇ ਨਾਂ ਦਾ! ਤੁਹਾਡੀ ਬਹੁਤ ਧੰਨਵਾਦੀ ਹੋਵਾਂਗੀ।

ਤੁਹਾਡੀ ਖ਼ੈਰ ਮੰਗਦੀ, ਤੁਹਾਡੀ ਆਪਣੀ ਹੀ ਨਿੱਕੀ ਜਿਹੀ ਧੀ ਵਰਗੀ, ਦੁਰਗਾ।"

## ਸਾਬਕਾ ਵਿਧਾਇਕ ਗੁਰਬਚਨ ਸਿੰਘ ਬੱਬੇਹਾਲੀ ਦੇ ਪੁੱਤਰ ਉੱਤੇ ਜਾਨਲੇਵਾ ਹਮਲੇ ਲਈ ਕਾਂਗਰਸੀ ਵਿਧਾਇਕ ਤੇ ਪੁਲੀਸ ਵੱਲ ਉੱਠੀ ਉਂਗਲ

**ਗੁਰਦਾਸਪੁਰ/ਬਿਊਰੋ ਨਿਊਜ਼:** ਗੁਰਦਾਸਪੁਰ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਦੇ ਸਾਬਕਾ ਵਿਧਾਇਕ ਗੁਰਬਚਨ ਸਿੰਘ ਬੱਬੇਹਾਲੀ ਦੇ ਪੁੱਤਰ ਅਮਰਜੋਤ ਸਿੰਘ ਬੱਬੇਹਾਲੀ 'ਤੇ ਮੰਗਲਵਾਰ ਬਾਅਦ ਦੁਪਹਿਰ ਅਣਪਛਾਤੇ ਵਿਅਕਤੀਆਂ ਨੇ ਜਾਨਲੇਵਾ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਗੋਲੀਆਂ ਚਲਾਈਆਂ ਅਤੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕਰਕੇ ਅਮਰਜੋਤ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਇਸ ਹਮਲੇ 'ਚ ਉਸ ਦੇ ਦੋ ਸਾਥੀ ਗਗਨਦੀਪ ਸਿੰਘ ਤੇ ਸਿਕੰਦਰ ਸਿੰਘ ਵੀ ਫੱਟੜ ਹੋ ਗਏ। ਅਮਰਜੋਤ ਸਿੰਘ ਪਿੰਡ ਬੱਬੇਹਾਲੀ ਦਾ ਸਾਬਕਾ ਸਰਪੰਚ ਹੈ। ਸਿਵਲ ਹਸਪਤਾਲ 'ਚ ਇਲਾਜ ਦੌਰਾਨ ਅਮਰਜੋਤ ਸਿੰਘ ਬੱਬੇਹਾਲੀ ਨੇ ਆਪਣੇ 'ਤੇ ਹੋਏ ਜਾਨਲੇਵਾ ਹਮਲੇ ਲਈ ਗੁਰਦਾਸਪੁਰ ਦੇ ਕਾਂਗਰਸੀ ਵਿਧਾਇਕ ਨੂੰ ਕਸੂਰਵਾਰ ਠਹਿਰਾਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਵਿਧਾਇਕ ਨੇ ਪਿਛਲੇ ਦਿਨੀਂ ਚੋਣਾਂ ਦੌਰਾਨ ਧਮਕੀ ਦਿੱਤੀ ਸੀ ਕਿ ਜੋ ਵੀ ਉਨ੍ਹਾਂ ਖ਼ਿਲਾਫ਼ ਵੋਟ ਪਾਵੇਗਾ ਉਸ ਨੂੰ ਨਤੀਜਾ ਭੁਗਤਣਾ ਪਵੇਗਾ।



ਅਮਰਜੋਤ ਨੇ ਹਮਲਾਵਰਾਂ 'ਚ ਕਾਂਗਰਸ ਵੱਲੋਂ ਨਿਯੁਕਤ ਕੀਤੇ ਇੱਕ ਐਸਐਚਓ ਦੇ ਪੁੱਤਰ ਦੇ ਸ਼ਾਮਲ ਹੋਣ ਦਾ ਦੋਸ਼ ਵੀ ਲਾਇਆ ਹੈ। ਉਸ ਨੇ ਕਿਹਾ ਕਿ ਗੋਲੀ ਐਸਐਚਓ ਦੇ ਪੁੱਤਰ ਨੇ ਚਲਾਈ ਅਤੇ ਐਸਐਚਓ ਦੇ ਭਤੀਜੇ ਨੇ ਕਿਰਚ ਨਾਲ ਵਾਰ ਕੀਤੇ। ਅਮਰਜੋਤ ਨੇ ਦੱਸਿਆ ਕਿ ਜਦੋਂ ਉਹ ਆਪਣੇ ਸਾਥੀਆਂ ਸਮੇਤ ਪਿੰਡ ਅੰਦਰ ਦਾਖ਼ਲ ਹੋ ਰਿਹਾ ਸੀ ਤਾਂ ਕਾਰਾਂ 'ਚ ਆਏ ਨੌਜਵਾਨਾਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਤੋਂ ਉਹ ਬਚ ਗਏ ਪਰ ਬਾਅਦ 'ਚ ਹਮਲਾਵਰਾਂ ਨੇ ਤੇਜ਼ਧਾਰ ਹਥਿਆਰ ਨਾਲ ਉਨ੍ਹਾਂ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਰੌਲਾ ਪੈਣ 'ਤੇ ਲੋਕ ਇਕੱਠੇ ਹੋ ਗਏ ਅਤੇ ਹਮਲਾਵਰ ਭੱਜ ਗਏ। ਲੋਕਾਂ ਨੇ ਉਨ੍ਹਾਂ ਨੂੰ ਸਿਵਲ ਹਸਪਤਾਲ, ਗੁਰਦਾਸਪੁਰ ਪਹੁੰਚਾਇਆ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਵੱਲੋਂ ਸਾਜ਼ਿਸ਼ ਤਹਿਤ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਹਸਪਤਾਲ ਬਾਹਰ ਪਹੁੰਚੇ ਸਾਬਕਾ ਵਿਧਾਇਕ ਬੱਬੇਹਾਲੀ ਦੇ ਸਮਰਥਕਾਂ ਨੇ ਕਾਂਗਰਸੀ ਵਿਧਾਇਕ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਗੁਰਦਾਸਪੁਰ ਦੇ ਐਸਐਸਪੀ ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਪੁਲੀਸ ਵੱਲੋਂ ਸਾਬਕਾ ਵਿਧਾਇਕ ਦੇ ਪੁੱਤਰ 'ਤੇ ਹੋਏ ਹਮਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਬਾਅਦ ਕਾਰਵਾਈ ਕੀਤੀ ਜਾਵੇਗੀ।

## ਕੈਪਟਨ ਸਰਬ ਪਾਰਟੀ ਮੀਟਿੰਗ ਬੁਲਾਏ-ਭਾਜਪਾ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਦੀ ਵਿਗੜਦੀ ਕਾਨੂੰਨ ਵਿਵਸਥਾ ਦੇ ਮੱਦੇਨਜ਼ਰ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਵਿਜੈ ਸਾਂਪਲਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਸਰਬ ਪਾਰਟੀ ਬੈਠਕ ਬੁਲਾਉਣ ਲਈ ਕਿਹਾ ਹੈ। ਸ੍ਰੀ ਸਾਂਪਲਾ ਨੇ ਦੋਸ਼ ਲਾਇਆ ਕਿ ਜਦੋਂ ਤੋਂ ਕਾਂਗਰਸ ਸਰਕਾਰ ਨੇ ਪੰਜਾਬ ਦੀ ਕਮਾਨ ਸੰਭਾਲੀ ਹੈ, ਉਦੋਂ ਤੋਂ ਕਾਨੂੰਨ ਵਿਵਸਥਾ ਵਿਗੜਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇੱਕ ਵਿਚਾਰਧਾਰਾ, ਇੱਕ ਧਰਮ, ਇੱਕ ਖ਼ਾਸ ਵਰਗ ਦੇ ਲੋਕਾਂ ਦੀਆਂ ਹੱਤਿਆਵਾਂ ਕਰ ਕੇ ਭਾਈਚਾਰੇ ਨੂੰ ਸੱਟ ਮਾਰਨ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਹਿੰਦੂ ਆਗੂਆਂ ਦੀਆਂ ਹੱਤਿਆਵਾਂ ਕੀਤੀਆਂ ਜਾ ਰਹੀਆਂ ਹਨ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਕੋਈ ਬਾਹਰੀ ਸ਼ਕਤੀ ਪੰਜਾਬ ਦਾ ਮਾਹੌਲ ਖ਼ਰਾਬ ਕਰਨਾ ਚਾਹੁੰਦੀ ਹੈ।

## ਭਾਰਤੀ ਵਿਦਿਆਰਥੀਆਂ ਉਤੇ ਇਟਲੀ 'ਚ ਨਸਲੀ ਹਮਲੇ

**ਨਵੀਂ ਦਿੱਲੀ/ਬਿਊਰੋ ਨਿਊਜ਼:** ਉੱਤਰੀ ਇਟਲੀ ਵਿੱਚ ਭਾਰਤੀ ਵਿਦਿਆਰਥੀਆਂ ਉਤੇ ਹਮਲੇ ਦੀਆਂ ਦੋ ਘਟਨਾਵਾਂ ਵਾਪਰੀਆਂ ਹਨ। ਰਿਪੋਰਟਾਂ ਮੁਤਾਬਕ ਭਾਰਤੀ ਵਿਦਿਆਰਥੀਆਂ ਉਤੇ ਮਿਲਾਨ ਵਿੱਚ 17 ਅਤੇ 30 ਅਕਤੂਬਰ ਨੂੰ ਹਮਲੇ ਹੋਏ। ਪ੍ਰਤੱਖ ਤੌਰ ਉਤੇ ਨਸਲੀ ਜਾਪਦੇ ਇਨ੍ਹਾਂ ਹਮਲਿਆਂ ਵਿੱਚ ਤਿੰਨ ਵਿਦਿਆਰਥੀਆਂ ਉਤੇ ਕਥਿਤ ਤੌਰ 'ਤੇ ਬੀਅਰ ਬੋਤਲਾਂ ਨਾਲ ਹਮਲਾ ਕੀਤਾ ਗਿਆ। ਭਾਰਤੀ ਕੌਂਸੁਲ ਜਨਰਲ ਨੇ ਇਨ੍ਹਾਂ ਹਮਲਿਆਂ ਦੇ ਨਸਲੀ ਹੋਣ ਦੀ ਪੁਸ਼ਟੀ ਨਹੀਂ ਕੀਤੀ। ਮਿਲਾਨ ਵਿੱਚ ਭਾਰਤੀ ਕੌਂਸੁਲੇਟ ਜਨਰਲ ਨੇ ਬੀਤੇ ਦਿਨ ਭਾਰਤੀ ਵਿਦਿਆਰਥੀਆਂ ਨੂੰ ਐਡਵਾਈਜ਼ਰੀ ਜਾਰੀ ਕਰ ਕੇ ਕਿਹਾ ਕਿ ਉਹ ਘਬਰਾਉਣ ਨਾ। ਟਵਿੱਟਰ ਉਤੇ ਪਾਈ ਇਸ ਐਡਵਾਈਜ਼ਰੀ ਮੁਤਾਬਕ "ਮਿਲਾਨ ਵਿੱਚ ਭਾਰਤੀ ਵਿਦਿਆਰਥੀਆਂ ਉਤੇ ਹਮਲਿਆਂ ਦੀਆਂ ਘਟਨਾਵਾਂ ਦੀਆਂ ਰਿਪੋਰਟਾਂ ਮਿਲੀਆਂ ਹਨ। ਸਾਰੇ ਵਿਦਿਆਰਥੀਆਂ ਨੂੰ ਅਪੀਲ ਹੈ ਕਿ ਉਹ ਘਬਰਾਉਣ ਨਾ। ਕੌਂਸਲੇਟ ਇਹ ਮਾਮਲਾ ਮਿਲਾਨ ਵਿੱਚ ਕਾਨੂੰਨ ਵਿਵਸਥਾ ਨਾਲ ਸਬੰਧਤ ਉੱਚ ਅਧਿਕਾਰੀਆਂ ਕੋਲ ਉਠਾਏਗੀ। ਐਡਵਾਈਜ਼ਰੀ ਵਿੱਚ ਇਹ ਸਪੱਸ਼ਟ ਨਹੀਂ ਹੈ ਕਿ ਕੀ ਭਾਰਤੀ ਵਿਦਿਆਰਥੀਆਂ ਉਤੇ ਹਮਲੇ ਨਸਲੀ ਤੌਰ 'ਤੇ ਪ੍ਰੇਰਿਤ ਤਾਂ ਨਹੀਂ। ਕੌਂਸਲੇਟ ਨੇ ਭਾਰਤੀ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਕਿ ਉਹ ਇਕ-ਦੂਜੇ ਦੇ ਸੰਪਰਕ ਵਿੱਚ ਰਹਿਣ। ਖ਼ਾਸ ਤੌਰ 'ਤੇ ਬਾਹਰ ਜਾਣ ਵੇਲੇ ਇਕ ਦੂਜੇ ਨਾਲ ਰਾਬਤਾ ਰੱਖਿਆ ਜਾਵੇ। ਇਹ ਵੀ ਸਲਾਹ ਦਿੱਤੀ ਗਈ ਕਿ ਉਨ੍ਹਾਂ ਨੂੰ ਜਿਹੜੇ ਇਲਾਕਿਆਂ ਵਿੱਚ ਹਮਲੇ ਦਾ ਸਾਹਮਣਾ ਕਰਨਾ ਪਿਆ, ਉਨ੍ਹਾਂ ਇਲਾਕਿਆਂ ਬਾਰੇ ਜਾਣਕਾਰੀ ਭਾਰਤ ਤੋਂ ਆਉਣ ਵਾਲੇ ਹੋਰ ਵਿਦਿਆਰਥੀਆਂ ਨਾਲ ਸਾਂਝੀ ਕੀਤੀ ਜਾਵੇ। ਕੌਂਸਲੇਟ ਨੇ ਵਿਦਿਆਰਥੀਆਂ ਨੂੰ ਹਮਲੇ ਦੀਆਂ ਘਟਨਾਵਾਂ ਬਾਰੇ ਫੌਰੀ ਹੈਲਪਲਾਈਨ ਨੰਬਰ 3290884057 ਉਤੇ ਜਾਣਕਾਰੀ ਦੇਣ ਲਈ ਵੀ ਕਿਹਾ। ਇਸ ਤੋਂ ਬਾਅਦ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਉਹ ਨਿੱਜੀ ਤੌਰ 'ਤੇ ਹਾਲਾਤ ਉਤੇ ਨਿਗ੍ਹਾ ਰੱਖ ਰਹੇ ਹਨ ਅਤੇ ਵਿਦਿਆਰਥੀਆਂ ਨੂੰ ਘਬਰਾਉਣ ਦੀ ਲੋੜ ਨਹੀਂ। ਭਾਰਤੀ ਵਿਦਿਆਰਥੀਆਂ ਉਤੇ ਹਮਲੇ ਦੀਆਂ ਰਿਪੋਰਟਾਂ ਅਜਿਹੇ ਸਮੇਂ ਆਈਆਂ, ਜਦੋਂ ਇਟਲੀ ਦੇ ਪ੍ਰਧਾਨ ਮੰਤਰੀ ਪਾਓਲੋ ਜੈਂਤੀਲੋਨੀ ਦੋ ਦਿਨਾਂ ਲਈ ਭਾਰਤ ਦੌਰੇ ਉਤੇ ਸਨ। ਉਨ੍ਹਾਂ 2012 ਵਿੱਚ ਇਟਲੀ ਦੇ ਜਲ ਸੈਨਿਕਾਂ ਵੱਲੋਂ ਭਾਰਤੀ ਮਛੇਰਿਆਂ ਦੀ ਹੱਤਿਆ ਮਗਰੋਂ ਦੋਵਾਂ ਮੁਲਕਾਂ ਦੇ ਰਸਾਤਲ ਵੱਲ ਜਾ ਰਹੇ ਰਿਸ਼ਤਿਆਂ ਨੂੰ ਠੁੰਮਣਾ ਦੇਣ ਲਈ ਗੱਲਬਾਤ ਵੀ ਕੀਤੀ। ਵਿਦੇਸ਼ ਮੰਤਰੀ ਨੇ ਟਵੀਟ ਕੀਤਾ ਕਿ "ਮਿਲਾਨ ਵਿੱਚ ਭਾਰਤੀ ਵਿਦਿਆਰਥੀਆਂ ਉਤੇ ਹਮਲੇ ਬਾਰੇ ਮੈਨੂੰ ਵਿਸਤਾਰ ਨਾਲ ਰਿਪੋਰਟ ਮਿਲ ਗਈ ਹੈ। ਘਬਰਾਉਣ ਦੀ ਲੋੜ ਨਹੀਂ। ਮੈਂ ਨਿੱਜੀ ਤੌਰ ਉਤੇ ਹਾਲਾਤ ਉਪਰ ਨਿਗ੍ਹਾ ਰੱਖ ਰਹੀ ਹਾਂ।" ਜ਼ਿਕਰਯੋਗ ਹੈ ਕਿ ਇਟਲੀ ਵਿੱਚ 1.80 ਲੱਖ ਭਾਰਤੀ ਰਹਿੰਦੇ ਹਨ। ਭਾਰਤੀਆਂ ਦੀ ਗਿਣਤੀ ਪੱਖੋਂ ਬਰਤਾਨੀਆ ਤੇ ਨੀਦਰਲੈਂਡ ਤੋਂ ਬਾਅਦ ਯੂਰਪੀ ਯੂਨੀਅਨ ਵਿੱਚ ਇਟਲੀ ਤੀਜੇ ਨੰਬਰ ਉਤੇ ਆਉਂਦਾ ਹੈ।

# ਗੁਰੂ ਗ੍ਰੰਥ ਜੀ ਮਾਨਿਓ...

**ਡਾ. ਹਰਬੰਸ ਸਿੰਘ ਸਰਾਓ**

ਕਿੰਨਾ ਆਨੰਦਮਈ ਸਮਾਂ ਹੁੰਦਾ ਹੈ ਜਦੋਂ ਸਿੱਖ ਸੰਗਤਾਂ ਇਕ ਹੋ ਕੇ ਇਹ ਪੰਗਤੀਆਂ ਉਚਾਰਨ ਕਰਦੀਆਂ ਹਨ:

ਆਗਿਆ ਭਈ ਅਕਾਲ ਕੀ ਤਭੀ ਚਲਾਇਓ ਪੰਥ।
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੇਂ ਲੇਹ।
ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਈ।
ਖੁਆਰ ਹੋਏ ਸਭ ਮਿਲੇਗੇ ਬਚੇ ਸ਼ਰਨ ਜੋ ਹੋਇ।

ਇਨ੍ਹਾਂ ਸ਼ਬਦਾਂ ਵਿਚ ਸਪਸ਼ਟ ਹੈ ਕਿ ਹਰ ਸਿੱਖ ਦਾ ਧਰਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰਾ ਜ਼ਹੂਰ ਗੁਰੂ ਮੰਨਣਾ ਹੈ ਜੋ ਕਿ ਸਰਬ ਗੁਰੂਆਂ ਦੀ ਰੂਹ ਅਤੇ ਦੇਹ ਹੈ ਜਦੋਂ ਗੁਰਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦਾ ਹਾਂ ਤਾਂ ਆਪਣੇ ਆਪ ਹੀ ਉਸ ਦਾ ਸਤਿਕਾਰ ਤੇ ਪਿਆਰ ਪ੍ਰੇਮ ਨਾਲ ਸਿਰ ਝੁੱਕ ਜਾਂਦਾ ਹੈ ਤੇ ਮਿਠੜੇ ਸ਼ਬਦ ਨੂੰ ਸਰਵਣ ਕਰਨ ਲਈ ਮਨ ਲੋਚਣ ਲੱਗ ਜਾਂਦਾ ਹੈ। ਸ਼ਬਦ ਤੋਂ ਜੀਵਨ ਜਾਂਚ ਤੇ ਸੇਧ ਮਿਲਦੀ ਹੈ ਤੇ ਸੱਚਾ ਮਾਰਗ ਨਜ਼ਰ ਆਉਂਦਾ ਹੈ।

ਬਾਣੀ ਗੁਰੂ, ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ
ਗੁਰੂ ਬਾਣੀ ਕਹੈ ਸੇਵਕ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ ।।

ਇਸ ਤੋਂ ਹੋਰ ਸਪਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਹੀ ਗੁਰੂ ਹੈ। ਗੁਰੂ ਉਹ ਹੈ ਜਿਸ ਤੋਂ ਸਾਨੂੰ ਸੇਧ ਮਿਲੇ, ਗਾਈਡੈਂਸ ਮਿਲੇ।

ਗੁਰਬਾਣੀ ਇਸੁ ਜਗ ਮਹਿ ਚਾਨਣੁ ।।

ਗੁਰਬਾਣੀ ਇਸ ਦੁਨੀਆਂ ਦੀ ਰੌਸ਼ਨੀ ਹੈ।

ਇਸੇ ਤਰ੍ਹਾਂ ਧੁਰ ਕੀ ਬਾਣੀ ਆਈ ਤਿਨ ਸਗਲੀ ਚਿੰਤ ਮਿਟਾਈ। ਇਹ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਵਿਖੇ ਦਰਜ ਹੈ, ਅਕਾਲ ਪੁਰਖ ਤੋਂ ਆਈ ਹੈ ਤੇ ਇਸ ਦੇ ਸਰਵਣ ਅਤੇ ਸਿਮਰਨ ਦੁਆਰਾ ਦੁਖ ਰੋਗ ਸੰਤਾਪ ਦੂਰ ਹੁੰਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਦੀ ਸੇਵਾ ਨਾਲ ਗੁਰੂ ਸਾਹਿਬਾਂ ਦੇ ਮੁੱਖ ਵਾਕ ਤੇ ਭਗਤਾਂ ਦੀਆਂ ਰਚਨਾਵਾਂ ਨੂੰ ਸੰਗ੍ਰਹਿ ਕਰਕੇ ਪੋਥੀ ਪ੍ਰਮੇਸਰ ਆਖਿਆ। ਭਾਦੋਂ ਸੁਦੀ 1604 ਨੂੰ ਪ੍ਰਕਾਸ਼ ਕਰਕੇ ਬਾਬਾ ਬੁੱਢਾ ਜੀ ਨੂੰ ਪਹਿਲੇ ਗਰੰਥੀ ਥਾਪਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 2 ਨਵੰਬਰ 1708 ਨੂੰ ਪ੍ਰਗਟ ਗੁਰਾਂ ਦੀ ਦੇਹ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨ ਕੇ ਮੱਥਾ ਟੇਕਿਆ। ਉਸ ਦਿਨ ਤੋਂ ਗੁਰਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰਾ ਹਜ਼ੂਰ ਗੁਰ ਮੰਨਦੇ ਹਨ। ਸਿੱਖ ਜੀਵਨ ਦੀ ਹਰ ਰਸਮ ਜਿਵੇਂ ਕਿ ਨਾਮ ਜਪਣਾ, ਆਨੰਦ ਕਾਰਜ, ਅੰਤਮ ਸੰਸਕਾਰ ਆਦਿ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਹੀ ਹੁੰਦੇ ਹਨ।

ਗੁਰੂ ਗ੍ਰੰਥ ਸਾਹਿਬ ਦੇ ਪਹਿਲੂਆਂ ਤੋਂ ਨਿਰਾਲੇ ਹਨ।

1. ਗੁਰੂ ਸਾਹਿਬ ਦੀ ਰਚਨਾ ਧਰਮ ਨੂੰ ਸਾਜਣਹਾਰਾਂ ਦੀ ਰਸਨਾਂ ਤੇ ਕਲਮ ਤੋਂ ਹੋਈ ਤੇ ਧੁਰ ਕੀ ਬਾਣੀ ਉਸੇ ਤਰ੍ਹਾਂ ਹੀ ਕਾਇਮ ਹੈ। ਪੰਜਵੇਂ ਪਿਤਾ ਨੇ ਕੁਰਬਾਨੀ ਦੇ ਦਿੱਤੀ ਪਰ ਬਾਣੀ ਵਿਚ ਤਬਦੀਲੀ ਨਹੀਂ ਹੋਣ ਦਿੱਤੀ।
2. ਇਸ ਵਿਚ ਹੋਰ ਧਰਮਾਂ ਦੇ ਭਗਤਾਂ ਦਾ ਵੀ ਹਿੱਸਾ ਹੈ। ਸੋ ਇਹ ਸਰਬ ਸਾਂਝੀ ਬਾਣੀ ਹੈ। ਕਿਸੇ ਧਰਮ ਨਾਲ ਵਿਤਕਰਾ ਨਹੀਂ। ਕੋਈ ਵੀ ਸਰਵਣ ਜਾਂ ਸਿਮਰਨ ਕਰ ਸਕਦਾ ਹੈ।

ਕੁਝ ਪੱਛਮੀ ਵਿਦਵਾਨਾਂ ਨੇ ਜਦੋਂ ਅੰਗਰੇਜ਼ੀ ਵਿਚ ਤਰਜਮਾ ਪੜ੍ਹਿਆ ਤਾਂ ਉਨ੍ਹਾਂ ਅੱਗੋਂ ਵਿਚਾਰ ਲਿਖੇ: 'ਮੈਂ ਸਾਰੇ ਧਰਮਾਂ ਨੂੰ ਪੜ੍ਹਿਆ ਪਰ ਜੋ ਗੁਰੂ ਗ੍ਰੰਥ ਸਾਹਿਬ ਵਿਚ ਹਿਰਦੇ ਨੂੰ ਅਪੀਲ ਮਿਲਦੀ ਹੈ, ਉਹ ਹੋਰ ਕਿਤੇ ਵੀ ਨਹੀਂ ਮਿਲੀ। "ਪਰਲ ਐਸੋ ਬੱਕ ਨੋਬਲ ਇਨਾਮ ਵਿਜੇਤਾ

'ਸਿੱਖ ਧਰਮ ਅਤੇ ਗੁਰੂ ਗ੍ਰੰਥ ਜੀ ਦੀ ਇਸ ਦੁਨੀਆਂ ਨੂੰ ਇਕ ਸਪੈਸ਼ਲ ਚੋਣ ਹੈ ਡਾ. ਆਰਨਲਡ ਟੋਇਨਬੀ "ਮੈਨੂੰ ਪਹਿਲੇ ਸਿੱਖੀ ਬਾਬਤ ਕੁਝ ਪਤਾ ਨਹੀਂ ਸੀ। ਜਦੋਂ ਮੈਂ ਗੁਰੂ ਗ੍ਰੰਥ ਜੀ ਨੂੰ ਪੜ੍ਹਿਆ ਤਾਂ ਮਹਿਸੂਸ ਹੋਇਆ ਕਿ ਜੇ ਨਾ ਪੜ੍ਹਦਾ ਤਾਂ ਮੇਰਾ ਗਿਆਨ ਅਧੂਰਾ ਰਹਿਣਾ ਸੀ।' ਈ ਐਮ ਫੋਰਸਟਰ (ਅੰਗਰੇਜ਼ੀ ਨਾਵਲਿਸਟ) ਇਸੇ ਤਰ੍ਹਾਂ ਟੈਗੋਰ, ਰੱਸਲ, ਵਿਵੇਕਾਨੰਦ ਆਦਿ ਫਿਲਾਸਫਰਾਂ ਨੇ ਗੁਰੂ ਸਾਹਿਬ ਦੇ ਲਈ ਪ੍ਰਸ਼ੰਸਾ ਤੇ ਸ਼ਰਧਾ ਦੇ ਸ਼ਬਦ ਵਰਤੇ ਹਨ।

ਗੁਰੂ ਗ੍ਰੰਥ ਜੀ ਦੀ ਰਚਨਾ ਇਕ ਅਦਭੁਤ ਤੇ ਵਿਗਿਆਨਕ ਤਰਤੀਬ ਨਾਲ ਹੋਈ ਹੈ। ਸਾਰੀ ਰਚਨਾ ਰਾਗਾਂ ਵਿਚ ਜੋੜੀ ਹੈ ਤੇ ਹਰ ਰਾਗ ਉਸੇ ਹੀ ਤਰਤੀਬ ਵਿਚ ਹੈ ਜਿਵੇਂ ਪਹਿਲੇ ਚੌਪਦੇ, ਫਿਰ ਅਸਟਪਦੇ, ਛੰਤ ਵਾਰਾਂ ਤੇ ਅਖੀਰ ਵਿਚ ਭਗਤਾਂ ਦੀ ਬਾਣੀ ਹੈ। 1430 ਅੰਗਾਂ ਵਿਚ 5894 ਵਾਕਾਂ ਵਿਚ ਅਥਾਹ ਗਿਆਨ ਹੈ। ਬਾਣੀ ਸਰਵਣ ਜਾਂ ਪਾਠ ਕਰਦਿਆਂ ਮਨ ਅਤੇ ਆਤਮਾ 'ਤੇ ਬੜਾ ਡੂੰਘਾ ਅਸਰ ਪੈਂਦਾ ਹੈ ਤੇ ਜੀਵਨ ਸੋਝੀ ਮਿਲਦੀ ਹੈ। ਜਿਵੇਂ ਕਿ

ਮਨਿ ਜੀਤੈ ਜੁਗ ਜੀਤੁ ।।
ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ।
ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ।
ਕੂੜਾ ਨਿਖੁਟੇ ਨਾਨਕਾ ਓੜਕ ਸਚੁ ਰਹੀ।
ਏਕ ਪਿਤਾ ਏਕਸ ਕੇ ਹਮ ਬਾਰਕ।
ਸਰਬ ਰੋਗ ਦਾ ਆਉਖਦੁ ਨਾਮ।
ਸਭੁ ਕੋ ਉਚਾ ਆਖੀਐ ਨੀਚੁ ਨਾ ਦੀਸੇ ਕੋਇ।
ਪ੍ਰਭੁ ਕੋ ਸਿਮਰਹਿ ਸੇ ਪ੍ਰਉਪਕਾਰੀ।

Betrand Russell Who Won
Nobel Prize 1950

Here are his views on Sikhism, ".....Sikhism has splendid doctrines which has come into existence for the benefit of the entire mankind. Sikhs should go out and propagate their great faith. The Sikhs believe in democracy, freedom of speech, freedom of worship, pluralism, human rights, equality of all people, and women are equal to men in all respects according of sikh scriptures....

# ਬਲਾਤਕਾਰ, ਬਾਲ ਵਿਆਹ ਅਤੇ ਅਦਾਲਤੀ ਫੈਸਲਾ

**ਗੁਰਮੀਤ ਪਲਾਹੀ**
(ਮੋਬਾਈਲ : 9815802070)



ਭਾਰਤ ਦੀ ਸਰਵ-ਉਚ ਅਦਾਲਤ ਸੁਪਰੀਮ ਕੋਰਟ ਨੇ ਇੱਕ ਤੋਂ ਬਾਅਦ ਇੱਕ, ਚਾਰ ਬਹੁਤ ਹੀ ਮਹੱਤਵਪੂਰਨ ਫੈਸਲੇ ਪਿਛਲੇ ਕੁਝ ਸਮੇਂ ਵਿਚ ਦਿੱਤੇ ਹਨ। ਪਹਿਲਾ, ਨਿੱਜਤਾ, ਨਾਗਰਿਕ ਦਾ ਮੁਢਲਾ ਅਧਿਕਾਰ ਹੈ। ਦੂਜਾ ਤਿੰਨ ਤਲਾਕ ਦਾ ਮੁੱਦਾ ਅਤੇ ਤੀਸਰਾ ਸ਼ਾਦੀਸ਼ੁਦਾ ਨਾਬਾਲਿਗ ਲੜਕੀ ਨਾਲ ਸਰੀਰਕ ਸਬੰਧ ਨੂੰ ਬਲਾਤਕਾਰ ਦੀ ਸ਼੍ਰੇਣੀ ਵਿੱਚ ਰੱਖਣਾ ਅਤੇ ਚੌਥਾ ਹਰੇਕ ਲੇਖਕ ਨੂੰ ਆਪਣੇ ਵਿਚਾਰ ਰੱਖਣ ਦਾ ਬੁਨਿਆਦੀ ਹੱਕ ਹੈ।

ਨਿੱਜਤਾ ਨੂੰ ਮੁੱਢਲਾ ਅਧਿਕਾਰ ਮੰਨਣ ਵਿਚ ਇਨਕਾਰੀ ਹੋਈ ਮੌਜੂਦਾ ਸਰਕਾਰ ਨੇ ਆਖ਼ਿਰ ਨਿੱਜਤਾ ਦੇ ਅਧਿਕਾਰ ਨੂੰ ਮੁੱਢਲੇ ਅਧਿਕਾਰ ਵਜੋਂ ਪ੍ਰਵਾਨ ਕਰ ਲਿਆ। ਤਿੰਨ ਤਲਾਕ ਦੇ ਮੁੱਦੇ ਦਾ ਸਰਕਾਰ ਅਤੇ ਬਹੁਗਿਣਤੀ ਨੇਤਾਵਾਂ ਨੇ ਖੁਲ੍ਹੇ ਮਨ ਨਾਲ ਸਵਾਗਤ ਕੀਤਾ ਪਰ ਦੇਸ਼ ਦੇ ਲਗਭਗ ਸਾਰੇ ਸਿਆਸੀ ਨੇਤਾਵਾਂ ਨੇ ਸ਼ਾਦੀਸ਼ੁਦਾ ਨਾਬਾਲਿਗ ਲੜਕੀ ਨਾਲ ਸਰੀਰਕ ਸਬੰਧਾਂ ਦੇ ਮੁੱਦੇ ਨੂੰ ਗਰਮਜੋਸ਼ੀ ਨਾਲ ਤਾਂ ਕੀ ਨਰਮਜੋਸ਼ੀ ਨਾਲ ਵੀ ਜੀਅ ਆਇਆ ਨਹੀਂ ਕਿਹਾ ਕਿਉਂਕਿ ਇਹ ਮੁੱਦਾ ਉਨ੍ਹਾਂ ਨੂੰ ਜਨਤਾ ਦੀਆਂ ਵੋਟਾਂ ਲੈਣ ਵਾਲਾ ਪ੍ਰਤੀਤ ਨਹੀਂ ਹੋਇਆ। ਚੌਥੇ ਫੈਸਲੇ ਉਤੇ ਤਾਂ ਸਰਕਾਰ ਨੇ ਬੋਲਣਾ ਹੀ ਕੁਝ ਨਹੀਂ ਸੀ, ਕਿਉਂਕਿ ਵਿਚਾਰਾਂ ਦੀ ਆਜ਼ਾਦੀ ਉਤੇ ਥਾਂ-ਥਾਂ ਹਮਲੇ ਹੁੰਦੇ ਹਨ ਅਤੇ ਸਰਕਾਰ ਮੂੰਹ ਸੀਤੀ ਰੱਖਦੀ ਹੈ।

ਔਰਤ ਸਮਾਜ ਲਈ ਬਾਲ ਵਿਆਹ ਪੀੜਾ ਦਾਇਕ ਹੈ। ਬਾਲ ਵਿਆਹ ਕਾਰਨ ਲੜਕੀ ਨੂੰ ਮਾਨਸਿਕ ਅਤੇ ਸਰੀਰਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਔਰਤਾਂ ਦੀ ਇਸ ਤੋਂ ਵੱਡੀ ਵਿੰਡਬਨਾ ਕਿਹੜੀ ਹੋ ਸਕਦੀ ਹੈ ਕਿ ਆਜ਼ਾਦੀ ਦੇ ਸੱਤ ਦਹਾਕਿਆਂ ਬਾਅਦ ਵੀ ਉਨ੍ਹਾਂ ਦੇ ਬੁਨਿਆਦੀ ਹੱਕਾਂ ਲਈ ਦੇਸ਼ ਦੀ ਸਰਵਉੱਚ ਅਦਾਲਤ ਨੂੰ ਦਖ਼ਲ ਦੇਣਾ ਪਿਆ ਹੈ।

ਬਾਲ ਵਿਆਹ ਦੇ ਬਾਅਦ ਬਹੁਤੀਆਂ ਲੜਕੀਆਂ ਨੂੰ ਗੁਲਾਮਾਂ ਜਿਹਾ ਜੀਵਨ ਜੀਊਣਾ ਪੈਂਦਾ ਹੈ। ਭਾਰਤ ਵਿੱਚ ਦੇਸ਼ ਦੀਆਂ ਹੋਰ ਕੁਰੀਤੀਆਂ ਵਾਂਗਰ ਬਾਲ ਵਿਆਹ ਵੱਡੀ ਕੁਰੀਤੀ ਹੈ, ਜਿਸ ਦਾ ਕਾਰਨ ਅਨਪੜ੍ਹਤਾ ਅਤੇ ਗਰੀਬੀ ਹੈ। ਇਸ ਸਮੇਂ ਦੇਸ਼ ਵਿੱਚ ਪ੍ਰਾਪਤ ਅੰਕੜਿਆਂ ਅਨੁਸਾਰ ਦੇਸ਼ ਦੀਆਂ ਲਗਭਗ 43 ਫੀਸਦੀ ਲੜਕੀਆਂ ਦੀ ਸ਼ਾਦੀ 18 ਸਾਲ ਦੀ ਉਮਰ ਤੋਂ ਪਹਿਲਾਂ ਹੋ ਜਾਂਦੀ ਹੈ। ਇਨ੍ਹਾਂ ਬਾਲ ਵਿਆਹਾਂ ਵਿਚੋਂ ਵੱਡਾ ਹਿੱਸਾ ਉਨ੍ਹਾਂ ਲੜਕੀਆਂ ਦਾ ਹੈ, ਜਿਨ੍ਹਾਂ ਦਾ ਵਿਆਹ 15 ਸਾਲ ਦੀ ਉਮਰ ਵਿੱਚ ਹੀ ਕਰ ਦਿੱਤਾ ਜਾਂਦਾ ਹੈ। ਰਾਜਸਥਾਨ, ਮਹਾਂਰਾਸ਼ਟਰ, ਮੱਧ ਪ੍ਰਦੇਸ਼ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿੱਚ ਅੱਜ ਵੀ ਅਕਸ਼ੈ ਤੀਜ ਦੇ ਮੌਕੇ ਉਤੇ ਬਾਲ ਵਿਆਹ ਦੀ ਪਰੰਪਰਾ ਨਿਭਾਈ ਜਾਂਦੀ ਹੈ ਪਰ ਬਾਲ ਵਿਆਹਾਂ ਨੂੰ ਰੋਕਣ ਲਈ ਜਾਗਰੂਕ ਸਮਾਜ ਦਾ ਵੱਡਾ ਹਿੱਸਾ ਅੱਜ ਵੀ ਅਵੇਸਲਾ ਦਿਸਦਾ ਹੈ। ਸਰਕਾਰਾਂ ਬਾਲ ਵਿਆਹ ਸਬੰਧੀ ਬਣਾਏ ਕਾਨੂੰਨ ਦੇ ਬਾਵਜੂਦ ਇਸ ਭੈੜੀ ਰੀਤ ਨੂੰ ਰੋਕਣ ਵਿਚ ਅਸਮਰੱਥ ਦਿਖਾਈ ਦਿੰਦੀਆਂ ਹਨ। ਤਦੇ ਸੁਪਰੀਮ ਕੋਰਟ ਨੇ ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਨੂੰ ਕਿਹਾ ਹੈ ਕਿ ਉਹ ਬਾਲ ਵਿਆਹਾਂ ਨੂੰ ਰੋਕਣ ਦੀ ਦਿਸ਼ਾ ਵਿਚ ਤੇਜ਼ੀ ਨਾਲ ਅਤੇ ਦ੍ਰਿੜਤਾ ਨਾਲ ਕਦਮ ਉਠਾਉਣ।

ਸਰਕਾਰਾਂ ਦੀ ਇਹ ਅਸੰਵੇਦਨਸ਼ੀਲਤਾ ਹੀ ਕਹੀ ਜਾ ਸਕਦੀ ਹੈ ਕਿ ਪਰੰਪਰਾ ਦੇ ਬਹਾਨੇ ਇਸ ਸਮਾਜਿਕ ਬੁਰਾਈ ਨੂੰ ਰੋਕਣ ਲਈ ਕੋਈ ਹਿੰਮਤ ਨਹੀਂ ਦਿਖਾਈ। ਇਹ ਸਰਕਾਰ ਭਾਵੇਂ ਯੂ.ਪੀ.ਏ. ਸਰਕਾਰ ਸੀ ਜਾਂ ਐਨ. ਡੀ.ਏ. ਦੀ ਸਰਕਾਰ, ਦੋਹਾਂ ਸਰਕਾਰਾਂ ਦੀ ਮੌਲਿਕ ਸੋਚ ਵਿੱਚ ਬਾਲ ਵਿਆਹਾਂ ਸਬੰਧੀ ਕੋਈ ਫਰਕ ਦੇਖਣ ਨੂੰ ਨਹੀਂ ਮਿਲਿਆ। ਮੌਜੂਦਾ ਹਾਕਮਾਂ ਨੇ ਅਦਾਲਤ ਵਿੱਚ ਇਹ ਦਲੀਲ ਦਿੱਤੀ ਕਿ ਬਾਲ ਵਿਆਹ ਪਰੰਪਰਾ ਸਦੀਆਂ ਤੋਂ ਚਲੀ ਆ ਰਹੀ ਹੈ ਇਸ ਲਈ ਸੰਸਦ ਵੀ ਇਸ ਨੂੰ ਪ੍ਰਵਾਨਤ ਕਰਦੀ ਹੈ। ਪਰ ਇਸ ਤੋਂ ਵੱਡੀ ਹਾਸੋਹੀਣੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਪਰੰਪਰਾ ਦੀ ਦਲੀਲ ਉਹੀ ਸਰਕਾਰ ਅਦਾਲਤ ਵਿੱਚ ਦੇ ਰਹੀ ਹੈ, ਜਿਸ ਨੇ ਕੁਝ ਸਮਾਂ ਪਹਿਲਾਂ ਮੁਸਲਿਮ ਧਰਮ ਵਿੱਚ ਚਾਲੂ ਤਿੰਨ ਤਲਾਕ ਦੀ ਗਲਤ ਪਰੰਪਰਾ ਨੂੰ ਖਤਮ ਕਰਨ ਲਈ ਅਦਾਲਤ ਵਿੱਚ ਪੂਰਾ ਟਿੱਲ ਲਗਾ ਦਿੱਤਾ। ਅਸਲ ਵਿੱਚ ਹਾਕਮਾਂ ਵਲੋਂ ਜਦੋਂ ਅਧਿਕਾਰਾਂ ਅਤੇ ਸਮਾਜਿਕ ਬੁਰਾਈਆਂ ਨੂੰ ਧਰਮ ਦੀ ਐਨਕ ਨਾਲ ਵੇਖਿਆ ਜਾਂਦਾ ਹੈ ਤਾਂ ਧਰਮ ਗੁਰੂਆਂ ਦਾ ਵੀ ਉਨ੍ਹਾਂ ਨੂੰ ਸਮਰਥਨ ਮਿਲ ਜਾਂਦਾ ਹੈ। ਮੁਸਲਿਮ ਧਰਮ ਵਾਲੇ ਬਾਲ ਵਿਆਹ ਨੂੰ ਨਿਆਂ ਸੰਗਤ ਮੰਨਦੇ ਹਨ। ਉਨ੍ਹਾਂ ਨੇ ਅਦਾਲਤ ਦੇ ਇਸ ਫੈਸਲੇ ਨੂੰ ਇਸਲਾਮ ਲਈ ਖਤਰਾ ਕਰਾਰ ਦਿੱਤਾ ਹੈ। ਇਸੇ ਤਰ੍ਹਾਂ ਹਿੰਦੂ ਸਮਾਜ ਵਿੱਚ ਇਹ ਮਾਨਤਾ ਹੈ ਕਿ ਬਾਲਿਕਾ ਦੀ ਮਹਾਵਾਰੀ ਆਉਣ ਤੋਂ ਪਹਿਲਾਂ ਜੇਕਰ ਕੰਨਿਆ ਦਾਨ ਕਰ ਦਿੱਤਾ ਜਾਵੇ ਤਾਂ ਇਸ ਦਾ ਵੱਡਾ ਪੁੰਨ ਮਿਲਦਾ ਹੈ। ਕੀ ਇਹ ਸਾਰੀਆਂ ਗੱਲਾਂ, ਇਹ ਸਾਰੀਆਂ ਪਰੰਪਰਾਵਾਂ, ਇਹ ਸਾਰੀਆਂ ਸਮਾਜਿਕ ਕੁਰੀਤੀਆਂ ਮਰਦ ਪ੍ਰਧਾਨ ਸਮਾਜ ਦੀ ਔਰਤ ਵਿਰੋਧੀ ਸੋਚ ਦਾ ਨਤੀਜਾ ਨਹੀਂ ਔਰਤਾਂ ਦੇ ਮਰਦਾਂ ਦੀ ਮੌਤ ਵੇਲੇ ਸਤੀ ਹੋਣ ਦੀ ਰਸਮ ਵਾਂਗਰ?

ਬਾਲ ਵਿਆਹ ਨੂੰ ਰੋਕਣ ਲਈ ਦੇਸ਼ ਵਿੱਚ ਬਹੁਤ ਸਾਰੇ ਕਨੂੰਨ ਬਣੇ। ਬ੍ਰਿਟਿਸ਼ ਰਾਜ ਵੇਲੇ ਪਹਿਲਾ ਕਾਨੂੰਨ 1929 ਵਿੱਚ ਬਣਿਆ। ਇਸ ਕਾਨੂੰਨ ਵਿੱਚ ਸਮੇਂ-ਸਮੇਂ ਸੋਧਾਂ ਹੋਈਆਂ। ਬਾਲ ਵਿਆਹ ਰੋਕੂ ਕਾਨੂੰਨ ਅਤੇ ਹਿੰਦੂ ਮੈਰਿਜ ਐਕਟ ਅਨੁਸਾਰ ਲੜਕੀ ਦੀ ਵਿਆਹ ਦੀ ਉਮਰ 18 ਸਾਲ ਅਤੇ ਲੜਕੇ ਦੀ ਉਮਰ 21 ਸਾਲ ਮਿਥੀ ਗਈ। ਪਰ 2011 ਦੀ ਮਰਦਮਸ਼ੁਮਾਰੀ ਵਿਚ ਇਹ ਤੱਥ ਸਾਹਮਣੇ ਆਏ ਕਿ ਜਿੰਨੀਆਂ ਵੀ ਸ਼ਾਦੀਆਂ 2001 ਤੋਂ 1011 ਦੇ ਦਰਮਿਆਨ ਹੋਈਆਂ, ਉਸ ਵਿਚੋਂ ਹਰ ਪੰਜਵੀਂ ਸ਼ਾਦੀ ਗੈਰ ਕਾਨੂੰਨੀ ਸੀ ਕਿਉਂਕਿ ਸ਼ਾਦੀ ਕਰਨ ਵਾਲੀਆਂ ਲੜਕੀਆਂ ਦੀ ਉਮਰ 18 ਸਾਲ ਤੋਂ ਘੱਟ ਸੀ। ਇਹ ਤੱਥ ਨੈਸ਼ਨਲ ਫੈਮਿਲੀ ਹੈਲਥ ਸਰਵੇ ਨੇ ਵੀ ਉਜਾਗਰ ਕੀਤੇ ਕਿ 26.8 ਫੀਸਦੀ ਔਰਤਾਂ ਦੀ ਸ਼ਾਦੀ 18 ਸਾਲ ਦੀ ਉਮਰ ਤੋਂ ਪਹਿਲਾਂ ਹੋਈ। ਇਹ ਹੈਰਾਨੀਜਨਕ ਤੱਥ ਵੀ ਇਸ ਰਿਪੋਰਟ ਵਿਚ ਸਾਹਮਣੇ ਆਇਆ ਕਿ 8 ਫੀਸਦੀ 15 ਤੋਂ 19 ਸਾਲ ਦੀ ਉਮਰ ਦੀਆਂ ਲੜਕੀਆਂ ਜਾਂ ਤਾਂ ਗਰਭਵਤੀ ਬਣ ਗਈਆਂ ਜਾਂ ਮਾਂ ਬਣ ਗਈਆਂ। ਬਾਲ ਵਿਆਹਾਂ ਬਾਰੇ ਕੇਂਦਰ ਸਰਕਾਰ ਨੇ ਵੀ ਅਦਾਲਤ ਵਿੱਚ ਹਲਫੀਆ ਬਿਆਨ ਦਿੱਤਾ ਕਿ 2.3 ਕਰੋੜ ਲੜਕੀਆਂ, ਵਿਆਹ ਦੇ ਬੰਧਨ ਵਿੱਚ 18 ਸਾਲ ਦੀ ਉਮਰ ਤੋਂ ਪਹਿਲਾਂ ਹੀ ਬੱਝ ਗਈਆਂ। ਸੰਯੁਕਤ ਰਾਸ਼ਟਰ ਨੇ ਵੀ ਇਨ੍ਹਾਂ ਦਿਨਾਂ ਵਿਚ ਇੱਕ ਰਿਪੋਰਟ ਛਾਇਆ ਕੀਤੀ ਹੈ, ਜਿਸ ਨਾਲ ਭਾਰਤ ਬਾਲ ਵਿਆਹ ਦੇ ਮਾਮਲੇ ਵਿਚ ਦੁਨੀਆ ਭਰ ਵਿਚ ਦੂਜੇ ਸਥਾਨ ਉਤੇ ਹੈ, ਜਿਥੇ ਨਿਰੰਤਰ ਬਾਲ ਵਿਆਹ ਹੁੰਦੇ ਹਨ।

ਬਾਲ ਵਿਆਹਾਂ ਸਬੰਧੀ ਸਰਵਉੱਚ ਅਦਾਲਤ ਦਾ ਫੈਸਲਾ ਦੇਸ਼ ਦੀ ਅੱਧੀ ਆਬਾਦੀ ਦੇ ਹੱਕ ਵਿੱਚ ਹੈ। ਉਹ ਆਬਾਦੀ ਜਿਸਦਾ ਹਰ ਖੇਤਰ ਵਿੱਚ ਲਗਾਤਾਰ ਸ਼ੋਸ਼ਣ ਹੋ ਰਿਹਾ ਹੈ। ਜਿਸ ਨੂੰ ਕੰਮ ਬਦਲੇ ਪੂਰੀ ਤਨਖਾਹ ਨਹੀਂ ਮਿਲਦੀ। ਜਿਸ ਨੂੰ ਜਾਇਦਾਦ ਦੇ ਅਧਿਕਾਰ ਨਹੀਂ ਮਿਲੇ ਹੋਏ। ਜਿਹੜੀ ਬਾਵਜੂਦ ਘਰ ਲਈ ਕੀਤੀ ਵੱਡੀ ਮਿਹਨਤ ਦੇ ਘਰ ਦੀ ਮਾਲਕਣ ਨਹੀਂ ਕਹੀ ਜਾਂਦੀ। ਇਹ ਠੀਕ ਹੈ ਕਿ ਇਸ ਅਦਾਲਤੀ ਫੈਸਲੇ ਨਾਲ ਔਰਤਾਂ ਨੂੰ ਤੁਰੰਤ ਕੋਈ ਲਾਭ ਮਿਲਣ ਵਾਲਾ ਨਹੀਂ ਪਰ ਇਸ ਦੇ ਦੂਰਗਾਮੀ ਸਿੱਟੇ ਨਿਕਲਣਗੇ। ਇਸ ਫੈਸਲੇ ਦੇ ਸਹਾਰੇ ਲੜਕੀ ਆਪਣੇ ਹੱਕਾਂ ਲਈ ਕਾਨੂੰਨੀ ਛਤਰੀ ਪ੍ਰਾਪਤ ਕਰ ਸਕਦੀ ਹੈ। ਛੋਟੀ ਉਮਰ ਵਿਚ ਵਿਆਹੀਆਂ ਲੜਕੀਆਂ ਆਪਣੇ ਪਤੀ ਦੀ ਸਰੀਰਕ ਹਿੰਸਾ ਦਾ ਵਿਰੋਧ ਕਰ ਸਕਣਗੀਆਂ। ਸੰਭਾਵਨਾ ਇਸ ਗੱਲ ਦੀ ਹੈ ਕਿ ਕਈ ਪੀੜਤ ਲੜਕੀਆਂ ਇਨਸਾਫ ਲਈ ਸਾਹਮਣੇ ਪਾਉਣਗੀਆਂ। ਆਮ ਤੌਰ ਤੇ ਬਾਲ ਵਿਆਹ ਜਿਹੇ ਮਾਮਲਿਆਂ ਨੂੰ ਕੋਈ ਬਹੁਤੀ ਤਵੱਜੋ ਨਹੀਂ ਮਿਲਦੀ ਸੀ ਅਤੇ ਮੀਡੀਆ ਵਿਚ ਇਸ ਦੀ ਬਹੁਤੀ ਚਰਚਾ ਵੀ ਨਹੀਂ ਹੁੰਦੀ।

ਦੇਸ਼ ਦਾ ਪੇਂਡੂ ਖਿੱਤਾ ਬਾਲ ਵਿਆਹ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹੈ। ਇਥੇ ਇਸ ਅਦਾਲਤੀ ਫੈਸਲੇ ਸਬੰਧੀ ਜਾਗਰੂਕਤਾ ਲਿਆਉਣ ਨਾਲ ਹੀ ਚੰਗੇ ਸਿੱਟਿਆਂ ਦੀ ਆਸ ਹੋ ਸਕੇਗੀ। ਅਦਾਲਤ ਦਾ ਇਹ ਫੈਸਲਾ ਵਿਆਹ-ਬਲਾਤਕਾਰ ਸਬੰਧੀ ਬਹਿਸ ਉਤੇ ਵੀ ਅਸਰ ਪਾਵੇਗਾ, ਜਿਹੜਾ ਕਿ ਔਰਤਾਂ ਦੇ ਅਧਿਕਾਰਾਂ ਨਾਲ ਜੁੜਿਆ ਹੈ। ਕਿਉਂਕਿ ਆਮ ਤੌਰ 'ਤੇ ਚਰਚਾ ਹੁੰਦੀ ਰਹਿੰਦੀ ਹੈ ਕਿ ਔਰਤਾਂ ਨਾਲ ਉਨ੍ਹਾਂ ਦੇ ਪਤੀ ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਸੰਭੋਗ ਕਰਦੇ ਹਨ, ਅਤੇ ਇਸ ਨੂੰ ਬਲਾਤਕਾਰ ਮੰਨਿਆ ਜਾਣਾ ਚਾਹੀਦਾ ਹੈ ਅਤੇ ਇਹ ਔਰਤਾਂ ਦੇ ਹੱਕਾਂ ਦਾ ਹਨਨ ਹੈ। ਜਿਵੇਂ ਸਰਕਾਰ ਨੇ ਬਾਲ ਵਿਆਹ ਸਬੰਧੀ ਪਰੰਪਰਾ ਦਾ ਢੰਡੋਰਾ ਪਿੱਟਿਆ ਹੈ, ਉਵੇਂ ਹੀ ਵਿਆਹ- ਬਲਾਤਕਾਰ ਦੇ ਮਾਮਲੇ ਦੇ ਹੱਕ ਵਿੱਚ ਵੀ ਅਜੀਬੋ-ਗਰੀਬ ਦਲੀਲਾਂ ਅਦਾਲਤ ਵਿਚ ਪੇਸ਼ ਕੀਤੀਆਂ ਹਨ। ਪਿਛਲੇ ਦਿਨੀਂ ਇੱਕ ਵੱਡੇ ਨੇਤਾ ਨੇ ਤਾਂ ਵਿਆਹ-ਬਲਾਤਕਾਰ ਸਬੰਧੀ ਇੱਕ ਬਿਆਨ ਦਾਗ ਦਿੱਤਾ ਕਿ ਜੇਕਰ ਇਹੋ ਜਿਹਾ ਕੋਈ ਕਾਨੂੰਨ ਬਣਿਆ ਤਾਂ ਜ਼ਿਆਦਾਤਰ ਪਤੀ ਜੇਲ੍ਹ ਦੀ ਹਵਾ ਖਾਣਗੇ। ਇਸ ਬਿਆਨ ਦਾ ਦੂਜਾ ਪਹਿਲੂ ਤਾਂ ਫਿਰ ਸਪਸ਼ਟ ਹੀ ਹੈ ਕਿ ਜ਼ਿਆਦਾਤਰ ਪਤੀ ਆਪਣੀ ਪਤਨੀ ਨਾਲ ਜਬਰਨ ਸਰੀਰਕ ਸਬੰਧ ਬਣਾਉਂਦੇ ਹਨ।

ਸਰਵ ਉੱਚ ਅਦਾਲਤ ਦੇ 2 ਮੈਂਬਰੀ ਬੈਂਚ ਜਿਸ ਵਿੱਚ ਜਸਟਿਸ ਮਦਨ ਬੀ. ਲੋਕੁਰ ਅਤੇ ਜਸਟਿਸ ਦੀਪਕ ਗੁਪਤਾ ਸ਼ਾਮਲ ਹਨ, ਨੇ ਫੈਸਲਾ ਸੁਣਾਉਂਦੇ ਕਿਹਾ ਹੈ ਕਿ ਮੌਜੂਦਾ ਬਲਾਤਕਾਰ ਸਬੰਧੀ ਕਾਨੂੰਨ ਵਿੱਚ ਵਿਰੋਧਤਾਵਾਂ ਹਨ। ਔਰਤਾਂ ਦੇ ਅਧਿਕਾਰਾਂ ਨਾਲ ਜੁੜੇ ਦੂਸਰੇ ਕਾਨੂੰਨਾਂ ਵਿੱਚ ਵੀ ਨਾਬਾਲਿਗ ਲੜਕੀਆਂ ਦੇ ਆਪਣੇ ਸੰਪੂਰਨ ਅਧਿਕਾਰ ਅਤੇ ਸਵੈ-ਨਿਰਣੇ ਦੇ ਅਧਿਕਾਰਾਂ ਦੀ ਉਲੰਘਣਾ ਹੈ। ਦਰਅਸਲ ਇਸ ਮਾਮਲੇ ਵਿੱਚ ਹੁਣ ਤੱਕ ਤਿੰਨ ਵੱਖੋ-ਵੱਖਰੇ ਕਾਨੂੰਨਾਂ ਵਿੱਚ ਵੀ ਤਰੁੱਟੀਆਂ ਸਨ, ਜਿਨ੍ਹਾਂ ਦੀ ਸਪਸ਼ਟਤਾ ਜ਼ਰੂਰੀ ਸੀ। ਚਾਰ ਸਾਲ ਪਹਿਲਾਂ ਗਠਿਤ ਜਸਟਿਸ ਜੀ.ਐਸ. ਵਰਮਾ ਕਮੇਟੀ ਦੀ ਰਿਪੋਰਟ ਵਿੱਚ ਬਲਾਤਕਾਰ ਅਤੇ ਯੌਨ-ਸ਼ੋਸ਼ਣ ਨਾਲ ਜੁੜੇ ਕਨੂੰਨਾਂ ਨੂੰ ਚੰਗੇਰਾ ਬਣਾਉਣ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ ਸੀ। ਉਸ ਸਮੇਂ ਕਮੇਟੀ ਨੇ ਆਪਣੀਆਂ ਸਿਫਾਰਸ਼ਾਂ ਵਿੱਚ ਵੱਖੋ-ਵੱਖਰੇ ਔਰਤਾਂ ਦੇ ਸੰਗਠਨਾਂ ਦੀ ਰਾਏ ਨੂੰ ਕਾਫੀ ਮਹੱਤਵ ਦਿੱਤਾ ਸੀ, ਪਰ ਸਰਕਾਰ ਨੇ ਉਨ੍ਹਾਂ ਪ੍ਰਤੀ ਕੋਈ ਖਾਸ ਧਿਆਨ ਨਹੀਂ ਦਿੱਤਾ। ਬਾਲ ਵਿਆਹ ਸਬੰਧੀ ਸਰਵ ਉਚ ਅਦਾਲਤ ਨੇ ਆਪਣੇ ਫੈਸਲੇ ਵਿਚ ਇਹ ਕਹਿ ਕੇ ਸਭ ਕੁਝ ਸਪਸ਼ਟ ਕਰ ਦਿੱਤਾ ਕਿ ਬਾਲ ਵਿਆਹਾਂ ਨੂੰ ਇਸ ਕਰਕੇ ਹੀ ਸਹੀ ਨਹੀਂ ਮੰਨਿਆ ਜਾ ਸਕਦਾ ਕਿ ਇਹ ਧਰਤੀ ਦੀ ਪਰੰਪਰਾ ਹੈ ਅਤੇ ਬਾਲ ਵਿਆਹ ਸਦੀਆਂ ਤੋਂ ਚੱਲੇ ਆ ਰਹੇ ਹਨ। ਅਦਾਲਤ ਦਾ ਇਹ ਕਹਿਣਾ ਹੈ ਕਿ ਬਾਲ ਵਿਆਹ ਗੈਰ ਕਾਨੂੰਨੀ ਹੈ ਅਤੇ 18 ਸਾਲ ਤੋਂ ਘੱਟ ਦੀ ਲੜਕੀ ਨਾਲ ਉਸ ਦੇ ਪਤੀ ਵਲੋਂ ਸਰੀਰਕ ਸਬੰਧ ਬਣਾਉਣਾ ਜ਼ਬਰਦਸਤੀ ਹੈ ਅਤੇ ਬਲਾਤਕਾਰ ਹੈ। ਅਤੇ ਬੱਚੀਆਂ ਦੇ ਮੁੱਢਲੇ ਅਧਿਕਾਰਾਂ ਦੀ ਉਲੰਘਣਾ ਹੈ।

ਜਦੋਂ ਤੱਕ ਸਰਕਾਰ, ਵੋਟ ਦੀ ਰਾਜਨੀਤੀ ਤੋਂ ਉਪਰ ਉੱਠ ਕੇ, ਬਣਾਏ ਹੋਏ ਕਨੂੰਨਾਂ ਨੂੰ ਲਾਗੂ ਕਰਨ ਪ੍ਰਤੀ ਸੰਜੀਦਾ ਨਹੀਂ ਹੁੰਦੀ, ਉਦੋਂ ਤੱਕ ਔਰਤਾਂ ਦੇ ਅਧਿਕਾਰਾਂ ਦਾ ਹਨਨ ਹੁੰਦਾ ਰਹੇਗਾ। ਲੋੜ ਤਾਂ ਔਰਤਾਂ ਦੇ ਅਧਿਕਾਰਾਂ ਨਾਲ ਜੁੜੇ ਅਹਿਮ ਮਸਲਿਆਂ ਨੂੰ ਹੱਲ ਕਰਨ ਦੀ ਹੈ ਤਾਂ ਕਿ ਦੇਸ਼ ਦਾ ਅੱਧ ਸਮਝੀ ਜਾਂਦੀ ਮਹੱਤਵਪੂਰਨ ਅਬਾਦੀ, ਸਦੀਆਂ ਪੁਰਾਣੀਆਂ ਭੈੜੀਆਂ ਰਵਾਇਤਾਂ, ਪਰੰਪਰਾਵਾਂ ਤੋਂ ਛੁਟਕਾਰਾ ਪ੍ਰਾਪਤ ਕਰਕੇ ਸੌਖਾ ਜੀਵਨ ਜੀਉਣ ਵੱਲ ਅੱਗੇ ਕਦਮ ਵਧਾ ਸਕੇ।


TRANS-ALLIANCE
TOGETHER WE SAVE
SAVE 10¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO
Stopping Centers
TA
TravelCenters of America
Love's
Travel Stops & Country Stores

**Bride WANTED**

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

**Office for Lease in Union City, CA**



Nice clean office

1200 to 1500 Sq feet in the business area of Union City. Best for Trucking company if extra warehouse needed.

Call at:

510-875-3279

**For Classified Contact**

**510.240.5949**

## ਨਸ਼ਿਆਂ ਦੇ ਮਾਮਲੇ 'ਚ ਭਗੌੜੇ ਪਰਵਾਸੀਆਂ ਦੀ ਸਪੁਰਦਗੀ ਲਈ ਕੈਪਟਨ ਨੇ ਕੇਂਦਰ ਸਰਕਾਰ ਨੂੰ ਕੀਤੀ ਅਪੀਲ

ਹੁਸ਼ਿਆਰਪੁਰ ਤੇ ਰਣਜੀਤ ਕੌਰ ਕਾਹਲੋਂ ਵਾਸੀ ਥਾਣਾ ਮਕਸੂਦਾਂ ਜ਼ਿਲ੍ਹਾ ਜਲੰਧਰ ਵਿਰੁੱਧ ਵੀ ਹਵਾਲਗੀ ਦੀ ਅਰਜ਼ੀ ਲਬਿੰਤ ਹੈ।

ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਅਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਭੇਜੇ ਗਏ ਵੱਖ ਵੱਖ ਪੱਤਰਾਂ ਵਿਚ ਮੁੱਖ ਮੰਤਰੀ ਨੇ ਆਖਿਆ ਕਿ ਇਨ੍ਹਾਂ ਕੇਸਾਂ ਵਿੱਚ ਸਪੁਰਦਗੀ ਦੀ ਪ੍ਰਕਿਰਿਆ ਪਿਛਲੇ 3-4 ਸਾਲਾਂ ਤੋਂ ਲਟਕੀ ਪਈ ਹੈ ਜਿਸ ਕਾਰਨ ਇਨ੍ਹਾਂ ਮੁਲਜ਼ਮਾਂ ਨੂੰ ਕਟਹਿਰੇ ਵਿੱਚ ਲਿਆਉਣ ਲਈ ਸਰਕਾਰ ਦੇ ਯਤਨਾਂ ਵਿਚ ਅੜਿੱਕਾ ਪੈ ਰਿਹਾ ਹੈ। ਕੈਪਟਨ ਨੇ ਆਖਿਆ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਨੇ ਨਸ਼ਿਆਂ ਵਿਰੁੱਧ ਲੜਾਈ ਤਹਿਤ ਕੈਨੇਡਾ ਤੋਂ ਇਨ੍ਹਾਂ ਲੋਕਾਂ ਦੀ ਸਪੁਰਦਗੀ ਲਈ ਯਤਨ ਪਹਿਲਾਂ ਹੀ ਆਰੰਭੇ ਹੋਏ ਹਨ ਪਰ ਵੱਖ ਵੱਖ ਪੱਧਰ 'ਤੇ ਇਨ੍ਹਾਂ ਖ਼ਿਲਾਫ਼ ਕੇਸ ਲਟਕੇ ਹੋਣ ਕਾਰਨ ਸਪੁਰਦਗੀ ਦੀ ਕਾਰਵਾਈ ਵਿਚ ਅੜਿੱਕਾ ਪੈ ਰਿਹਾ ਹੈ।

## ਇਸਲਾਮਿਕ ਸਟੇਟ ਦੇ ਅੱਤਵਾਦੀ ਨੇ ਨਿਊਯਾਰਕ 'ਚ ਕਿਰਾਏ ਦੇ ਟਰੱਕ ਨਾਲ 8 ਆਦਮੀ ਦਰੜ ਕੇ ਮਾਰੇ

ਕਿ ਚੈਂਬਰ ਅਤੇ ਵੈਸਟ ਸਟਰੀਟ ਹੈ ਤੇ ਇਸਦੇ ਕੋਲ ਹੀ ਸਕੂਲ ਪੈਂਦਾ ਹੈ। ਘਟਨਾ ਦੇ ਅੰਜਾਂਮ ਦੌਰਾਨ ਅੱਤਵਾਦੀ ਨੇ ਟਰੱਕ ਨੂੰ ਪੂਰੀ ਸਪੀਡ ਚ ਰੱਖਿਆ ਤਾਂ ਜੋ ਵੱਧ ਤੋਂ ਵੱਧ ਜਾਨੀ ਨੁਕਸਾਨ ਹੋ ਸਕੇ। ਘਟਨਾ ਤੋਂ ਬਾਅਦ ਇਸ ਅੱਤਵਾਦੀ ਨੇ "ਅੱਲਾ ਹੂ ਅਕਬਰ" ਦੇ ਨਾਅਰੇ ਵੀ ਲਾਏ।

ਨਿਊਯਾਰਕ ਦੇ ਮੇਅਰ ਬਿੱਲ ਦੇ ਬਲੇਸੀਓ ਨੇ ਪ੍ਰੈਸ ਕਨਫਰੰਸ ਵਿੱਚ ਇਸ ਘਟਨਾ ਤੇ ਅਫਸੋਸ ਕਰਦਿਆਂ "ਅੱਤਵਾਦ ਦਾ ਘਿਨਾਉਣਾ ਵਰਤਾਰਾ" ਕਿਹਾ ਤੇ ਨਾਲ ਹੀ ਉਨਾਂ ਮਾਰੇ ਗਏ ਤੇ ਫੱਟੜ ਹੋਏ ਵਿਆਕਤੀਆਂ ਪ੍ਰਤੀ ਦੁਖ ਪ੍ਰਗਟ ਕੀਤਾ।

ਇਸ ਘਟਨਾ ਦੌਰਾਨ ਦਰਜਨ ਦੇ ਕਰੀਬ ਵਿਆਕਤੀ ਫੱਟੜ ਦੱਸੇ ਜਾਂਦੇ ਹਨ। ਪੁਲੀਸ ਤੇ ਏਜੰਸੀਆਂ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਸੇਫੁਲੋ ਸੈਪੋਵ ਨਾਂ ਦੇ ਵਿਅਕਤੀ ਦਾ ਪਿਛੋਕੜ ਉਜਬੇਕਿਸਤਾਨ ਨਾਲ ਸਬੰਧਤ ਹੈ।

ਦਸਿਆ ਜਾਂਦਾ ਹੈ ਕਿ ਹਮਲਾਵਰ ਕੈਬ ਕੰਪਨੀ ਉਬਰ ਨਾਲ ਕੰਮ ਕਰਦਾ ਸੀ । ਇੱਕ ਬਿਨਾ ਵਰਦੀ ਤੋਂ ਪੁਲੀਸ ਅਫਸਰ ਨੇ ਅੱਤਵਾਦੀ ਦੇ ਗੋਲੀ ਮਾਰ ਕੇ ਇਸ ਟਰੱਕ ਨੂੰ ਰੋਕਿਆ ਤੇ ਕਾਤਲ ਨੂੰ ਜਿੰਦਾ ਫੜ ਲਿਆ ਗਿਆ ਜਿਸ ਦੇ ਕੋਲੋਂ ਦੋ ਹੈਂਡਗੰਨਾਂ ਵੀ ਫੜੀਆਂ ਗਈਆਂ । ਇਸ ਘਟਨਾ ਤੋਂ ਬਾਅਦ ਇਲਾਕੇ ਦੇ ਸਾਰੇ ਸਕੂਲ ਬੰਦ ਕਰ ਦਿੱਤੇ ਗਏ । ਇਸ ਘਟਨਾ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਕਈ ਹੋਰ ਦੇਸ਼ਾਂ ਦੇ ਮੁਖੀਆਂ ਨੇ ਘਟਨਾ ਦੀ ਘੋਰ ਨਿੰਦਾ ਕੀਤੀ ਹੈ।

## ਗੁਰਤਾਗੱਦੀ ਦਿਵਸ ਨੂੰ ਸਮਰਪਿਤ

## 38ਵਾਂ ਨਗਰ ਕੀਰਤਨ 5 ਨਵੰਬਰ ਐਤਵਾਰ ਨੂੰ

ਸ੍ਰੀ ਆਖੰਡ ਪਾਠ ਸਾਹਿਬ 3 ਨਵੰਬਰ ਸ਼ੁਕਰਵਾਰ ਨੂੰ ਪ੍ਰਾਰੰਭ ਹੋਣਗੇ ਜਿਨ੍ਹਾਂ ਦੇ ਭੋਗ 5 ਨਵੰਬਰ ਐਤਵਾਰ ਨੂੰ ਪੈਣਗੇ।

ਉਸਤੋਂ ਪਹਿਲਾਂ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਕੇਹਰ ਸਿੰਘ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਢਾਡੀ ਦੀਵਾਨ 31ਅਕਤੂਬਰ ਮੰਗਲਵਾਰ ਨੂੰ ਸ਼ਾਮੀਂ 6:00 ਵਜੇ ਤੋਂ ਰਾਤ 10:00 ਵਜੇ ਤੱਕ ਸਜਣਗੇ । ਸਮੂਹ ਢਾਡੀ ਸਿੰਘਾਂ ਨੂੰ ਬੇਨਤੀ ਹੈ ਕਿ ਇਸ ਦਿਨ ਹਾਜਰੀ ਲਵਾ ਕੇ ਸੰਗਤ ਕੋਲੋ ਅਸ਼ੀਰਵਾਦ ਪ੍ਰਾਪਤ ਕਰਨ ।

3 ਨਵੰਬਰ ਸ਼ੁਕਰਵਾਰ ਨੂੰ ਲੜੀ ਦਾ ਅਖੀਰਲਾ ਅਖੰਡ ਪਾਠ ਸਾਹਿਬ ਸਮੂਹ ਸਾਧ ਸੰਗਤ ਵੱਲੋਂ ਅਰੰਭ ਹੋਵੇਗਾ ਅਤੇ ਰਾਤ 8:00 ਵਜੇ ਆਤਿਸ਼ਬਾਜੀ ਹੋਵੇਗੀ ਜੀ

4 ਨਵੰਬਰ ਸ਼ਨਿਚਰਵਾਰ ਸਵੇਰੇ 5:00 ਵਜੇ ਅੰਮ੍ਰਿਤ ਸੰਚਾਰ ਅਰੰਭ ਹੋਵੇਗਾ ਅੰਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਕੋਲ ਲਿਖਵਾ ਕੇ ਕੱਕਾਰ ਪ੍ਰਾਪਤ ਸਕਦੀਆ ਹਨ।

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 4 ਨਵੰਬਰ ਸ਼ਨਿਚਰਵਾਰ ਨੂੰ ਸਵੇਰੇ 9:00 ਵਜੇ ਸਮੂਹ ਸਾਧ ਸੰਗਤ ਵਲੋਂ ਹੋਵੇਗੀ।

ਸਵੇਰੇ 11:00 ਵਜੇ ਸਮੂਹ ਸਾਧ ਸੰਗਤ ਵੱਲੋਂ ਪੰਥ ਦੀ ਸਿਰਮੋਰ ਹਸਤੀ ਸ.ਦੀਦਾਰ ਸਿੰਘ ਬੈਂਸ ਦਾ ਗੋਲਡ ਮੈਡਲ (GOLD MEDAL) ਨਾਲ ਸਨਮਾਨ ਕੀਤਾ ਜਾਵੇਗਾ । ਉਸੇ ਦਿਨ ਮੇਨ ਹਾਲ ਵਿੱਚ ਬਾਅਦ ਦੁਪਿਹਰ 1:00 ਵਜੇ ਤੋਂ ਸ਼ਾਮੀਂ 4:00 ਵਜੇ ਤੱਕ ਲੈਕਚਰ ਸ਼ੈਸ਼ਨ ਹੋਵੇਗਾ, ਜਿਸ ਵਿੱਚ ਹੋਰਨਾਂ ਬੁਲਾਰਿਆਂ ਤੋਂ ਇਲਾਵਾ ਵਿਸ਼ੇਸ਼ ਸੱਦੇ ਤੇ ਇੰਡੀਆ ਤੋਂ ਡਾ.ਹਰਸ਼ਿੰਦਰ ਕੌਰ ਅਤੇ ਇੰਗਲੈਂਡ ਤੋਂ ਪਹੁੰਚ ਰਹੇ ਡਾ.ਇਕਤਿਦਾਰ ਕਰਾਮਤ ਚੀਮਾ ਵੀ ਹਿੱਸਾ ਲੈਣਗੇ।

4 ਨਵੰਬਰ ਨੂੰ ਸ਼ਾਮ 6:00 ਵਜੇ ਤੋਂ ਅੱਧੀ ਰਾਤ 1:00 ਵੱਜੇ ਤੱਕ ਰੈਣ ਸਬਾਈ ਕੀਰਤਨ ਦਰਬਾਰ ਹੋਵੇਗਾ ਜਿਸ ਵਿੱਚ ਪ੍ਰਸਿੱਧ ਰਾਗੀ ਜੱਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ ।

5 ਨਵੰਬਰ ਐਤਵਾਰ ਨੂੰ ਸਵੇਰੇ 8:00 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਅਤੇ ਸਵੇਰੇ 10:00 ਵਜੇ 38ਵਾਂ ਨਗਰ ਕੀਰਤਨ ਅਰੰਭ ਹੋਵੇਗਾ ।

ਜਿੰਨ੍ਹਾਂ ਜਥੇਬੰਦੀਆਂ, ਸੰਸਥਾਵਾਂ ਤੇ ਸੱਜਣਾਂ ਨੇ ਨਗਰ ਕੀਰਤਨ ਵਿੱਚ ਆਪਣੇ ਫਲੋਟ ਸ਼ਾਮਿਲ ਕਰਨੇ ਹਨ ਜਾਂ ਹੋਰ ਕਿਸੇ ਵੀ ਕਿਸਮ ਦੀ ਜਾਣਕਾਰੀ ਲੈਣੀ ਹੋਵੇ ਉਹ ਗੁਰੂਘਰ ਦੇ ਹੈੱਡ ਗ੍ਰੰਥੀ ਭਾਈ ਸਾਹਿਬ ਸਿੰਘ ਜੀ (530) 673-9918 ਸ.ਗੁਰਨਾਮ ਸਿੰਘ ਪੰਮਾ ਚੇਅਰਮੈਨ ਨਗਰ ਕੀਰਤਨ ਕਮੇਟੀ (530) 682-6444 ਅਤੇ ਸ.ਬਲਬੀਰ ਸਿੰਘ ਸੋਹਲ ਪ੍ਰਧਾਨ ਗੁਰੂਘਰ (530) 682-9300 ਨਾਲ ਸੰਪਰਕ ਕਰ ਸਕਦੇ ਹਨ।

## ਹਿੰਦੂ ਸੰਘਰਸ਼ ਸੈਨਾ ਦੇ ਆਗੂ ਵਿਪਨ ਸ਼ਰਮਾ ਦੀ ਹੱਤਿਆ ਦੇ ਖ਼ਿਲਾਫ਼ ਹਿੰਦੂ ਸੰਗਠਨਾਂ ਵਜੋਂ ਰੋਸ ਮੁਜ਼ਾਹਰੇ

ਨੌਜਵਾਨ ਅਚਨਚੇਤੀ ਗਲੀ ਵਿਚੋਂ ਨਿਕਲੇ ਅਤੇ ਉਨ੍ਹਾਂ ਉਸ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲੈ ਜਾਇਆ ਗਿਆ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਹ ਇੱਥੇ ਕੇਬਲ ਅਪਰੇਟਰ ਵਜੋਂ ਕੰਮ ਕਰਦਾ ਸੀ ਅਤੇ ਹਿੰਦੂ ਸੰਘਰਸ਼ ਸੈਨਾ ਦਾ ਜ਼ਿਲ੍ਹਾ ਪ੍ਰਧਾਨ ਸੀ। ਉਸ ਵੱਲੋਂ ਇਲਾਕੇ ਵਿੱਚ ਜੈ ਸ਼ੰਕਰ ਵੈਲਫੇਅਰ ਸੁਸਾਇਟੀ ਵੀ ਚਲਾਈ ਜਾ ਰਹੀ ਸੀ, ਜੋ ਲੋੜਵੰਦਾਂ ਲਈ ਲੰਗਰ ਦਾ ਪ੍ਰਬੰਧ ਕਰਦੀ ਹੈ। ਘਟਨਾ ਵਾਲੀ ਥਾਂ ਇਕ ਡੇਅਰੀ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਦਰਜ ਹੋਈ ਫੁਟੇਜ ਵਿੱਚ ਦਿਖਾਈ ਦਿੰਦਾ ਹੈ ਕਿ ਦੋ ਸਿੱਖ ਨੌਜਵਾਨ ਜਿਨ੍ਹਾਂ ਵਿੱਚੋਂ ਇਕ ਨੇ ਮੂੰਹ ਢਕਿਆ ਹੋਇਆ ਹੈ, ਨੇ ਗਲੀ ਵਿੱਚੋਂ ਨਿਕਲਦਿਆਂ ਵਿਪਨ ਅਤੇ ਉਸ ਦੇ ਸਾਥੀਆਂ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਵਿਪਨ ਮੋਟਰਸਾਈਕਲ ਤੋਂ ਡਿੱਗ ਪਿਆ ਅਤੇ ਹਮਲਾਵਰਾਂ ਨੇ ਸਾਰੀਆਂ ਗੋਲੀਆਂ ਉਸ ਦੀ ਛਾਤੀ ਵਿੱਚ ਉਤਾਰ ਦਿੱਤੀਆਂ।

ਪੁਲੀਸ ਕਮਿਸ਼ਨਰ ਐਸ.ਐਸ. ਸ੍ਰੀਵਾਸਤਵ ਨੇ ਦੱਸਿਆ ਕਿ ਇਹ ਚਾਰ ਨੌਜਵਾਨਾਂ ਦਾ ਗੁੱਟ ਸੀ, ਜੋ ਦੋ ਮੋਟਰਸਾਈਕਲਾਂ 'ਤੇ ਸਵਾਰ ਸਨ। ਉਨ੍ਹਾਂ ਦੇ ਦੋ ਸਾਥੀ ਬਾਹਰ ਬਟਾਲਾ ਰੋਡ ਮੁੱਖ ਸੜਕ 'ਤੇ ਖੜ੍ਹੇ ਸਨ। ਘਟਨਾ ਦੇ ਗਵਾਹ ਸਨੀ ਨੇ ਦੱਸਿਆ ਕਿ ਉਸ ਨੂੰ ਵਿਪਨ ਨੇ ਸੱਦਿਆ ਸੀ ਤਾਂ ਜੋ ਉਸ ਨੂੰ ਘਰ ਲੈ ਜਾਵਾਂ। ਘਟਨਾ ਵੇਲੇ ਵਿਪਨ ਆਪਣੇ ਇਕ ਹੋਰ ਸਾਥੀ ਰਾਜੂ ਨਾਲ ਗੱਲ ਕਰ ਰਿਹਾ ਸੀ, ਜਦੋਂ ਕਿ ਉਹ ਮੋਟਰਸਾਈਕਲ 'ਤੇ ਬੈਠਾ ਸੀ। ਇਸ ਦੌਰਾਨ ਦੋਵੇਂ ਹਮਲਾਵਰ ਆਏ ਤੇ ਉਨ੍ਹਾਂ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਸਨੀ ਦੇ ਪੈਰ 'ਤੇ ਗੋਲੀ ਮਾਰੀ ਤੇ ਉਹ ਮੋਟਰਸਾਈਕਲ ਸੁੱਟ ਕੇ ਭੱਜ ਗਿਆ। ਜਦੋਂ ਕਿ ਰਾਜੂ ਵੀ ਮੌਕੇ ਤੋਂ ਭੱਜ ਗਿਆ। ਇਸ ਦੌਰਾਨ ਵਿਪਨ ਡਿੱਗ ਪਿਆ ਅਤੇ ਹਮਲਾਵਰਾਂ ਨੇ ਉਸ ਕੋਲ ਖੜ੍ਹੇ ਹੋ ਕੇ ਲਗਪਗ 12 ਤੋਂ 14 ਗੋਲੀਆਂ ਉਸ ਦੀ ਛਾਤੀ, ਢਿੱਡ ਤੇ ਮੂੰਹ 'ਤੇ ਚਲਾਈਆਂ, ਜਿਸ ਕਾਰਨ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ।

### ਪੂਰੇ ਇਲਾਕੇ 'ਚ ਤਣਾਅ

ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਤਣਾਅ ਵਾਲਾ ਮਾਹੌਲ ਬਣਿਆ ਹੋਇਆ ਸੀ। ਪੁਲੀਸ ਦੇ ਡਾਇਰੈਕਟਰ ਜਨਰਲ (ਲਾਅ ਐਂਡ ਆਰਡਰ) ਐਚ. ਐਸ. ਢਿੱਲੋਂ ਨੇ ਸ਼ਹਿਰ ਦਾ ਦੌਰਾ ਕਰਦਿਆਂ ਘਟਨਾ ਦੀ ਜਾਂਚ ਸਬੰਧੀ ਪੁਲੀਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਹੈ। ਉਨ੍ਹਾਂ ਜਾਂਚ ਲਈ ਵਿਸ਼ੇਸ਼ ਟੀਮ ਬਣਾਈ ਹੈ, ਜਿਸ ਦੀ ਅਗਵਾਈ ਪੁਲੀਸ ਦੇ ਡਿਪਟੀ ਕਮਿਸ਼ਨਰ (ਜਾਂਚ) ਜਗਮੋਹਨ ਸਿੰਘ ਕਰਨਗੇ। ਪੁਲੀਸ ਕਮਿਸ਼ਨਰ ਐਸ.ਐਸ. ਸ੍ਰੀਵਾਸਤਵਾ ਨੇ ਦੱਸਿਆ ਕਿ ਹਮਲਾਵਰਾਂ ਦੀ ਫਿਲਹਾਲ ਗ੍ਰਿਫ਼ਤਾਰੀ ਨਹੀਂ ਹੋ ਸਕੀ ਪਰ ਪੁਲੀਸ ਨੇ ਕੁਝ ਸ਼ੱਕੀ ਵਿਅਕਤੀਆਂ ਨੂੰ ਪੁੱਛ-ਪੜਤਾਲ ਲਈ ਹਿਰਾਸਤ ਵਿੱਚ ਲਿਆ ਹੈ। ਪੁਲੀਸ ਵੱਲੋਂ ਘਟਨਾ ਪਿੱਛੇ ਅਤਿਵਾਦੀਆਂ ਦਾ ਹੱਥ ਹੋਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਗਿਆ ਹੈ। ਨਾਲ ਹੀ ਗੈਂਗਸਟਰਾਂ ਦੀ ਸ਼ਮੂਲੀਅਤ ਨੂੰ ਵੀ ਧਿਆਨ ਵਿੱਚ ਰੱਖਿਆ ਜਾ ਰਿਹਾ ਹੈ।

ਹਿੰਦੂ ਜਥੇਬੰਦੀਆਂ ਵੱਲੋਂ ਇਸ ਹੱਤਿਆ ਖ਼ਿਲਾਫ਼ ਰੋਸ ਵਜੋਂ ਮੰਗਲਵਾਰ ਨੂੰ ਬੰਦ ਦਾ ਸੱਦਾ ਦਿੱਤਾ ਗਿਆ ਸੀ, ਜਿਸ ਨੂੰ ਸ਼ਹਿਰ ਵਿੱਚ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ ਹੈ। ਕਈ ਥਾਵਾਂ 'ਤੇ ਜਬਰੀ ਦੁਕਾਨਾਂ ਬੰਦ ਕਰਾਈਆਂ ਗਈਆਂ। ਪੁਲੀਸ ਵੱਲੋਂ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਟਾਲਣ ਲਈ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਇਸ ਦੌਰਾਨ ਪਰਿਵਾਰਕ ਮੈਂਬਰਾਂ, ਸਮਰਥਕਾਂ ਤੇ ਹਿੰਦੂ ਜਥੇਬੰਦੀਆਂ ਦੇ ਕਾਰਕੁਨਾਂ ਵੱਲੋਂ ਲਾਸ਼ ਨੂੰ ਸੜਕ 'ਤੇ ਰੱਖ ਕੇ ਭੰਡਾਰੀ ਪੁਲ 'ਤੇ ਰੋਸ ਵਿਖਾਵਾ ਕੀਤਾ ਗਿਆ। ਵਿਖਾਵਾਕਾਰੀ ਮੰਗ ਕਰ ਰਹੇ ਸਨ ਕਿ ਸਰਕਾਰ ਪੀੜਤ ਪਰਿਵਾਰ ਨੂੰ ਢੁਕਵਾਂ ਮੁਆਵਜ਼ਾ ਦੇਵੇ ਅਤੇ ਮ੍ਰਿਤਕ ਦੇ ਦੋਵਾਂ ਬੱਚਿਆਂ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਸ਼ਾਮ ਵੇਲੇ ਪੁਲੀਸ ਅਧਿਕਾਰੀਆਂ ਵੱਲੋਂ ਮੰਗਾਂ ਮੰਨੇ ਜਾਣ ਦਾ ਭਰੋਸਾ ਦਿੱਤੇ ਜਾਣ ਮਗਰੋਂ ਲਾਸ਼ ਦਾ ਸਸਕਾਰ ਕੀਤਾ ਗਿਆ। ਇਸ ਦੌਰਾਨ ਵਿਖਾਵਾਕਾਰੀਆਂ ਨੇ ਸੜਕੀ ਤੇ ਰੇਲ ਆਵਾਜਾਈ ਠੱਪ ਕੀਤੀ। ਵਿਖਾਵਾਕਾਰੀਆਂ ਨੇ ਇੱਕ ਰੇਲ 'ਤੇ ਪੱਥਰ ਵੀ ਮਾਰੇ, ਜਿਸ ਨਾਲ ਰੇਲਗੱਡੀ ਦੇ ਸ਼ੀਸ਼ੇ ਟੁੱਟ ਗਏ। ਸੜਕੀ ਆਵਾਜਾਈ ਰੋਕੇ ਜਾਣ ਕਾਰਨ ਸ਼ਹਿਰ ਵਿੱਚ ਵਧੇਰੇ ਇਲਾਕੇ ਵਿੱਚ ਟਰੈਫਿਕ ਦਾ ਮਾੜਾ ਹਾਲ ਰਿਹਾ। ਰੇਲ ਆਵਾਜਾਈ ਪ੍ਰਭਾਵਿਤ ਹੋਣ ਨਾਲ ਯਾਤਰੂਆਂ ਨੂੰ ਪ੍ਰੇਸ਼ਾਨੀ ਹੋਈ।

### ਸੋਸ਼ਲ ਮੀਡੀਆ 'ਤੇ ਗੈਂਗਸਟਰ ਦੀ ਫੋਟੋ ਹੋਈ ਵਾਇਰਲ

ਵਾਇਰਲ ਹੋਈ ਵੀਡਿਓ ਵਿੱਚ ਦਿਖਾਈ ਦੇ ਰਹੀ ਹਮਲਾਵਰ ਦੀ ਫੋਟੋ ਦੇ ਨਾਲ ਹੀ ਅੱਜ ਇੱਕ ਗੈਂਗਸਟਰ ਦੀ ਫੋਟੋ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ। ਇਹ ਫੋਟੋ ਗੈਂਗਸਟਰ ਸਰਾਜ ਸਿੰਘ ਮਿੰਟੂ ਦੀ ਹੈ। ਪੁਲੀਸ ਦੇ ਡਿਪਟੀ ਕਮਿਸ਼ਨਰ ਅਮਰੀਕ ਸਿੰਘ ਪਵਾਰ ਨੇ ਆਖਿਆ ਕਿ ਇਸ ਫੋਟੋ ਨੂੰ ਪ੍ਰਯੋਗਸ਼ਾਲਾ ਵਿੱਚ ਜਾਂਚ ਲਈ ਭੇਜਿਆ ਗਿਆ ਹੈ ਤਾਂ ਜੋ ਹਮਲਾਵਰ ਅਤੇ ਗੈਂਗਸਟਰ ਦੀ ਫੋਟੋ ਦੀ ਵੱਖ-ਵੱਖ ਕੋਨਾਂ ਤੋਂ ਜਾਂਚ ਕੀਤੀ ਜਾ ਸਕੇ। ਪੁਲੀਸ ਸੂਤਰਾਂ ਮੁਤਾਬਕ ਸਰਾਜ ਸਿੰਘ ਭਿੱਖੀਵਿੰਡ ਇਲਾਕੇ ਦਾ ਰਹਿਣ ਵਾਲਾ ਹੈ ਅਤੇ ਗੈਂਗਸਟਰ ਜੱਗੂ ਭਗਵਾਨਪੁਰੀਆ ਤੇ ਬੌਬੀ ਮਲਹੋਤਰਾ ਦਾ ਸਾਥੀ ਹੈ, ਜਿਸ ਨੂੰ ਪੁਲੀਸ ਵੱਲੋਂ ਗ੍ਰਿਫ਼ਤਾਰ ਕਰਨ ਲਈ ਯਤਨ ਜਾਰੀ ਹਨ। ਓਧਰ, ਵਿਪਨ ਕੁਮਾਰ ਦੀ ਪੋਸਟਮਾਰਟਮ ਦੀ ਰਿਪੋਰਟ ਤੋਂ ਖੁਲਾਸਾ ਹੋਇਆ ਹੈ ਕਿ ਉਸ ਨੂੰ ਦਸ ਗੋਲੀਆਂ ਲੱਗੀਆਂ ਸਨ।

## 33 ਸਾਲਾਂ ਬਾਅਦ ਵੀ ਪੀੜਤਾਂ ਨੂੰ ਨਹੀਂ ਬੱਝਦੀ ਇਨਸਾਫ਼ ਦੀ ਕੋਈ ਆਸ

ਤਸਵੀਰਾਂ ਦੀ ਪ੍ਰਦਰਸ਼ਨੀ ਨੂੰ ਵੀ ਕਰਵਾਈ ਗਈ ? ਇਸ ਦੌਰਾਨ ਅਸਿਮਤਾ ਬਸੁ, ਐਮਨੈਸਟੀ ਇੰਟਰਨੈਸ਼ਨਲ ਇੰਡੀਆ ਨੇ ਕਿਹਾ ਕਿ ਇਹ ਸ਼ਰਮਨਾਕ ਹੈ ਕਿ ਹਜ਼ਾਰਾਂ ਪੀੜਤ ਤੇ ਬਚਣ ਵਾਲੇ ਲੋਕ ਅਜੇ ਵੀ ਨਿਆਂ ਦੀ ਉਡੀਕ ਕਰ ਰਹੇ ਹਨ।

ਜੇਕਰ ਸਰਕਾਰ ਕਾਨੂੰਨ ਵਿਵਸਥਾ 'ਚ ਇਨ੍ਹਾਂ ਲੋਕਾਂ ਦੇ ਵਿਸ਼ਵਾਸ ਨੂੰ ਮੁੜ ਜੀਵਤ ਕਰਨਾ ਚਾਹੁੰਦੀ ਹੈ ਤਾਂ ਕਤਲੇਆਮ 'ਚ ਸ਼ਾਮਿਲ ਲੋਕਾਂ ਨੂੰ ਮਿਲੀ ਹਰ ਤਰ੍ਹਾਂ ਦੀ ਸੁਰੱਖਿਆ ਖ਼ਤਮ ਕਰਕੇ ਲੋਕਾਂ ਨੂੰ ਇਨਸਾਫ਼ ਦੇਣਾ ਚਾਹੀਦਾ ਹੈ। ਬੁਲਾਰਿਆਂ ਨੇ ਕਿਹਾ ਕਿ ਫਰਵਰੀ 2015 'ਚ ਕੇਂਦਰੀ ਗ੍ਰਹਿ ਮੰਤਰਾਲੇ ਨੇ 1984 ਦੇ ਸਿੱਖ ਕਤਲੇਆਮ ਦੇ ਸਬੰਧ 'ਚ ਦਿੱਲੀ ਵਿਚ ਦਰਜ ਕੀਤੇ ਅਪਰਾਧਿਕ ਮਾਮਲਿਆਂ ਨੂੰ ਦੁਬਾਰਾ ਜਾਂਚ ਕਰਨ ਲਈ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਦਲ (ਐਸ. ਆਈ. ਟੀ.) ਦਾ ਗਠਨ ਕੀਤਾ ਸੀ। ਇਸ ਦਾ ਬਾਅਦ 'ਚ ਦੋ ਸਾਲ ਦੌਰਾਨ ਤਿੰਨ ਵਾਰ ਵਿਸਥਾਰ ਵੀ ਕੀਤਾ ਗਿਆ ਅਤੇ ਐਸ. ਆਈ.ਟੀ. ਨੇ ਆਖ਼ਰਕਾਰ 2017 'ਚ ਕਿਹਾ ਸੀ ਕਿ ਉਸ ਨੇ 241 ਮਾਮਲੇ ਬੰਦ ਕਰ ਦਿੱਤੇ ਹਨ ਤੇ ਸਿਰਫ਼ 12 ਮਾਮਲਿਆਂ 'ਚ ਦੋਸ਼ ਤੈਅ ਕੀਤੇ ਗਏ ਹਨ ? ਐਮਨੈਸਟੀ ਇੰਟਰਨੈਸ਼ਨਲ ਇੰਡੀਆ ਦੀ ਸੀਨੀਅਰ ਕੈਂਪੇਨਰ ਸਨਮ ਸੁਤਿਰਥ ਵਜ਼ੀਰ ਨੇ ਕਿਹਾ ਕਿ ਜਦੋਂ ਤੱਕ ਦੋਸ਼ੀਆਂ ਨੂੰ ਸਜ਼ਾ ਨਹੀਂ ਦਿੱਤੀ ਜਾਂਦੀ ਉਦੋਂ ਤੱਕ 1984 ਦੇ ਪੀੜਤਾਂ ਲਈ ਰਿਸਦਾ ਦਰਦ ਬੰਦ ਨਹੀਂ ਹੋਵੇਗਾ।

57 ਸਾਲਾ ਦਰਸ਼ਨ ਕੌਰ, ਜਿਸ ਦਾ ਪਤੀ ਕਤਲੇਆਮ 'ਚ ਮਾਰਿਆ ਗਿਆ ਨੇ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਨੂੰ ਦੱਸਿਆ ਕਿ ਉਸ ਨੂੰ ਅਤੀਤ ਨੂੰ ਭੁੱਲਣ ਤੇ ਆਪਣੇ ਭਵਿੱਖ ਦਾ ਨਿਰਮਾਣ ਕਰਨ ਦੀ ਸਲਾਹ ਦਿੱਤੀ ਗਈ ਹੈ। ਉਨ੍ਹਾਂ ਸਵਾਲ ਕਰਦਿਆਂ ਕਿਹਾ ਕਿ ਕੀ ਅਤੀਤ ਨੂੰ ਭੁੱਲਣਾ ਸੰਭਵ ਹੈ? ਇਸ ਮੌਕੇ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਦੇਸ਼ ਤੇ ਦਿੱਲੀ ਸਮੇਤ 84 ਦੇ ਪੀੜਤਾਂ ਨੂੰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ ਅਤੇ ਦੁੱਖ ਦੀ ਗੱਲ ਇਹ ਹੈ ਕਿ ਕਮਿਸ਼ਨ ਬਣੇ, ਕਮੇਟੀਆਂ ਬਣੀਆਂ, ਐਸ.ਆਈ.ਟੀ. ਬਣੀਆਂ ਅੰਤ ਵਿਚ ਕੁਝ ਨਹੀਂ ਨਿਕਲਿਆ। ਉਨ੍ਹਾਂ ਕਿਹਾ ਕਿ ਮੈਂ ਸਮਝਦਾ ਹਾਂ ਕਿ ਇਹ ਜਮਹੂਰੀਅਤ 'ਤੇ ਬਹੁਤ ਵੱਡਾ ਧੱਬਾ ਹੈ। ਇਸ ਮੌਕੇ ਬੁਲਾਰਿਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਫਿਰਕੂ ਹਿੰਸਾ ਦਾ ਅੰਤ ਕਰਨ ਲਈ ਅਜਿਹੇ ਹਾਦਸਿਆਂ ਦਾ ਸ਼ਿਕਾਰ ਲੋਕਾਂ ਦੇ ਪੁਨਰਵਾਸ ਤੇ ਮੁਆਵਜ਼ਾ ਦੇਣ ਅਤੇ ਗਵਾਹ ਸੁਰੱਖਿਆ ਪ੍ਰੋਗਰਾਮਾਂ ਦੇ ਨਾਲ ਹੀ ਪੁਲਿਸ ਸੁਧਾਰਾਂ ਨੂੰ ਲਾਗੂ ਕਰਨ ਲਈ ਸਮਰਥਕ ਕਾਨੂੰਨ ਬਣਾਏ ਜਾਣ।

# Watch Your Favorite Channel
# FREE PREVIEW

jus punjabi




The 1st American-Punjabi Television Channel

WATCH jus punjabi ON CHANNEL 736 ON

dish | sling TELEVISION

for advertisement & more information call: +1-718-752-9290 x 202

www.jusbroadcasting.com



# PANNU'S
## LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

**IMMIGRATION**
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu (Owner)

**VISA IN ONE DAY**

Indian Passport | India Visa in 1 Day | OCI | US Passport

Power of Attorney & Other Services

**510.677.8440**

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)

---

**Serving Around the World Community Since 1994**

We Specialize to Asia, Europe, Middle East, Africa, Australia & etc.

Special fares to :

**SFO TO DEL**
**LAX TO DEL**

SKYWAY TRAVEL — SERVICE — TRUST — DOMESTIC and INTERNATIONAL

Special fares to **Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345

---



# Travel for Less Inc.

SPECIALIZED IN DISCOUNT FARES WORLDWIDE

**INDIA | PAKISTAN | EUROPE**

ASIANA AIRLINES — A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

**Best deals on major airlines like**

ASIANA AIRLINES, CHINA AIRLINES, BRITISH AIRWAYS, CATHAY PACIFIC, virgin atlantic, SINGAPORE AIRLINES, Emirates, ETIHAD AIRWAYS, Lufthansa, QATAR AIRWAYS

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**

32116-Alvarado Blvd. Union City, CA-94587

Email: info@travelforlessinc.com

**CALL 510-791-3300** Book online 24x7 @ www.Letsflyhome.com


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889



ੴ
Happy Gurpurab
SHER®
ATTA
ਧੰਨ ਧੰਨ ਸ਼੍ਰੀ
ਗੁਰੂ ਨਾਨਕ ਦੇਵ ਜੀ ਦੇ
ਅਵਤਾਰ ਪੂਰਬ ਤੇ ਸਮੂਹ ਭਾਈਚਾਰੇ
ਨੂੰ ਲੱਖ ਲੱਖ ਵਧਾਈਆਂ।
Healthy Living Maida Free
SHER®
DURUM ATTA
DESI STYLE
20 lb
9.07 kg
DESI STYLE
www.sherbrarmills.com